


ਦਲਿਤ ਚੇਤਨਾ ਅਤੇ ਮੀਡੀਆ
ਡਾ. ਜੀ. ਸੀ. ਕੌਲ ਦੀ ਮਹਿਮਾਨ ਸੰਪਾਦਕੀ ਲੇਖ ਅੰਦਰ ਦੇਖੋ।

12ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL - 12 ISSUE - 43
January 31, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਫਰੀਡਮ ਫਾਈਟਰ ਬਾਬੂ ਮੰਗੂ ਰਾਮ
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮੁਗੋਵਾਲ 'ਤੇ
ਅਵਤਾਰ ਲੰਗੇਰੀ ਦੀ ਕਵਿਤਾ ਅੰਦਰ ਦੇਖੋ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਜੇਕਰ ਕਾਂਗਰਸ ਇਜਾਜ਼ਤ ਦੇਵੇ ਤਾਂ ਤੁਰੰਤ ਕਰ ਦਿੱਤਾ ਜਾਵੇਗਾ ਯੂਐਸ-ਮੈਕਸੀਕੋ ਬਾਰਡਰ ਬੰਦ- ਜੋ ਬਾਈਡਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ ਜਾਰੀ ਇਕ ਬਿਆਨ ਵਿਚ ਐਲਾਨ ਕੀਤਾ ਹੈ ਕਿ ਜੇਕਰ ਕਾਂਗਰਸ ਤਜਵੀਜ਼ ਨੂੰ ਪ੍ਰਵਾਨਗੀ ਦੇਵੇ ਤਾਂ ਯੂ ਐਸ-ਮੈਕਸੀਕੋ ਬਾਰਡਰ ਬੰਦ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇਗੀ। ਰਾਸ਼ਟਰਪਤੀ ਨੇ ਕਿਹਾ ਕਿ ਸੈਨੇਟ ਵਿਚ ਬਾਰਡਰ ਸੁਰੱਖਿਆ ਸਬੰਧੀ ਉਚਿੱਤ ਸੁਧਾਰਾਂ ਬਾਰੇ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ ਤੇ ਜੇਕਰ ਸੰਸਦ ਮੈਂਬਰ ਬਾਰਡਰ ਸੰਕਟ ਪ੍ਰਤੀ ਗੰਭੀਰ ਹਨ ਤਾਂ ਉਹ ਬਿਨਾਂ ਕਿਸੇ ਪਾਰਟੀਬਾਜੀ ਦੇ ਇਕ ਬਿੱਲ ਉਪਰ ਮੋਹਰ ਲਾ ਦੇਣ ਜੋ ਬਿੱਲ ਉਨਾਂ ਨੂੰ ਬਾਰਡਰ ਬੰਦ ਕਰਨ ਦਾ ਅਧਿਕਾਰ ਦਿੰਦਾ ਹੋਵੇ। ਉਨਾਂ ਕਿਹਾ ਕਿ ਜਿਸ ਦਿਨ ਕਾਂਗਰਸ ਮੈਨੂੰ ਇਹ ਅਧਿਕਾਰ ਦੇ ਦੇਵੇਗੀ ਮੈ ਉਸ ਦਿਨ ਹੀ ਬਿੱਲ ਉਪਰ ਦਸਤਖਤ ਕਰ ਦੇਵਾਂਗਾ ਤੇ ਯੂ ਐਸ ਮੈਕਸੀਕੋ ਬਾਰਡਰ ਬੰਦ ਕਰਨ ਲਈ ਕਾਰਵਾਈ ਸ਼ੁਰੂ ਹੋ ਜਾਵੇਗੀ। ਦੂਸਰੇ ਪਾਸੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਜੋ 2024 ਦੀਆਂ ਚੋਣਾਂ ਵਿਚ ਰਿਪਬਲੀਕਨ ਪਾਰਟੀ ਦੇ ਸੰਭਾਵੀ ਉਮੀਦਵਾਰ ਹਨ, ਨੇ ਬਾਰਡਰ ਸਬੰਧੀ ਤਜਵੀਜ਼ ਦਾ ਆਪਣੇ ਸੋਸ਼ਲ ਮੀਡੀਆ ਵੈਬਸਾਈਟ ਟਰੁੱਥ ਉਪਰ ਪਾਈ ਇਕ ਪੋਸਟ ਵਿਚ ਜਬਰਦਸਤ ਵਿਰੋਧ ਕੀਤਾ ਹੈ। ਉਨਾਂ ਕਿਹਾ ਹੈ 'ਘਟੀਆ ਬਾਰਡਰ ਸਮਝੌਤਾ ਬਾਰਡਰ ਸਮਝੌਤਾ ਨਾ ਹੋਣ ਨਾਲੋਂ ਜਿਆਦਾ ਖਤਰਨਾਕ ਹੈ।' ਪ੍ਰਵਾਸੀਆਂ ਦੀ ਰਿਕਾਰਡ ਆਮਦ ਦਰਮਿਆਨ ਪਿਛਲੇ ਹਫਤੇ ਬਾਈਡਨ ਨੇ ਕਿਹਾ ਸੀ ਕਿ ਬਾਰਡਰ ਸੁਰੱਖਿਅਤ ਨਹੀਂ ਹਨ। ਉਨਾਂ ਨੇ ਸਮੱਸਿਆ ਦੇ ਹੱਲ ਲਈ ਸ਼ਰਨ ਪ੍ਰਣਾਲੀ ਸਬੰਧੀ ਅਹਿਮ ਨੀਤੀਗੱਤ ਤਬਦੀਲੀਆਂ ਦਾ ਸੱਦਾ ਦਿੱਤਾ ਸੀ। ਰਾਜਸੀ ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਟਰੰਪ ਦੇ ਵਿਰੋਧ ਕਾਰਨ ਬਾਈਡਨ ਦੀ ਯੂ ਐਸ-ਮੈਕਸੀਕੋ ਸਰਹੱਦ ਤਜਵੀਜ਼ ਸਿਰੇ ਲੱਗਣ ਦੀ ਕੋਈ ਸੰਭਾਵਨਾ ਨਹੀਂ ਹੈ। ਸੈਨੇਟ ਘੱਟ ਗਿਣਤੀ ਲੀਡਰ ਮਿਚ ਮੈਕੋਨਲ ਨੇ ਹੋਰ ਰਿਪਬਲੀਕਨ ਸੈਨਟ ਮੈਂਬਰਾਂ ਨਾਲ ਨਿੱਜੀ ਗੱਲਬਾਤ ਦੌਰਾਨ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਟਰੰਪ ਦੇ ਵਿਰੋਧ ਕਾਰਨ ਰਿਪਬਲੀਕਨ ਪਾਰਟੀ ਜੱਕੋਤੱਕੀ ਦੀ ਹਾਲਤ ਵਿਚ ਹੈ। ਬਹੁਤ ਸਾਰੇ ਪਾਰਟੀ ਮੈਂਬਰਾਂ ਦਾ ਮੰਨਣਾ ਹੈ ਕਿ ਬਾਰਡਰ ਸਮਝੌਤਾ ਨਾ ਹੋਣ ਦੀ ਹਾਲਤ ਵਿਚ ਬਾਈਡਨ ਦੱਖਣੀ ਬਾਰਡਰ ਰਾਹੀਂ ਪ੍ਰਵਾਸੀਆਂ ਦੀ ਆਮਦ ਰੋਕਣ ਨੂੰ ਲੈ ਕੇ ਜਿੱਤ ਦਾ ਦਾਅਵਾ ਨਹੀਂ ਕਰ ਸਕਣਗੇ।




## ਯੂਜੀਸੀ ਨੇ 'ਡੀ-ਰਿਜ਼ਰਵੇਸ਼ਨ' ਸਬੰਧੀ ਸੇਧਾਂ ਦੇ ਖਰੜੇ ਨੂੰ ਵੈੱਬਸਾਈਟ ਤੋਂ ਹਟਾਇਆ

**ਨਵੀਂ ਦਿੱਲੀ (ਬਿਊਰੋ)–** ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ ਰਾਖਵੀਆਂ ਅਸਾਮੀਆਂ ਲਈ ਰਾਖਵਾਂਕਰਨ ਖ਼ਤਮ ਕਰਨ ਸਬੰਧੀ ਸੇਧਾਂ ਦੇ ਖਰੜੇ ਨੂੰ ਅੱਜ ਆਪਣੀ ਵੈੱਬਸਾਈਟ ਤੋਂ ਹਟਾ ਦਿੱਤਾ ਹੈ। ਯੂਜੀਸੀ ਵੱਲੋਂ ਇਸ ਖਰੜੇ ਵਿਚ ਕਿਹਾ ਗਿਆ ਸੀ ਕਿ ਜੇ ਉੱਚ ਸਿੱਖਿਆ ਸੰਸਥਾਵਾਂ ਦੀਆਂ ਅਸਾਮੀਆਂ ਲਈ ਐੱਸਸੀ, ਐੱਸਟੀ ਤੇ ਓਬੀਸੀ ਉਮੀਦਵਾਰ ਨਹੀਂ ਮਿਲਦੇ ਤਾਂ ਇਨ੍ਹਾਂ ਲਈ ਰਾਖਵੀਆਂ ਅਸਾਮੀਆਂ ਨੂੰ ਅਣਰਾਖਵਾਂ ਕੀਤਾ ਜਾ ਸਕਦਾ ਹੈ। ਯੂਜੀਸੀ ਵੱਲੋਂ ਜਾਰੀ ਇਨ੍ਹਾਂ ਸੇਧਾਂ ਦੇ ਖਰੜੇ ਦਾ ਵਿਰੋਧ ਹੋ ਰਿਹਾ ਸੀ। ਹਾਲਾਂਕਿ, ਯੂਜੀਸੀ ਦੇ ਚੇਅਰਮੈਨ ਐੱਮ। ਜਗਦੀਸ਼ ਕੁਮਾਰ ਨੇ ਕਿਹਾ, "ਸੇਧਾਂ ਨੂੰ ਵੈੱਬਸਾਈਟ ਤੋਂ ਹਟਾ ਦਿੱਤਾ ਗਿਆ ਹੈ ਕਿਉਂਕਿ ਹਿੱਤਧਾਰਕਾਂ ਲਈ ਆਪਣੀ ਪ੍ਰਤੀ-ਕਿਰਿਆ ਦਾਖ਼ਲ ਕਰਵਾਉਣ ਦੀ ਸਮਾਂ-ਸੀਮਾ ਸਮਾਪਤ ਹੋ ਗਈ ਹੈ।" ਇਸ ਤੋਂ ਪਹਿਲਾਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਸਪਸ਼ਟ ਕੀਤਾ ਸੀ ਕਿ ਕੋਈ ਵੀ ਰਾਖਵੀ ਅਸਾਮੀ ਡੀ-ਰਿਜ਼ਰਵ ਨਹੀਂ ਕੀਤੀ ਜਾਵੇਗੀ।




## ਨਿਤੀਸ਼ ਨੇ ਫਿਰ ਮਾਰੀ ਪਲਟੀ, 10 ਫਰਵਰੀ ਨੂੰ ਭਰੋਸੇ ਦਾ ਵੋਟ ਹਾਸਲ ਕਰਨਗੇ

**ਪਟਨਾ (ਬਿਊਰੋ)** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਬਿਹਾਰ ਦੀ ਨਵੀਂ ਐੱਨਡੀਏ ਸਰਕਾਰ 10 ਫਰਵਰੀ ਨੂੰ ਵਿਧਾਨ ਸਭਾ ਵਿਚ ਭਰੋਸੇ ਦਾ ਵੋਟ ਹਾਸਲ ਕਰੇਗੀ। ਬਿਹਾਰ ਸਰਕਾਰ ਨੇ ਇਕ ਨੋਟੀਫਿਕੇਸ਼ਨ ਵਿਚ ਕਿਹਾ ਕਿ ਬਜਟ ਸੈਸ਼ਨ ਦੇ ਪਹਿਲੇ ਦਿਨ ਰਾਜਪਾਲ ਦੇ ਭਾਸ਼ਣ ਮਗਰੋਂ ਸਰਕਾਰ ਭਰੋਸੇ ਦਾ ਵੋਟ ਹਾਸਲ ਕਰੇਗੀ। ਜ਼ਿਕਰਯੋਗ ਹੈ ਕਿ ਜੇਡੀ(ਯੂ) ਪ੍ਰਧਾਨ ਨਿਤੀਸ਼ ਨੇ ਐਤਵਾਰ ਭਾਜਪਾ ਦੇ ਸਮਰਥਨ ਨਾਲ ਰਿਕਾਰਡ ਨੌਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਹਲਫ ਲਿਆ ਸੀ। ਅਗਾਮੀ ਸੈਸ਼ਨ 12 ਦਿਨਾਂ ਦਾ ਹੋਵੇਗਾ ਅਤੇ ਬਜਟ 12 ਫਰਵਰੀ ਨੂੰ ਪੇਸ਼ ਕੀਤਾ ਜਾਵੇਗਾ। ਨਿਤੀਸ਼ ਕੁਮਾਰ ਨੇ ਕਿਹਾ ਕਿ ਉਹ ਹੁਣ ਹਮੇਸ਼ਾ ਲਈ ਕੌਮੀ ਜਮਹੂਰੀ ਗਠਜੋੜ (ਐੱਨਡੀਏ) ਵਿੱਚ ਰਹਿਣਗੇ ਅਤੇ ਆਪਣੇ ਰਾਜ ਦੇ ਲੋਕਾਂ ਲਈ ਕੰਮ ਕਰਦੇ ਰਹਿਣਗੇ। ਜਨਤਾ ਦਲ (ਯੁਨਾਈਟਿਡ) ਦੇ ਸੁਪਰੀਮੋ ਦੀ ਟਿੱਪਣੀ ਬਿਹਾਰ ਵਿੱਚ ਭਾਰਤੀ ਜਨਤਾ ਪਾਰਟੀ ਦੇ ਸਮਰਥਨ ਨਾਲ ਨਵੀਂ ਸਰਕਾਰ ਬਣਾਉਣ ਲਈ ਮਹਾਗਠਬੰਧਨ (ਮਹਾਗਠਜੋੜ) ਅਤੇ ਇੰਡੀਆ ਗਠਜੋੜ ਨੂੰ ਛੱਡਣ ਤੋਂ ਕੁਝ ਦਿਨ ਬਾਅਦ ਆਈ ਹੈ। ਵਿਰੋਧੀ ਧਿਰ ਦੇ ਗਠਜੋੜ ਦੇ ਨਾਂ ਇੰਡੀਆਂ ਬਾਰੇ ਉਨ੍ਹਾਂ ਕਿਹਾ,'ਮੈਂ ਇਡੀਆ ਥਾਂ ਕੋਈ ਹੋਰ ਨਾਂ ਰੱਖਣ ਲਈ ਕਿਹਾ ਸੀ ਪਰ ਉਹ ਪਹਿਲਾਂ ਹੀ ਇਸ ਨੂੰ ਅੰਤਿਮ ਰੂਪ ਦੇ ਚੁੱਕੇ ਸਨ। ਇੰਡੀਆ ਗਠਜੋੜ 'ਚ ਜਿੰਨੇ ਮੂੰਹ ਓਨੀਆਂ ਗੱਲਾਂ ਹਨ। ਅੱਜ ਤੱਕ ਉਨ੍ਹਾਂ ਨੇ ਇਹ ਫੈਸਲਾ ਨਹੀਂ ਕੀਤਾ ਹੈ ਕਿ ਕਿਹੜੀ ਪਾਰਟੀ ਕਿੰਨੀਆਂ ਸੀਟਾਂ 'ਤੇ ਚੋਣ ਲੜੇਗੀ।'






Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥



Sri Guru Ravidass ji was born in 1377, in Kanshi, in India. Sri Guru Ravidass Ji was a great religious and social reformer. Guru Sahib dedicated his whole life for the welfare of the humanity. He preached social harmony and equality among all human beings. His BANI is enshrined in Sri Guru Granth Sahib.

**Sri Guru Ravidass Sabha CA, Pittsburg is celebrating the 647th Parkash Utsav of SATGURU RAVIDASS JI**

## on Sunday, February 25, 2024 at the Temple

**ARAMBH SHRI AKHAND PATH February 23, 2024 (Friday) 10:00 AM**
**PARBHAT PHERI - February 24, 2024 (Saturday) at 7:00 AM.**
**Nishan Sahib Hoisting Ceremony February 24, 2024 (Saturday) at 11:00 AM.**
**(Nishan Sahib Chola Sewa by SANGAT)**
**BHOG SHRI AKHAND PATH February 25, 2024 (Sunday) 10:00 AM,**
**KIRTAN DIWAN - After Bhog Ceremony until 2:00 PM**

Jatha of Giani Balwinder Singh ji, Dhadi Jatha and other Kirtankars will enhance the Kirtan Diwan.

***We need volunteers to help with this event. For STALLS or any SEWA***

***Please contact Vinod Kumar (President) 408- 718-2506, Ramesh Suman (Chairman) 925-366-3618 or Dilbag Singh (Secretary) at 209-834-4641. We need your help and support.***

**www.sriguruaravidasstemple.com**

## Sangat Sewadars

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita Singh |

## ਮਾਣਹਾਨੀ ਦੇ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਦੇਣਾ ਪਵੇਗਾ 83.3 ਮਿਲੀਅਨ ਡਾਲਰ ਦਾ ਮੁਆਵਜ਼ਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਇਕ ਸੰਘੀ ਜਿਊਰੀ ਵੱਲੋਂ ਇਕ ਮਾਣਹਾਨੀ ਮਾਮਲੇ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ 83 ਮਿਲੀਅਨ ਡਾਲਰ ਤੋਂ ਵਧ ਮੁਆਵਜ਼ਾ ਕਾਲਮਨਵੀਸ ਈ ਜੀਨ ਕੈਰੋਲ ਨੂੰ ਦੇਣ ਦੇ ਆਦੇਸ਼ ਜਾਰੀ ਕਰਨ ਦੀ ਖਬਰ ਹੈ। ਜਿਊਰੀ ਨੇ ਕਿਹਾ ਕਿ 2019 ਵਿਚ ਮੈਨਹਟਨ ਡਿਪਾਰਟਮੈਂਟ ਸਟੋਰ ਵਿਚ ਸਰੀਰਕ ਸ਼ੋਸ਼ਣ ਕਰਨ ਦੇ ਕੈਰੋਲ ਵੱਲੋਂ ਲਾਏ ਦੋਸ਼ਾਂ ਤੋਂ ਇਨਕਾਰ ਕਰਕੇ ਸਾਬਕਾ ਰਾਸ਼ਟਰਪਤੀ ਨੇ ਝੂਠੇ ਦੋਸ਼ਾਂ ਦਾ ਸਹਾਰਾ ਲਿਆ ਹੈ ਤੇ ਸਾਬਕਾ ਰਾਸ਼ਟਰਪਤੀ ਨੇ ਸ਼ੋਸਲ ਮੀਡੀਆ ਉਪਰ ਨਿਰੰਤਰ ਕੈਰੋਲ ਨੂੰ ਨਿਸ਼ਾਨਾ ਬਣਾਇਆ ਹੈ। ਸੁਣਵਾਈ ਦੌਰਾਨ ਕੈਰੋਲ ਦੇ ਵਕੀਲਾਂ ਨੇ 9 ਮੈਂਬਰ ਜਿਊਰੀ ਨੂੰ ਕਿਹਾ ਕਿ ਉਹ ਸਾਬਕਾ ਰਾਸ਼ਟਰਪਤੀ ਨੂੰ ਮਿਸਾਲੀ ਵਿੱਤੀ ਸਜ਼ਾ ਦੇਵੇ। ਜਿਊਰੀ ਨੇ ਵਕੀਲਾਂ ਨੂੰ ਨਿਰਾਸ਼ ਨਹੀਂ ਕੀਤਾ ਤੇ 3 ਘੰਟਿਆਂ ਦੀ ਸੁਣਵਾਈ ਉਪਰੰਤ ਸਾਬਕਾ ਰਾਸ਼ਟਰਪਤੀ ਨੂੰ ਆਦੇਸ਼ ਦਿੱਤਾ ਕਿ ਉਹ ਹਰ ਹਾਲਤ ਵਿਚ 83.3 ਮਿਲੀਅਨ ਡਾਲਰ ਕੈਰੋਲ ਨੂੰ ਦੇਵੇ।

ਟਰੰਪ ਜੋ ਫੈਸਲਾ ਸੁਣਾਉਣ ਤੋਂ ਪਹਿਲਾਂ ਹੀ ਮੈਨਹਟਨ ਅਦਾਲਤ ਵਿਚੋਂ ਚਲੇ ਗਏ ਸਨ, ਨੇ ਸ਼ੋਸਲ ਮੀਡਆ ਉਪਰ ਕਿਹਾ ਹੈ ਕਿ ਉਹ ਜਿਊਰੀ ਦੇ ਫੈਸਲੇ ਨੂੰ ਚੁਣੌਤੀ ਦੇਣਗੇ ਕਿਉਂਕਿ ਉਹ ਫੈਸਲੇ ਨਾਲ ਪੂਰੀ ਤਰਾਂ ਅਸਹਿਮਤ ਹਨ। ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਇਹ ਸਾਰਾ ਕੁਝ ਮੈਨੂੰ ਤੇ ਰਿਪਬਲੀਕਨ ਪਾਰਟੀ ਨੂੰ ਰਾਸ਼ਟਰਪਤੀ ਬਾਈਡਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਦਨਾਮ ਕਰਨ ਦੀ ਚਾਲ ਹੈ। ਜਦੋਂ ਫੈਸਲਾ ਸੁਣਾਇਆ ਗਿਆ ਤਾਂ ਕੈਰੋਲ ਅਦਾਲਤ ਵਿਚ ਮੌਜੂਦ ਸੀ। ਉਹ ਮੁਸਕਰਾਈ ਤੇ ਉਸ ਨੇ ਫੈਸਲੇ ਦਾ ਸਵਾਗਤ ਕੀਤਾ। ਉਸ ਨੇ ਕਿਹਾ ਇਹ ਉਸ ਹਰ ਔਰਤ ਦੀ ਜਿੱਤ ਹੈ ਜੋ ਆਪਣੇ ਨਾਲ ਹੋਈ ਵਧੀਕੀ ਵਿਰੁੱਧ ਖੜੀ ਹੋਈ ਹੈ।

## ਸੈਕਰਾਮੈਂਟੋ ਦੇ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ ਦੀ ਬਿਲਡਿੰਗ ਨੂੰ ਧਮਾਕੇ ਕਾਰਨ ਲੱਗੀ ਅੱਗ, ਵੱਖ ਵੱਖ ਪਹਿਲੂਆਂ ਤੋਂ ਜਾਂਚ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਸਾਊਥ ਸੈਕਰਾਮੈਂਟੋ ਦੇ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ ਜੋ ਕਿ ਬ੍ਰੈਡਸ਼ਾਅ ਰੋਡ ਤੇ ਸਥਿਤ ਹੈ ਅੱਜ ਕਰੀਬ 3:30 ਵਜੇ ਗੈਸ ਦਾ ਸਿਲੰਡਰ ਫੱਟਣ ਕਾਰਣ ਹੋਏ ਧਮਾਕੇ ਨਾਲ ਪੁਰਾਣੀ ਇਮਾਰਤ ਨੂੰ ਅੱਗ ਲੱਗ ਗਈ ਤੇ ਨਾਲ ਖੜੀਆਂ ਕਾਰਾਂ ਵੀ ਅੱਗ ਨਾਲ ਸੜ ਗਈਆਂ ।





ਫਾਇਰ ਡਿਪਾਰਟਮੈਂਟ ਨੇ ਅੱਗ ਤੇ ਕਾਬੂ ਪਾਇਆ ਪਰ ਪੁਰਾਣੀ ਬਿਲਡਿੰਗ ਦਾ ਇੱਕ ਹਿੱਸਾ ਸੜ ਚੁੱਕਾ ਹੈ। ਇਹ ਧਮਾਕਾ ਐਨਾ ਜਬਰਦਸਤ ਸੀ ਕਿ ਜਿਸ ਦੀ ਵਾਜ ਦੂਰ ਦੂਰ ਤੱਕ ਸੁਣਾਈ ਦਿੱਤੀ ਇਸ ਹੋਏ ਧਮਾਕੇ ਨੇ ਆਪਣਾ ਆਲਾ ਦੁਆਲਾ ਅੱਗ ਦੀ ਲਪੇਟ ਚ ਲੈ ਲਿਆ। ਜਬਰਦਸਤ ਧਮਾਕੇ ਨਾਲ ਲੱਗੀ ਅੱਗ ਦੀ ਸੈਕਰਾਮੈਂਟੋ ਕੈਲੀਫੋਰਨੀਆ ਦੀਆਂ ਲਾਅ ਇੰਨਫੋਰਸਮੈਂਟ ਏਜੰਸੀਆਂ ਵੱਖ ਵੱਖ ਪਹਿਲੂ ਤੋਂ ਜਾਂਚ ਕਰ ਰਹੀਆਂ ਹਨ ਤੇ ਆਵਾਜਾਈ ਬੰਦ ਹੈ। ਵਰਨਣਯੋਗ ਹੈ ਕਿ ਕੱਲ੍ਹ ਹੀ ਸੈਨ ਫਰਾਂਸਿਸਕੋ ਵਿੱਚ ਸਿੱਖ ਹੋਮਲੈਂਡ ਲਈ ਹੋਏ ਰੈਫਰੈਂਡਮ ਲਈ ਭਾਰੀ ਗਿਣਤੀ ਚ ਸਵਾ ਲੱਖ ਤੋਂ ਉਪਰ ਸਿੱਖਾਂ ਨੇ ਵੋਟਿੰਗ ਕੀਤੀ ਸੀ ਤੇ ਕਰੀਬ 50 ਹਜਾਰ ਲੋਕ ਵੋਟ ਹੀ ਨਹੀਂ ਪਾ ਸਕੇ ਸਨ ਇਸ ਪਹਿਲੂ ਤੋਂ ਵੀ ਪੁਲੀਸ ਜਾਂਚ ਪੜਤਾਲ ਕਰ ਰਹੀ ਸੀ ਕਿਓਂ ਕਿ ਇਸ ਗੁਰੂ ਘਰ ਤੋਂ ਭਾਰੀ ਗਿਣਤੀ ਚ ਸਿੱਖ ਵੋਟਿੰਗ ਲਈ ਗਏ ਸਨ। ਦੂਸਰਾ ਇਹ ਕਿ ਮਾਰਚ ਦੀ 24 ਮਾਰਚ ਨੂੰ ਵਿਸ਼ਾਲ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ ਤੇ ਪਿਛਲੇ ਸਾਲ ਇਸ ਨਗਰ ਕੀਰਤਨ ਗੋਲੀ ਵੀ ਚੱਲੀ ਸੀ। ਇਸ ਹੋਏ ਧਮਾਕੇ ਦੀ ਹੈਲੀਕਾਪਟਰ ਰਾਹੀਂ ਪੁਲਿਸ ਲਗਾਤਾਰ ਨਜਰ ਰੱਖ ਰਹੀ ਸੀ। ਇੱਕ ਵੀਡੀਓ ਵਿੱਚ, ਬ੍ਰੈਡਸ਼ਾਅ ਰੋਡ 'ਤੇ ਗੁਰਦੁਆਰਾ ਸਾਹਿਬ ਦੇ ਮੁੱਖ ਗੇਟ ਤੇ ਇੱਕ ਕਾਰ ਨੂੰ ਅੱਗ ਲੱਗਦੀ ਦਿਖਾਈ ਦਿੱਤੀ ਹੈ ਤੇ ਧਮਾਕਾ ਹੁੰਦਾ ਹੈ। ਗੁਰੂ ਘਰ ਦੇ ਪ੍ਰਬੰਧਕਾਂ ਨੇ ਸੰਗਤਾਂ ਨੂਂ ਅਫਵਾਹਾਂ ਤੋਂ ਬਚਣ ਦੀ ਅਪੀਲ ਕੀਤੀ। ਇਸ ਬਿਲਡਿੰਗ ਵਿੱਚ ਪੰਜਾਬੀ ਸਕੂਲ ਦੇ ਬੱਚੇ ਵੀ ਪੜਦੇ ਹਨ। ਵਾਹਿਗੁਰੂ ਦਾ ਸ਼ੁਕਰ ਹੈ ਕਿ ਅੱਜ ਐਤਵਾਰ ਨਹੀਂ ਸੀ ਤੇ ਗੁਰੂ ਘਰ ਸੰਗਤਾਂ ਵੀ ਨਹੀਂ ਸਨ, ਨਹੀਂ ਤਾਂ ਕਾਫੀ ਜਾਨੀ ਨੁਕਸਾਨ ਹੋਣ ਦਾ ਖਦਸ਼ਾ ਸੀ।

## ਅਮਰੀਕਾ ਵਿਚ ਉਤਰਨ ਸਮੇ ਜਹਾਜ਼ ਨਾਲ ਵਾਪਰਿਆ ਹਾਦਸਾ, 6 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕਾ ਦੇ ਹਵਾਈ ਰਾਜ ਵਿਚ ਕਾਹੂਲੁਈ ਹਵਾਈ ਅੱਡੇ ਉਪਰ ਅਮੈਰੀਕਨ ਏਅਰਲਾਈਨਜ਼ ਦੇ ਇਕ ਜਹਾਜ਼ ਨੂੰ ਉਤਰਦੇ ਸਮੇ ਹਾਦਸਾ ਪੇਸ਼ ਆਉਣ ਦੀ ਰਿਪੋਰਟ ਹੈ।

ਇਸ ਘਟਨਾ ਵਿਚ ਇਕ ਯਾਤਰੀ ਤੇ 5 ਅਮਲੇ ਦੇ ਮੈਂਬਰ ਜਖਮੀ ਹੋ ਗਏ। ਜਹਾਜ਼ ਵਿਚ 165 ਯਾਤਰੀ ਸਵਾਰ ਸਨ ਜਿਨਾਂ ਨੂੰ ਠੀਕ ਠਾਕ ਜਹਾਜ਼ ਵਿਚੋਂ ਕੱਢ ਲਿਆ ਗਿਆ। ਏਅਰਲਾਈਨਜ ਅਨੁਸਾਰ ਅਮੈਰੀਕਨ ਏਅਰਲਾਈਨਜ ਫਲਾਈਟ 271 ਲਾਸ ਏਂਜਲਸ ਤੋ ਹਵਾਈ ਆਈ ਸੀ। ਉਤਰਨ ਸਮੇ ਜਹਾਜ਼ ਵਿਚ ਕੋਈ ਖਰਾਬੀ ਪੈਦਾ ਹੋ ਗਈ। ਜ਼ਖਮੀਆਂ ਨੂੰ ਹਸਪਤਾਲ ਵਿਚ ਡਾਕਟਰੀ ਸਹਾਇਤਾ ਦੇਣ ਉਪਰੰਤ ਛੁੱਟੀ ਦੇ ਦਿੱਤੀ ਗਈ ਹੈ। ਏਅਰਲਾਈਨਜ ਨੇ ਕਿਹਾ ਹੈ ਕਿ ਜਹਾਜ਼ ਦੀ ਜਾਂਚ ਕੀਤੀ ਜਾਵੇਗੀ ਤੇ ਇਸ ਉਪਰੰਤ ਹੀ ਜਹਾਜ਼ ਨੂੰ ਉਡਾਉਣ ਦੀ ਇਜਾਜਤ ਦਿੱਤੀ ਜਾਵੇਗੀ। ਸੰਘੀ ਹਵਾਬਾਜ਼ੀ ਪ੍ਰਸ਼ਾਸਨ ਨੇ ਕਿਹਾ ਹੈ ਕਿ ਉਹ ਘਟਨਾ ਦੀ ਜਾਂਚ ਕਰਨਗੇ।



## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਕੈਲੀਫੋਰਨੀਆ ਦੇ ਫਰੀਮਾਂਟ ਸ਼ਹਿਰ ਦੇ 2 ਸਕੂਲਾਂ ਵਿਚ ਅਗਲੇ ਸੈਸ਼ਨ ਤੋਂ ਪੜਾਈ ਜਾਵੇਗੀ ਹਿੰਦੀ

**ਸੈਕਰਾਮੈਂਟੋ, ਕੈਲੀਫੋਰਨੀਆ–** ਕੈਲਫੋਰਨੀਆ ਦੇ ਫਰੀਮਾਂਟ ਸ਼ਹਿਰ ਦੇ 2 ਪਬਲਿਕ ਸਕੂਲਾਂ ਵਿਚ ਅਗਲੇ ਸੈਸ਼ਨ 2024-25 ਵਿੱਚ ਹਿੰਦੀ ਨੂੰ ਸਿਲੇਬਸ ਵਿਚ ਸ਼ਾਮਿਲ ਕੀਤਾ ਜਾਵੇਗਾ। ਫਰੀਮਾਂਟ ਯੂਨਾਈਟਿਡ ਸਕੂਲ ਡਿਸਟ੍ਰਿਕਟ ਬੋਰਡ ਦੀ ਹੋਈ ਮੀਟਿੰਗ ਵਿਚ 4-1 ਵੋਟਾਂ ਦੇ ਫਰਕ ਨਾਲ ਹਿੰਦੀ ਸਬੰਧੀ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰੀ ਝੰਡੀ ਦਿੱਤੀ। ਫਰੀਮਾਂਟ ਯੂਨਾਈਟਿਡ ਸਕੂਲ ਡਿਸਟ੍ਰਿਕਟ ਬੋਰਡ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਫਰੀਮਾਂਟ ਵਿਚ ਭਾਰੀ ਗਿਣਤੀ ਵਿਚ ਭਾਰਤੀ ਅਮਰੀਕੀ ਭਾਈਚਾਰੇ ਦੇ ਲੋਕ ਰਹਿੰਦੇ ਹਨ ਜਿਸ ਨੂੰ ਵੇਖਦੇ ਹੋਏ ਹੌਰਨਰ ਮਿਡਲ ਸਕੂਲ ਤੇ ਇਰਵਿੰਗਟਨ ਹਾਈ ਸਕੂਲ ਵਿਚ ਹਿੰਦੀ ਨੂੰ ਲਾਗੂ ਕੀਤਾ ਜਾਵੇਗਾ। ਇਨਾਂ ਸਕੂਲਾਂ ਵਿਚ ਭਾਰਤੀ ਅਮਰੀਕੀ ਭਾਈਚਾਰੇ ਦੇ ਬੱਚੇ ਬਹੁਗਿਣਤੀ ਵਿਚ ਹਨ। ਬਿਆਨ ਵਿਚ ਕਿਹਾ ਗਿਆ ਹੈ ਕਿ ਮੀਟਿੰਗ ਵਿਚ ਬੋਰਡ ਦੇ ਮੈਂਬਰਾਂ ਜਿਨਾਂ ਵਿਚ ਵਿਵੇਕ ਪ੍ਰਸਾਦ, ਸ਼ਰੋਨ ਕੋਕੋ, ਲੈਰੀ ਸਵੀਨੀ ਤੇ ਪ੍ਰਧਾਨ ਯਾਜਿੰਗ ਝੰਗ ਸ਼ਾਮਿਲ ਹਨ, ਨੇ ਵਿਦਿਆਰਥੀਆਂ ਦੀ ਭਲਾਈ ਲਈ ਹਿੰਦੀ ਪੜਾਉਣ ਦੀ ਤਜਵੀਜ਼ ਦਾ ਜੋਰਦਾਰ ਸਮਰਥਨ ਕੀਤਾ। ਪ੍ਰੈਸ ਬਿਆਨ ਅਨੁਸਾਰ ਬਹੁਤ ਸਾਰੇ ਪ੍ਰਵਾਰਾਂ ਨੇ ਸਕੂਲ ਡਿਸਟ੍ਰਿਕਟ ਨੂੰ ਆਪਸ਼ਨ ਵਿਸ਼ੇ ਵਜੋਂ ਹਿੰਦੀ ਪੜਾਉਣ ਲਈ ਬੇਨਤੀ ਕੀਤੀ ਸੀ ਜਿਸ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਵਿਵੇਕ ਪ੍ਰਸਾਦ ਨੇ ਹਿੰਦੀ ਸਬੰਧੀ ਪ੍ਰੋਗਰਾਮ ਦੇ ਸਮਰਥਨ ਵਿਚ ਬੋਲਦਿਆਂ ਕਿਹਾ ਕਿ ਹਿੰਦੀ ਭਾਰਤੀ ਅਮਰੀਕੀ ਭਾਈਚਾਰੇ ਲਈ ਵੱਡੀ ਅਹਿਮੀਅਤ ਰਖਦੀ ਹੈ ਇਸ ਲਈ ਮੇਰੇ ਲਈ ਹਿੰਦੀ ਲਾਗੂ ਕਰਨਾ ਮਾਣ ਵਾਲੀ ਗੱਲ ਹੋਵੇਗੀ। ਸ਼ਰੋਨ ਕੋਕੋ ਨੇ ਕਿਹਾ ਕਿ ਜੇਕਰ ਉਕਤ ਸਕੂਲਾਂ ਵਿਚ ਹਿੰਦੀ ਸਬੰਧੀ ਪ੍ਰੋਗਰਾਮ ਸਫਲ ਰਿਹਾ ਤਾਂ ਹੋਰ ਸਕੂਲਾਂ ਵਿਚ ਵੀ ਹਿੰਦੀ ਲਾਗੂ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਇਆ ਜਾਵੇਗਾ। ਲੈਰੀ ਸਵੀਨੀ ਨੇ ਤਜਵੀਜ਼ ਦੇ ਸਮਰਥਨ ਵਿਚ ਬੋਲਦਿਆਂ ਕਿਹਾ ਕਿ ਮੈ ਸਾਰੇ ਹਾਈ ਸਕੂਲਾਂ ਤੇ ਸਾਰੇ ਮਿਡਲ ਸਕੂਲਾਂ ਵਿਚ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਾਂ ਪਖੀ ਪਹੁੰਚ ਰਖਦਾ ਹਾਂ। ਯਾਜਿੰਗ ਝੰਗ ਨੇ ਕਿਹਾ ਕਿ ਅਸੀਂ ਵਿਦਿਆਰਥੀਆਂ ਦੀ ਭਲਾਈ ਲਈ ਬੈਠੇ ਹਾਂ ਤੇ ਜੇਕਰ ਹਿੰਦੀ ਪੜਾਉਣ ਦੀ ਵੱਡੀ ਮੰਗ ਹੈ ਤਾਂ ਅਸੀਂ ਇਸ ਲਈ ਤਿਆਰ ਹਾਂ।

# ਅਮਰੀਕੀ ਸੁਪਰੀਮ ਕੋਰਟ ਨੇ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਦੀ ਮੌਤ ਦੀ ਸਜ਼ਾ ਉਪਰ ਰੋਕ ਲਾਉਣ ਤੋਂ ਕੀਤੀ ਨਾਂਹ




**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੀ ਸੁਪਰੀਮ ਕੋਰਟ ਵੱਲੋਂ ਭਾੜੇ 'ਤੇ ਹੱਤਿਆ ਮਾਮਲੇ ਵਿਚ ਦੋਸ਼ੀ ਕੈਨੇਥ ਸਮਿਥ ਦੀ ਮੌਤ ਦੀ ਸਜ਼ਾ ਦੇ ਅਮਲ ਉਪਰ ਰੋਕ ਲਾਉਣ ਤੋਂ ਨਾਂਹ ਕਰ ਦੇਣ ਦੀ ਖਬਰ ਹੈ ਜਿਸ ਨੂੰ ਅਲਾਬਾਮਾ ਰਾਜ ਵਿਚ ਨਾਈਟਰੋਜਨ ਗੈਸ ਦੀ ਵਰਤੋਂ ਨਾਲ ਫਾਹੇ ਲਾਇਆ ਜਾਣਾ ਹੈ। ਅਲਾਬਾਮਾ ਰਾਜ ਵਿਚ ਨਾਈਟਰੋਜਨ ਗੈਸ ਨਾਲ ਮੌਤ ਦੀ ਸਜ਼ਾ ਉਪਰ ਅਮਲ ਕਰਨ ਦੀ ਵਿਵਸਥਾ ਹੈ ਜਿਸ ਬਾਰੇ ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਢੰਗ ਤਰੀਕੇ ਨਾਲ ਬਹੁਤ ਜਿਆਦਾ ਦਰਦ ਹੋ ਸਕਦਾ ਹੈ। ਸਮਿਥ ਦੀ ਮੌਤ ਦੀ ਸਜ਼ਾ ਉਪਰ ਵੀਰਵਾਰ ਤੋਂ ਬਾਅਦ 30 ਘੰਟਿਆਂ ਦੌਰਾਨ ਅਮਲ ਕੀਤਾ ਜਾਣਾ ਹੈ। 2022 ਵਿਚ ਸਮਿਥ ਨੂੰ ਫਾਂਸੀ ਦੇਣ ਲਈ ਮੌਤ ਦੇ ਵਾਰੰਟਾਂ ਦੇ ਸਮੇ ਤੋਂ ਪਹਿਲਾਂ ਜ਼ਹਿਰ ਦਾ ਟੀਕਾ ਨਹੀਂ ਲਾਇਆ ਜਾ ਸਕਿਆ ਸੀ ਜਿਸ ਕਾਰਨ ਸਜ਼ਾ ਉਪਰ ਅਮਲ ਰੋਕਣਾ ਪਿਆ ਸੀ। ਸੁਪਰੀਮ ਕੋਰਟ ਵਿਚ ਉਸ ਦੇ ਵਕੀਲਾਂ ਨੇ ਕੀਤੀ ਅਪੀਲ ਵਿਚ ਕਿਹਾ ਸੀ ਕਿ 14 ਮਹੀਨੇ ਪਹਿਲਾਂ ਨਵੰਬਰ 2022 ਵਿਚ ਸਮਿਥ ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ । ਉਸ ਦੀਆਂ ਬਾਹਾਂ ਤੇ ਹੱਥਾਂ 'ਤੇ ਵਾਰ ਵਾਰ ਟੀਕਾ ਲਾਉਣ ਦਾ ਯਤਨ ਕੀਤਾ ਗਿਆ ਪਰੰਤੂ ਡਾਕਟਰ ਉਸ ਦੀ ਨਾੜ ਲੱਭਣ ਵਿਚ ਅਸਫਲ ਰਹੇ ਸਨ। ਵਕੀਲਾਂ ਅਨੁਸਾਰ ਇਸ ਕਾਰਨ ਸਮਿੱਥ ਨੂੰ ਬਹੁਤ ਸਰੀਰਕ ਤੇ ਮਾਨਸਿਕ ਦੁੱਖ ਸਹਿਣਾ ਪਿਆ ਸੀ। ਅਪੀਲ ਵਿਚ ਵਕੀਲਾਂ ਨੇ ਮੰਗ ਕੀਤੀ ਸੀ ਕਿ ਸਮਿਥ ਦੀ ਮੌਤ ਦੀ ਸਜ਼ਾ ਉਪਰ ਅਮਲ ਰੋਕ ਦਿੱਤਾ ਜਾਵੇ ਤਾਂ ਜੋ ਉਹ ਦੂਸਰੀ ਵਾਰ ਦਿੱਤੀ ਜਾਣ ਵਾਲੀ ਫਾਂਸੀ ਬਾਰੇ ਆਪਣਾ ਪੱਖ ਰਖ ਸਕਣ ਕਿਉਂਕਿ ਨਾਈਟਰੋਜਨ ਦੀ ਵਰਤੋਂ ਨਾਲ ਉਸ ਨੂੰ ਅਸਧਾਰਨ ਦੁੱਖ ਸਹਿਣਾ ਪਵੇਗਾ ਤੇ ਇਹ ਉਸ ਉਪਰ ਤਸ਼ੱਦਦ ਹੋਵੇਗਾ ਤੇ ਅਜਿਹਾ ਕਰਨਾ ਸੰਵਿਧਾਨ ਦੀ 8 ਵੀਂ ਤੇ14 ਵੀਂ ਸੋਧ ਦੀ ਵੀ ਉਲੰਘਣਾ ਹੋਵੇਗੀ। ਜੱਜਾਂ ਨੇ ਵਕੀਲਾਂ ਦੀ ਬੇਨਤੀ ਰੱਦ ਕਰ ਦਿੱਤੀ। ਜੱਜਾਂ ਨੇ ਆਪਣੇ ਸੰਖੇਪ ਆਦੇਸ਼ ਵਿਚ ਬੇਨਤੀ ਰੱਦ ਕਰਨ ਬਾਰੇ ਕੋਈ ਵੇਰਵਾ ਨਹੀਂ ਦਿੱਤਾ। ਇਸੇ ਦੌਰਾਨ ਸਮਿਥ ਦੇ ਵਕੀਲਾਂ ਵੱਲੋਂ ਫਾਂਸੀ 'ਤੇ ਰੋਕ ਲਾਉਣ ਸਬੰਧੀ 11 ਵੀਂ ਸਰਕਟ ਕੋਰਟ ਆਫ ਅਪੀਲਜ ਵਿਚ ਵੀ ਵੱਖਰੀ ਬੇਨਤੀ ਦਾਇਰ ਕਰਨ ਦੀ ਖਬਰ ਹੈ।

# ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਇਕ ਵਿਅਕਤੀ 30 ਸਾਲ ਤੋਂ ਵਧ ਸਮੇ ਬਾਅਦ ਕੋਸਟਾ ਰੀਕਾ ਵਿੱਚ ਹੋਇਆ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ–**30 ਸਾਲ ਤੋਂ ਵਧ ਸਮਾਂ ਪਹਿਲਾਂ ਪਤਨੀ ਦੀ ਹੱਤਿਆ ਤੋਂ ਬਾਅਦ ਲਾਪਤਾ ਹੋਏ ਉਸ ਦੇ ਪਤੀ ਨੂੰ ਕੋਸਟਾ ਰੀਕਾ ਵਿਚ ਦਾਖਲ ਹੋਣ ਸਮੇ ਗ੍ਰਿਫਤਾਰ ਕਰ ਲੈਣ ਉਪਰੰਤ ਉਸ ਨੂੰ ਅਮਰੀਕਾ ਦੇ ਸਪੁਰਦ ਕਰ ਦਿੱਤਾ ਗਿਆ ਹੈ। ਇਹ ਪ੍ਰਗਟਾਵਾ ਪੁਲਿਸ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕੀਤਾ ਹੈ। ਪੁਲਿਸ ਨੇ ਕਿਹਾ ਹੈ ਕਿ ਜੋਸ ਲਾਜ਼ਾਰੋ ਕਰੂਜ਼ ਨੂੰ 2022 ਵਿਚ ਕੋਸਟਾ ਰੀਕਾ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਤੇ ਹੁਣ ਉਸ ਨੂੰ ਫੇਅਰਫੈਕਸ ਕਾਊਂਟੀ, ਵਿਰਜੀਨੀਆ ਵਿਚ ਲਿਆਂਦਾ ਗਿਆ ਹੈ ਜਿਥੇ ਉਸ ਨੂੰ 32 ਸਾਲ ਪੁਰਾਣੇ ਕਤਲ ਦੇ ਮਾਮਲੇ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਫੇਅਰਫੈਕਸ ਕਾਊਂਟੀ ਦੇ ਡਿਪਟੀ ਚੀਫ ਐਲੀ ਕੋਰੀ ਅਨੁਸਾਰ 30 ਅਪ੍ਰੈਲ 1991 ਨੂੰ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੀ ਪੁਲਿਸ ਨੂੰ ਅਨਾ ਜੁਰਾਡੋ (24) ਮ੍ਰਿਤਕ ਹਾਲਤ ਵਿਚ ਮਿਲੀ ਸੀ ਉਸ ਦੇ ਸਰੀਰ ਦੇ ਉਪਰਲੇ ਹਿੱਸੇ ਵਿਚ ਡੂੰਘਾ ਜ਼ਖਮ ਸੀ। ਕੋਰੀ ਅਨੁਸਾਰ ਲਾਜ਼ਾਰੋ ਕਰੂਜ਼ ਜੋ ਉਸ ਵੇਲੇ ਜੁਰਾਡੋ ਦਾ ਪਤੀ ਸੀ ਤੇ ਉਸ ਨਾਲ ਨਰਾਜ ਸੀ, ਨੂੰ ਪੁਲਿਸ ਨੇ ਕਥਿੱਤ ਹੱਤਿਆਰੇ ਵਜੋਂ ਨਾਮਜ਼ਦ ਕੀਤਾ ਸੀ। ਹੱਤਿਆ ਉਪਰੰਤ ਪਹਿਲਾਂ ਲਾਜ਼ਾਰੋ ਨੇ ਕੈਨੇਡਾ ਜਾਣ ਦੀ ਕੋਸ਼ਿਸ਼ ਕੀਤੀ ਪਰੰਤੂ ਫਰਜ਼ੀ ਦਸਤਾਵੇਜਾਂ ਕਾਰਨ ਉਸ ਨੂੰ ਕੈਨੇਡਾ ਵਿਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ। ਬਾਰਡਰ 'ਤੇ ਤਾਇਨਾਤ ਪੁਲਿਸ ਅਫਸਰਾਂ ਅਨੁਸਾਰ ਉਸ ਸਮੇ ਉਸ ਦੇ ਹੱਥ ਉਪਰ ਤਾਜਾ ਜਖਮ ਸੀ।

ਕੋਰੀ ਅਨੁਸਾਰ ਕੈਨਡਾ ਵਿਚ ਦਾਖਲ ਹੋਣ ਵਿੱਚ ਅਸਫਲ ਰਹਿਣ ਉਪਰੰਤ ਲਾਜ਼ਾਰੋ ਹੋਸਟਨ, ਟੈਕਸਾਸ ਚਲਾ ਗਿਆ ਜਿਥੋਂ ਉਹ ਕਿਸੇ ਤਸਕਰ ਦੀ ਮਦਦ ਨਾਲ ਅਮਰੀਕਾ ਤੋਂ ਬਾਹਰ ਐਲ ਸਲਵਾਡੋਰ ਚਲਾ ਗਿਆ। 29 ਜੁਲਾਈ 2022 ਨੂੰ ਕੋਸਟਾ ਰੀਕਾ ਵਿਚ ਦਾਖਲ ਹੋਣ ਸਮੇ



ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਮੌਤ ਸਮੇ ਜੁਰਾਡੋ 3 ਬੱਚਿਆਂ ਦੀ ਮਾਂ ਸੀ ਜਿਨਾਂ ਵਿਚੋਂ 3 ਤੇ 7 ਸਾਲ ਦੀਆਂ ਧੀਆਂ ਉਸ ਦੇ ਨਾਲ ਹੀ ਅਮਰੀਕਾ ਵਿਚ ਰਹਿੰਦੀਆਂ ਸਨ ਜਦ ਕਿ ਇਕ 4 ਸਾਲ ਦਾ ਪੁੱਤਰ ਐਲ ਸਲਵਾਡੋਰ ਵਿਚ ਸੀ। ਪੁਲਿਸ ਚੀਫ ਕੋਰੀ ਅਨੁਸਾਰ ਲਾਜ਼ਾਰੋ ਕਰੂਜ਼ ਨੇ ਦੁਬਾਰਾ ਵਿਆਹ ਵੀ ਕਰਵਾਇਆ ਤੇ ਉਸ ਦੇ ਕਈ ਬੱਚੇ ਹਨ। ਇਸ ਸਮੇ ਉਸ ਨੂੰ ਫੇਅਰਫੈਕਸ ਕਾਊਂਟੀ ਕੋਰੈਕਸ਼ਨਲ ਸੈਂਟਰ ਵਿਚ ਰੱਖਿਆ ਗਿਆ ਹੈ।


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਉਦਯੋਗਪਤੀ ਸ਼੍ਰੀ ਦੇਵ ਰਾਜ ਹੀਰ ਜੀ ਨਮਿਤ ਹੋਈ ਅੰਤਿਮ ਅਰਦਾਸ





ਮਰਹੂਮ ਦੇਵ ਰਾਜ ਹੀਰ



ਉਘੇ ਉਦਯੋਗਪਤੀ ਸ਼੍ਰੀ ਦੇਵ ਰਾਜ ਹੀਰ ਵਾਸੀ ਸਈਪੁਰ ਕਲਾਂ ਜਲੰਧਰ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ। ਸ਼੍ਰੀ ਦੇਵ ਰਾਜ ਹੀਰ ਬਹੁਤ ਸੂਝਵਾਨ, ਇਮਾਨਦਾਰ ਅਤੇ ਲੋਕ ਸੇਵਕ ਇਨਸਾਨ ਸਨ। ਉਨ੍ਹਾਂ ਦਾ ਜਨਮ 1 ਅਪ੍ਰੈਲ 1942 ਨੂੰ ਸਈਪੁਰ ਕਲਾਂ ਵਿਖੇ ਪਿਤਾ ਸ਼੍ਰੀ ਪੂਰਨ ਚੰਦ ਅਤੇ ਮਾਤਾ ਸ੍ਰੀਮਤੀ ਨਾਮੀ ਜੀ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੀ ਸ਼ਾਦੀ ਸ੍ਰੀਮਤੀ ਗਿਆਨ ਕੌਰ ਨਾਲ ਹੋਈ। ਇੰਡਸਟਰੀਅਲ ਏਰੀਆ ਜਲੰਧਰ ਵਿੱਚ ਉਨ੍ਹਾਂ ਨੇ ਗੁਰੂ ਰਵਿਦਾਸ ਭਾਈਚਾਰੇ ਅਤੇ ਦੂਸਰੇ ਭਾਈਚਾਰੇ ਦੇ ਲੋਕਾਂ ਨੂੰ ਉਦਯੋਗ ਲਗਾਉਣ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੀ ਕਈ ਤਰੀਕਿਆਂ ਨਾਲ ਮਦਦ ਕੀਤੀ। ਉਨ੍ਹਾਂ ਦੇ ਸਾਰੇ ਪਰਿਵਾਰ ਨੇ ਵੱਖ-ਵੱਖ ਉਦੋਗਿਕ ਇਕਾਈਆਂ ਬਣਾ ਕੇ ਇੰਡਸਟਰੀਅਲ ਏਰੀਏ ਵਿੱਚ ਆਪਣਾ ਨਾਮ ਬਣਾਇਆ ਹੋਇਆ ਹੈ। ਹੀਰ ਇੰਜੀਨੀਅਰਿੰਗ ਵਰਕਸ, ਹੀਰ ਇੰਜੀਨੀਅਰਿੰਗ ਕਾਰਪੋਰੇਸ਼ਨ, ਟਾਈਟਨ ਟੂਲਜ਼ ਇੰਡਸਟਰੀ, ਪੀ.ਸੀ. ਟੂਲਜ਼, ਜੀ.ਆਰ. ਡੀ. ਇੰਜੀਨੀਅਰਿੰਗ ਵਰਕਸ, ਹੀਰ ਬ੍ਰਦਰਜ਼ ਇੰਡਸਟਰੀ ਨਾਂ ਦੀਆਂ ਉਦਯੋਗਿਕ ਇਕਾਈਆਂ ਦੇ ਨਿਰਮਾਣ ਵਿੱਚ ਉਨ੍ਹਾਂ ਨੇ ਮੁੱਖ ਭੂਮਿਕਾ ਨਿਭਾਈ। ਉਹ ਡੇਰਾ ਸੱਚਖੰਡ ਬੱਲਾਂ ਦੀ ਅਨਿਨ ਸ਼ਰਧਾਲੂ ਸਨ। ਉਨ੍ਹਾਂ ਦਾ ਹਰੇਕ ਐਤਵਾਰ ਡੇਰਾ ਸੱਚਖੰਡ ਬੱਲਾਂ ਵਿਖੇ ਜਾ ਕੇ ਹਾਜ਼ਰੀ ਭਰਨ ਦਾ ਪੱਕਾ ਨੇਮ ਸੀ। ਉਨ੍ਹਾਂ ਦੇ ਜਾਣ ਨਾਲ ਸਮੂਹ ਹੀਰ ਪਰਿਵਾਰ ਅਤੇ ਸਮੁੱਚੇ ਇਲਾਕੇ ਨੂੰ ਬੜਾ ਘਾਟਾ ਪਿਆ ਹੈ। ਸ੍ਰੀ ਦੇਵ ਰਾਜ ਹੀਰ ਜੀ ਦੇ ਨਮਿਤ ਅੰਤਿਮ ਅਰਦਾਸ ਮੌਕੇ ਅਮ੍ਰਿਤ ਬਾਣੀ ਦੇ ਭੋਗ ਅਤੇ ਕੀਰਤਨ ਉਪਰੰਤ ਐਡਵੋਕੇਟ ਬਲਵਿੰਦਰ ਕੁਮਾਰ ਬਸਪਾ ਆਗੂ ਅਤੇ ਹੋਰ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਸ਼੍ਰੀ ਦੇਵਰਾਜ ਹੀਰ ਦੇ ਚਲਾਣੇ ਤੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। *-ਚਰਨਜੀਤ ਸਿੰਘ ਬਿਨਾਪਲਕੇ*

# ਭਾਸ਼ਾ ਵਿਭਾਗ ਨੇ ਕਰਵਾਇਆ ਸ਼ਾਨਦਾਰ ਤ੍ਰੈ-ਭਾਸ਼ਾ ਕਵੀ ਦਰਬਾਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਮੁਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਡਾਇਰੈਕਟਰ ਭਾਸ਼ਾ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵੱਲੋਂ ਸਵਾਮੀ ਸਰਵਾਨੰਦ ਗਿਰੀ ਖੇਤਰੀ ਕੇਂਦਰ ਪੰਜਾਬ ਯੂਨੀਵਰਸਿਟੀ ਦੇ ਵਿਹੜੇ ਵਿਚ ਤ੍ਰੈ-ਭਾਸ਼ਾ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾਇਰੈਕਟਰ ਐਚ।ਐਸ।ਬੈਂਸ, ਡਾ। ਜਸਵੰਤ ਰਾਏ ਖੋਜ ਅਫ਼ਸਰ ਭਾਸ਼ਾ ਵਿਭਾਗ ਅਤੇ ਨਾਮੀ ਲੇਖਕ ਪ੍ਰਿੰ। ਧਰਮਪਾਲ ਸਾਹਿਲ ਨੇ ਕੀਤੀ। ਡਾ। ਬੈਂਸ ਨੇ ਜੀ ਆਇਆਂ ਸ਼ਬਦ ਆਖਦਿਆਂ ਕਿਹਾ ਕਿ ਇੰਜੀਨੀਅਰਿੰਗ ਅਤੇ ਵਕਾਲਤ ਵਰਗੇ ਖੁਸ਼ਕ ਵਿਸ਼ਿਆਂ ਨੂੰ ਤਰਲ ਕਰਨ ਲਈ ਭਾਸ਼ਾ ਵਿਭਾਗ ਨੇ ਸਾਡੇ ਵਿਹੜੇ ਕਾਵਿ ਰਚਨਾਵਾਂ ਵਾਲਾ ਸਮਾਗਮ ਮਿੱਥ ਕੇ ਸੁਭਾਗਾ ਕੰਮ ਕੀਤਾ ਹੈ।



ਪੰਜਾਬੀ, ਹਿੰਦੀ ਅਤੇ ਉਰਦੂ ਜ਼ੁਬਾਨ ਵਿਚ ਆਪਣੇ ਕਲਾਮ ਪੇਸ਼ ਕਰਕੇ ਸ਼ਾਇਰਾਂ ਨੇ ਸਰੋਤਿਆਂ ਤੋਂ ਚੰਗੀ ਵਾਹ-ਵਾਹ ਕਬੂਲੀ। ਡਾ। ਜਸਵੰਤ ਰਾਏ ਨੇ ਭਾਸ਼ਾ ਵਿਭਾਗ ਦੀਆਂ ਗਤੀਵਿਧੀਆਂ ਸਾਂਝੀਆਂ ਕਰਦਿਆਂ ਹਾਜ਼ਰ ਕਵੀਆਂ ਦਾ ਸ਼ਾਇਰਾਨਾ ਅੰਦਾਜ਼ 'ਚ ਤੁਆਰਫ਼ ਕਰਵਾਉਂਦਿਆਂ ਕਿਹਾ ਕਿ ਮੁੱਖ ਕੇਂਦਰ ਪਟਿਆਲਾ ਦੇ ਨਾਲ-ਨਾਲ ਹੁਣ ਹਰ ਸਾਲ ਜ਼ਿਲ੍ਹਾ ਕੇਂਦਰਾਂ ਵਿਖੇ ਵੀ ਤ੍ਰੈ-ਭਾਸ਼ਾ ਕਵੀ ਦਰਬਾਰ ਕਰਵਾਇਆ ਜਾਇਆ ਕਰਨਗੇ। ਇਸ ਨਾਲ ਸਹਿਤਿਕ ਮਾਹੌਲ ਦੇ ਪਸਾਰੇ ਨੂੰ ਹੋਰ ਬਲ ਮਿਲੇਗਾ। ਤ੍ਰੈ-ਭਾਸ਼ਾ ਕਵੀ ਦਰਬਾਰ ਵਿਚ ਮਨੋਜ ਸ਼ਰਮਾ, ਮਦਨ ਵੀਰਾ, ਇੰਦਰਜੀਤ ਨੰਦਨ, ਸੁਰਿੰਦਰ ਕੰਗਵੀ, ਰਬਿੰਦਰ ਸ਼ਰਮਾ, ਡਾ। ਧਰਮਪਾਲ ਸਾਹਿਲ, ਮੀਨਾਕਸ਼ੀ ਮੈਨਨ, ਇੰਦਰਜੀਤ ਚੌਧਰੀ, ਸੁਭਾਸ਼ ਗੁਪਤਾ ਸ਼ਫੀਕ, ਮੁਹੰਮਦ ਏਜਾਜ਼ ਫਾਰੂਕੀ, ਕਮਲ ਨੈਨ ਅਤੇ ਹਰਦਿਆਲ ਹੁਸ਼ਿਆਰਪੁਰੀ ਨੇ ਸ਼ਾਨਦਾਰ ਕਲਾਮਾਂ ਰਾਹੀਂ ਭਰਵੀਂ ਹਾਜ਼ਰੀ ਲੁਆਈ। ਭਾਸ਼ਾ ਵਿਭਾਗ ਵੱਲੋਂ ਡਾਇਰੈਕਟਰ ਸ। ਐਚ. ਐਸ. ਬੈਂਸ, ਸ਼ਾਇਰਾਂ ਅਤੇ ਸੰਸਥਾ ਦੇ ਪ੍ਰੋਫੈਸਰਾਂ ਦਾ ਕਿਤਾਬਾਂ ਦੇ ਸੈਟਾਂ ਅਤੇ ਲੋਈਆਂ ਨਾਲ ਸਨਮਾਨ ਕੀਤਾ ਗਿਆ। ਮੰਚ ਦਾ ਸੰਚਾਲਨ ਪ੍ਰੋ. ਸਵਿਤਾ ਗਰੋਵਰ ਨੇ ਕੀਤਾ। ਇਸ ਮੌਕੇ ਡਾ. ਬਰਜੇਸ਼ ਸ਼ਰਮਾ, ਡਾ. ਬਲਵਿੰਦਰ ਕੁਮਾਰ, ਪ੍ਰੋ. ਗੁਰਦੀਪ ਕੁਮਾਰੀ, ਡਾ. ਕਾਮਿਆ ਰਾਣੀ, ਡਾ. ਨਿਮਰਤਾ, ਭਾਸ਼ਾ ਵਿਭਾਗ ਦੇ ਕਰਮਚਾਰੀ ਲਵਪ੍ਰੀਤ, ਲਾਲ ਸਿੰਘ, ਸੁਰਿੰਦਰ ਪਾਲ ਅਤੇ ਸੰਸਥਾ ਦੇ ਵਿਦਿਆਰਥੀ ਹਾਜ਼ਰ ਸਨ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh



Dharminder Singh

Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

31 ਜਨਵਰੀ 'ਤੇ ਵਿਸ਼ੇਸ਼

# ਦਲਿਤ ਚੇਤਨਾ ਅਤੇ ਮੀਡੀਆ

*ਮਹਿਮਾਨ ਸੰਪਾਦਕੀ*



ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223

ਭਾਰਤੀ ਦਲਿਤ ਮੀਡੀਆ ਦੇ ਇਤਿਹਾਸ ਵਿਚ 31 ਜਨਵਰੀ 1920 ਇਕ ਮਹੱਤਵਪੂਰਨ ਦਿਨ ਹੈ, ਜਦੋਂ ਸਦੀਆਂ ਤੋਂ ਪੀੜਤ ਤੇ ਬੇਜ਼ਬਾਨ ਹੋਏ ਲੋਕਾਂ ਨੂੰ ਹਫਤਾਵਾਰੀ 'ਮੂਕ ਨਾਇਕ' ਅਖ਼ਬਾਰ ਸ਼ੁਰੂ ਕਰਕੇ ਬਾਬਾ ਸਾਹਿਬ ਡਾ. ਅੰਬੇਡਕਰ ਨੇ ਲਿਖਤੀ ਰੂਪ ਵਿਚ ਜ਼ੁਬਾਨ ਦਿੱਤੀ। 'ਮੂਕ ਨਾਇਕ' ਤੋਂ ਭਾਵ ਹੈ 'ਗੂੰਗਿਆਂ ਦਾ ਨੇਤਾ'। ਸੈਂਕੜੇ ਸਾਲਾਂ ਤੋਂ ਸ਼ਰੁਤੀਆਂ ਤੇ ਸਿਮ੍ਰਤੀਆਂ ਰਚਣ ਵਾਲਿਆਂ ਨੇ ਮਨੁੱਖੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਅਛੂਤਾਂ ਦੀ ਜ਼ੁਬਾਨ (ਜੀਭ) ਕੱਟਣ ਵਾਲੇ ਫਤਵੇ ਜਾਰੀ ਕਰਕੇ ਉਨ੍ਹਾਂ ਨੂੰ ਸਦੀਵੀ ਤੌਰ ਤੇ ਗੂੰਗੇ ਬਣਾ ਦਿੱਤਾ ਸੀ। ਉਨ੍ਹਾਂ ਦੇ ਦੁੱਖਾਂ, ਦਰਦਾਂ ਅਤੇ ਪੀੜਾਂ ਨੂੰ 'ਮੂਕ ਨਾਇਕ' ਪੇਪਰ ਰਾਹੀਂ ਜ਼ੁਬਾਨ ਦੇਣ ਦਾ ਅਤੀ ਉਤਸ਼ਾਹੀ ਅਤੇ ਪ੍ਰੇਰਕ ਕਾਰਜ ਡਾ. ਅੰਬੇਡਕਰ ਨੇ 104 ਸਾਲ ਪਹਿਲਾਂ 31 ਜਨਵਰੀ 1920 ਨੂੰ ਆਰੰਭ ਕੀਤਾ ਸੀ। ਇਸ ਇਕ ਸਦੀ ਦੇ ਦੌਰਾਨ ਪ੍ਰੈਸ ਅਤੇ ਮੀਡੀਆ ਦੇ ਖੇਤਰ ਵਿਚ ਤਤਕਾਲੀਨ 'ਬਹਿਸ਼ਕ੍ਰਿਤ' ਸਮਾਜ ਨੇ ਕੀ ਖੱਟਿਆ, ਕੀ ਕਮਾਇਆ, ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਬਾਰੇ ਵਿਚਾਰ-ਚਰਚਾ ਇਕ ਵੱਖਰੇ ਖੋਜ ਕਾਰਜ ਦਾ ਵਿਸ਼ਾ ਹੈ, ਪਰ ਕਿਸੇ ਵੀ ਸਮਾਜ, ਸ਼੍ਰੇਣੀ ਅਤੇ ਵਰਗ ਦੇ ਬੌਧਿਕ ਵਿਕਾਸ, ਸਮਾਜਿਕ ਅਤੇ ਰਾਜਨੀਤਿਕ ਚੇਤਨਾ ਲਈ ਮੀਡੀਆ ਦੇ ਅਤੀ ਮਹੱਤਵਪੂਰਨ ਰੋਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।





मूकनायक

ਅਜੋਕੇ ਤਕਨੀਕੀ ਅਤੇ ਡਿਜ਼ੀਟਲ ਯੁੱਗ ਵਿਚ ਤਾਂ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਮੀਡੀਏ ਦਾ ਹੀ ਯੋਗਦਾਨ ਹੈ। ਦੁਨੀਆਂ ਭਰ ਦੇ ਸਿਆਸੀ ਮੈਦਾਨ ਵਿਚ ਅਖ਼ਬਾਰਾਂ, ਇਲੈਕਟ੍ਰਾਨਿਕ ਮੀਡੀਆ ਅਤੇ ਜਨ ਪ੍ਰਚਾਰ ਦੇ ਸਾਰੇ ਸਾਧਨ ਲੋਕ-ਮਤ ਘੜਨ ਵਿਚ ਆਪਣਾ ਵੱਡਾ ਯੋਗਦਾਨ ਪਾ ਰਹੇ ਹਨ। ਮੀਡੀਆ ਕਿਸੇ ਵੀ ਸਮਾਜ ਅਤੇ ਦੇਸ਼ ਦੇ ਲੋਕਾਂ ਲਈ ਸਕਾਰਾਤਮਕ ਅਤੇ ਨਕਾਰਾਤਮਕ, ਦੋਨੋਂ ਪ੍ਰਕਾਰ ਦਾ ਰੋਲ ਅਦਾ ਕਰ ਸਕਦਾ ਹੈ। ਮੀਡੀਆ ਮਨੁੱਖੀ ਮਨ ਵਿਚ ਵਿਗਿਆਨਕ ਸੋਚ ਵੀ ਪੈਦਾ ਕਰ ਸਕਦਾ ਹੈ ਅਤੇ ਪੱਥਰ ਯੁੱਗ ਦੀਆਂ ਮਿਥਿਹਾਸਕ ਕਥਾ-ਕਹਾਣੀਆਂ ਦੁਆਰਾ ਲੋਕ-ਮਨਾਂ ਵਿਚ ਅੰਧ-ਵਿਸ਼ਵਾਸ ਪੈਦਾ ਕਰਕੇ ਉਨ੍ਹਾਂ ਨੂੰ ਅੰਧਕਾਰ-ਯੁੱਗ ਦੇ ਗੂੜ੍ਹੇ-ਕਾਲੇ ਹਨੇਰਿਆਂ ਵਿਚ ਵੀ ਧਕੇਲ ਸਕਦਾ ਹੈ।

31 ਜਨਵਰੀ ਸਾਡੇ ਸਮਾਜ ਲਈ ਇਸ ਕਰਕੇ ਇਤਿਹਾਸਕ ਮਹੱਤਤਾ ਰੱਖਦੀ ਹੈ ਕਿ ਡਾ. ਅੰਬੇਡਕਰ ਨੇ ਇਸ ਦਿਨ ਲਤਾੜੇ, ਪਿਛਾੜੇ ਤੇ ਦੁਰਕਾਰੇ ਲੋਕ-ਮਨਾਂ ਵਿਚ 'ਮੂਕ ਨਾਇਕ' ਪੱਤ੍ਰਿਕਾ ਰਾਹੀਂ ਜਨ-ਚੇਤਨਾ ਦੀ ਅਜਿਹੀ ਚਿੰਗਾਰੀ ਪੈਦਾ ਕੀਤੀ ਜੋ ਕੁਝ ਸਾਲਾਂ ਵਿਚ ਜ਼ੋਰ, ਜਬਰ, ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਇਕ ਭਾਂਬੜ ਦਾ ਰੂਪ ਧਾਰਨ ਕਰ ਗਈ। ਡਾ. ਅੰਬੇਡਕਰ ਦਾ ਮੱਤ ਸੀ ਕਿ ਸਾਡਾ ਅੰਦੋਲਨ ਸਵੈ-ਮਾਣ ਅਤੇ ਸੁਤੰਤਰਤਾ ਪ੍ਰਾਪਤੀ ਲਈ ਹੈ ਅਤੇ ਇਸ ਦਾ ਮੂਲ ਮੰਤਵ ਸ਼ਕਤੀ, ਮਜ਼ਬੂਤੀ, ਸਮਾਨਤਾ ਅਤੇ ਭਾਈਚਾਰਾ ਹੈ। ਕਾਲੇ ਸਮਿਆਂ ਵਿਚ ਰਚੇ ਸ਼ਾਸਤਰਾਂ, ਸਿਮ੍ਰਤੀਆਂ ਦੁਆਰਾ ਸ਼ਾਸਿਤ ਹੋਣ ਅਤੇ ਇਨ੍ਹਾਂ ਪ੍ਰਤੀ ਪ੍ਰਤੀਬੱਧ ਹੋਣ ਤੋਂ ਅਸੀਂ ਇਨਕਾਰ ਕਰਦੇ ਹਾਂ। (ਵਾਲਿਊਮ 17 (1), ਪੰਨਾ 24) ਇਸ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਦੀ ਪ੍ਰਬੱਲ ਇੱਛਾ ਸੀ ਕਿ ਆਪਣੇ ਸਵੈ-ਮਾਣ 'ਤੇ ਸੁਤੰਤਰਤਾ ਦੇ ਅੰਦੋਲਨ ਦਾ ਹਰ ਥਾਂ 'ਤੇ ਪ੍ਰਚਾਰ ਤੇ ਪਾਸਾਰ ਹੋਵੇ, ਇਸ ਉਦੇਸ਼ ਲਈ ਹਰ ਪ੍ਰਾਂਤ ਵਿਚ ਘੱਟੋ-ਘੱਟ ਸਾਡਾ ਇਕ ਅਖ਼ਬਾਰ ਤਾਂ ਹੋਣਾ ਹੀ ਚਾਹੀਦਾ ਹੈ, ਨਹੀਂ ਤਾਂ ਆਉਣ ਵਾਲੇ ਸਮਿਆਂ ਵਿਚ ਸਾਡੀ ਸਥਿਤੀ ਬੇਹੱਦ ਭਿਆਨਕ ਹੋਵੇਗੀ। (ਖੰਡ 28, ਪੰਨਾ 275)

ਅਛੂਤ ਸਮਾਜ ਵਿਚ ਚੇਤਨਾ ਪੈਦਾ ਕਰਨ ਲਈ ਡਾ. ਅੰਬੇਡਕਰ ਸਾਹਿਬ ਨੇ 1920 ਤੋਂ ਨਿਰੰਤਰ ਸਮੇਂ-ਸਮੇਂ ਤੇ ਚਾਰ ਅਖ਼ਬਾਰਾਂ ਮੂਕ ਨਾਇਕ (1920), ਬਹਿਸ਼ਕ੍ਰਿਤ ਭਾਰਤ (1927), ਜਨਤਾ (1930) ਅਤੇ ਇਸ ਉਪਰੰਤ 'ਪ੍ਰਬੁੱਧ ਭਾਰਤ' ਸ਼ੁਰੂ ਕੀਤੇ। ਰਾਜਨੀਤਿਕ ਸੁਤੰਤਰਤਾ ਅਤੇ ਸਮਾਜਿਕ ਇਨਸਾਫ ਲਈ ਪ੍ਰੈਸ ਅਤੇ ਅਖ਼ਬਾਰ ਦੀ ਮਹੱਤਤਾ ਨੂੰ ਸਵੀਕਾਰਦਿਆਂ 26 ਅਗਸਤ 1940 ਨੂੰ ਬੰਬਈ ਵਿਖੇ ਮਿਊਂਸੀਪਲ ਕਮੇਟੀ ਦੇ 'ਅਛੂਤ' ਕਾਮਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ ਆਪਣੇ ਪੂਰੇ ਅੰਦੋਲਨ ਦਾ ਸਾਰ ਆਪਣੇ ਅਖ਼ਬਾਰ ਵਿਚ ਹੈ ਅਤੇ ਇਹ ਅਖ਼ਬਾਰ ਪਿਛਲੇ 20-22 ਸਾਲਾਂ ਤੋਂ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੇ ਸਾਹਮਣੇ ਆਉਂਦਾ ਰਿਹਾ ਹੈ। ਪਹਿਲਾਂ 'ਮੂਕ ਨਾਇਕ', ਫਿਰ 'ਬਹਿਸ਼ਕ੍ਰਿਤ ਭਾਰਤ' ਅਤੇ ਅੱਜ 'ਜਨਤਾ' ਉਸਦੇ ਵੱਖੋ-ਵੱਖਰੇ ਰੂਪ ਹਨ। 'ਭਾਰਤ ਭੂਸ਼ਣ' ਛਾਪਾਖਾਨਾ 'ਜਨਤਾ' ਅਖ਼ਬਾਰ ਨੂੰ ਜਨਮ ਦਿੰਦਾ ਹੈ ਅਤੇ ਬਿੱਲੀ ਦੇ ਬੱਚਿਆਂ ਵਾਂਗ ਮੈਂ ਇਨ੍ਹਾਂ ਨੂੰ ਪਾਲਿਆ ਹੈ। (ਖੰਡ 38, ਪੰਨਾ 299)।

ਇਹ ਗੱਲ ਯਾਦ ਰੱਖਣ ਯੋਗ ਹੈ ਕਿ ਦਲਿਤ ਵਿਰੋਧੀ ਅਨਸਰਾਂ ਵੱਲੋਂ ਇਨ੍ਹਾਂ ਅਖ਼ਬਾਰਾਂ ਵਿਰੁੱਧ ਕੀਤੇ ਜਾਂਦੇ ਛੜਯੰਤਰਾਂ ਅਤੇ ਕਿਰਾਏ ਦੇ ਸਥਾਨ 'ਤੇ ਚੱਲ ਰਹੇ 'ਭਾਰਤ ਭੂਸ਼ਣ' ਪ੍ਰੈਸ ਨੂੰ ਅੱਗ ਲਾਏ ਜਾਣ ਕਾਰਨ ਡਾ. ਅੰਬੇਡਕਰ ਨੂੰ ਕਈ ਵਾਰ ਸਥਾਨ ਬਦਲਣੇ ਪਏ, ਪਰ ਉਨ੍ਹਾਂ ਨੇ ਅਖ਼ਬਾਰ ਨੂੰ ਪ੍ਰਕਾਸ਼ਿਤ ਕਰਨਾ ਜਾਰੀ ਰੱਖਿਆ। ਸਮਾਜਿਕ ਅਤੇ ਰਾਜਨੀਤਿਕ ਅੰਦੋਲਨ ਦੀ ਕਾਮਯਾਬੀ ਲਈ ਉਹ ਅਖ਼ਬਾਰ ਨੂੰ ਸਭ ਤੋਂ ਵੱਡਾ ਹਥਿਆਰ ਮੰਨਦੇ ਸਨ।

ਪੰਜਾਬ ਦੇ ਦਲਿਤ ਇਤਿਹਾਸ ਵਿਚ ਮੀਡੀਆ ਨੂੰ ਜਨ-ਚੇਤਨਾ ਪੈਦਾ ਕਰਨ ਦੇ ਇਕ ਅਹਿਮ ਸਾਧਨ ਦੇ ਰੂਪ ਵਿਚ ਸਵੀਕਾਰ ਕੀਤਾ ਗਿਆ। ਆਦਿ ਧਰਮ ਅੰਦੋਲਨ ਦੌਰਾਨ ਬਾਬੂ ਮੰਗੂ ਰਾਮ ਅਤੇ ਉਹਨਾਂ ਦੇ ਸਾਥੀਆਂ ਨੇ 'ਆਦਿ ਡੰਕਾ' ਪੇਪਰ ਸ਼ੁਰੂ ਕੀਤਾ ਅਤੇ 1948 ਵਿਚ ਸ਼ਡਿਊਲਡ ਫੈਡਰੇਸ਼ਨ ਵੱਲੋਂ ਕੇ. ਸੀ. ਸੁਲੇਖ ਸਾਹਿਬ ਦੀ ਅਗਵਾਈ ਹੇਠ ਹਫਤਾਵਾਰੀ 'ਉਜਾਲਾ' ਅਖ਼ਬਾਰ ਦੀ ਸ਼ੁਰੂਆਤ ਹੋਈ। ਇਹ ਦੋਵੇਂ ਪੇਪਰ ਉਰਦੂ ਵਿਚ ਪ੍ਰਕਾਸ਼ਿਤ ਹੋਣ ਉਪਰੰਤ ਪੰਜਾਬੀ ਵਿਚ ਵੀ ਸ਼ੁਰੂ ਕੀਤੇ ਗਏ। 1958 ਵਿਚ ਲਾਹੌਰੀ ਰਾਮ ਬਾਲੀ ਜੀ ਨੇ ਹਿੰਦੀ ਵਿਚ 'ਭੀਮ ਪੱਤ੍ਰਿਕਾ' ਪੇਪਰ ਸ਼ੁਰੂ ਕੀਤਾ ਜੋ ਉਨ੍ਹਾਂ ਦੇ ਨਿਰਵਾਣ-ਪ੍ਰਾਪਤੀ, ਜੁਲਾਈ 1923 ਤੱਕ ਲਗਾਤਾਰ ਪ੍ਰਕਾਸ਼ਿਤ ਹੁੰਦਾ ਰਿਹਾ। 1970 ਵਿਚ ਮੰਗੂ ਰਾਮ ਜਸਪਾਲ ਹੋਰਾਂ ਨੇ 'ਰਵਿਦਾਸ ਪੱਤ੍ਰਿਕਾ' ਹਫਤਾਵਾਰੀ ਅਤੇ 80ਵਿਆਂ ਵਿਚ ਸੀ. ਐਲ. ਚੁੰਬਰ ਸਾਹਿਬ ਵੱਲੋਂ 'ਕੌਮੀ ਉਡਾਰੀਆਂ' ਮਾਸਿਕ ਮੈਗਜ਼ੀਨ ਆਰੰਭ ਕੀਤਾ ਗਿਆ। 1972-73 ਵਿਚ ਜਰਨੈਲ ਸਿੰਘ ਹੋਰਾਂ ਨੇ 'ਜਨਤਕ ਲਹਿਰ' ਪੰਦਰਵਾੜਾ ਸ਼ੁਰੂ ਕਰਕੇ ਇਸਨੂੰ 10 ਸਾਲ ਤੋਂ ਵੀ ਵੱਧ ਅਰਸੇ ਤੱਕ ਰੋਜ਼ਾਨਾ ਪੇਪਰ ਵਜੋਂ ਪ੍ਰਕਾਸ਼ਿਤ ਕੀਤਾ, ਜੋ ਦਲਿਤ ਮੀਡੀਏ ਦੇ ਇਤਿਹਾਸ ਵਿਚ ਇਕ ਵੱਡੀ ਪ੍ਰਾਪਤੀ ਸੀ। ਇਹ ਸਾਰੇ ਪੇਪਰ ਜਲੰਧਰ ਸ਼ਹਿਰ ਤੋਂ ਹੀ ਸ਼ੁਰੂ ਕੀਤੇ ਗਏ। 'ਬੇਗਮਪੁਰਾ ਸ਼ਹਿਰ', 'ਵਿਗਿਆਨਕ ਸੋਚ', 'ਬੁੱਧ ਧਰਮ ਪ੍ਰਚਾਰਕ', 'ਬਦਲਦਾ ਯੁੱਗ' ਆਦਿ ਪੱਤ੍ਰਿਕਾਵਾਂ ਦਾ ਵੀ ਆਪਣੇ-ਆਪਣੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਹੈ। ਭਾਰਤ ਤੋਂ ਬਾਹਰ ਅਮਰੀਕਾ ਦੇ ਕੈਲੇਫੋਰਨੀਆ ਤੋਂ ਪ੍ਰਕਾਸ਼ਿਤ ਹੁੰਦੇ ਪੰਜਾਬੀ ਹਫਤਾਵਾਰੀ 'ਦੇਸ਼ ਦੁਆਬਾ' ਅਤੇ ਅੰਗਰੇਜ਼ੀ ਵਿਚ 'ਅੰਬੇਦਕਰ ਟਾਈਮਜ਼' ਦਾ ਇਕ ਅਹਿਮ ਅਤੇ ਨਿਵੇਕਲਾ ਸਥਾਨ ਹੈ। ਇਹ ਦੋਨੋਂ ਪੇਪਰ ਪ੍ਰੇਮ ਕੁਮਾਰ ਚੁੰਬਰ ਜੀ ਦੀ ਰਹਿਨੁਮਾਈ ਹੇਠ ਲਗਭਗ ਦੋ ਦਹਾਕਿਆਂ ਤੋਂ ਵੱਧ ਅਰਸੇ ਤੋਂ ਲਗਾਤਾਰ ਪ੍ਰਕਾਸ਼ਿਤ ਹੋ ਰਹੇ ਹਨ। ਯੂ. ਕੇ. ਤੋਂ ਚੰਦੜ ਸਾਹਿਬ ਦੀ ਅਗਵਾਈ ਵਿਚ 'ਸਮਾਜ ਵੀਕਲੀ' ਪ੍ਰਕਾਸ਼ਿਤ ਹੋ ਰਿਹੈ। ਪੰਜਾਬੀ ਦਲਿਤ ਚੇਤਨਾ ਵਿਚ ਇਨ੍ਹਾਂ ਸਭ ਪੱਤਰ-ਪੱਤਰਕਾਵਾਂ ਨੇ ਵਿਸ਼ੇਸ਼ ਹਿੱਸਾ ਪਾਇਆ ਹੈ। ਪਰ ਦਲਿਤ ਚੇਤਨਾ ਵਿਚ ਇਨਕਲਾਬੀ ਪਰਿਵਰਤਨ ਲਈ ਕਿਸੇ ਰੋਜ਼ਾਨਾ ਪੇਪਰ ਦੀ ਘਾਟ ਬਹੁਤ ਰੜਕਦੀ ਹੈ।

# ਗਣਤੰਤਰ ਦਿਵਸ ਦੀ ਸ਼ਾਨਦਾਰ ਪਰੇਡ ਦੇ ਗਵਾਹ ਬਣੇ ਫਰਾਂਸ ਦੇ ਰਾਸ਼ਟਰਪਤੀ ਮੈਕਰੌਂ



**ਨਵੀਂ ਦਿੱਲੀ-** ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਨੇ ਸ਼ੁੱਕਰਵਾਰ ਭਾਰਤ ਦੇ 75ਵੇਂ ਗਣਤੰਤਰ ਦਿਵਸ ਦੇ ਜਸ਼ਨਾਂ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਹ ਕਰਤਵਿਆ ਪਥ 'ਤੇ ਹੋਈ ਸ਼ਾਨਦਾਰ ਫੌਜੀ ਪਰੇਡ ਦੇ ਗਵਾਹ ਬਣੇ। ਉਨ੍ਹਾਂ ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਸਭਿਆਚਾਰਕ ਪੇਸ਼ਕਾਰੀਆਂ ਦਾ ਆਨੰਦ ਵੀ ਮਾਣਿਆ। ਇਸ ਮੌਕੇ ਕਈ ਕੇਂਦਰੀ ਮੰਤਰੀ, ਵਿਦੇਸ਼ੀ ਦੂਤਾਵਾਸਾਂ ਦੇ ਅਧਿਕਾਰੀ ਅਤੇ ਹੋਰ ਮਹਿਮਾਨ ਹਾਜ਼ਰ ਸਨ। ਕਿਸੇ ਫਰਾਂਸੀਸੀ ਨੇਤਾ ਦੇ ਗਣਤੰਤਰ ਦਿਵਸ ਦੀ ਪਰੇਡ ਮੌਕੇ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਣ ਦਾ ਇਹ ਛੇਵਾਂ ਮੌਕਾ ਸੀ। ਮੈਕਰੌਂ ਨੇ ਮਗਰੋਂ 'ਐਕਸ' 'ਤੇ ਪੋਸਟ ਕੀਤਾ, 'ਫਰਾਂਸ ਲਈ ਇਹ ਵੱਡਾ ਸਨਮਾਨ ਹੈ। ਭਾਰਤ ਦਾ ਸ਼ੁਕਰੀਆ।' ਉਨ੍ਹਾਂ ਇਕ ਵੀਡੀਓ ਵੀ ਪੋਸਟ ਕੀਤੀ ਜਿਸ ਵਿਚ ਫਰਾਂਸੀਸੀ ਬੈਂਡ ਤੇ ਫੌਜੀ ਟੁਕੜੀਆਂ ਕਰਤਵਿਆ ਪਥ 'ਤੇ ਮਾਰਚ ਕਰਦੇ ਹੋਏ ਨਜ਼ਰ ਆ ਰਹੇ ਹਨ। ਜਵਾਬ ਵਿਚ ਮੋਦੀ ਨੇ ਕਿਹਾ, 'ਸਾਡੇ ਗਣਤੰਤਰ ਦਿਵਸ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਲਈ ਫਰਾਂਸ ਦਾ ਦਿਲੋਂ ਧੰਨਵਾਦ। ਫੌਜੀ ਬੈਂਡ, ਮਾਰਚਿੰਗ ਟੁਕੜੀ, ਲੜਾਕੂ ਜਹਾਜ਼ਾਂ ਤੇ ਬਹੁਮੰਤਵੀ ਏਅਰਕਰਾਫਟ ਟੈਂਕਰ ਦੀ ਸ਼ਮੂਲੀਅਤ ਨੇ ਇਸ ਮੌਕੇ ਨੂੰ ਯਾਦਗਾਰੀ ਬਣਾ ਦਿੱਤਾ। ਰਾਸ਼ਟਰਪਤੀ ਮੈਕਰੌਂ ਦੀ ਮੌਜੂਦਗੀ ਭਾਰਤ-ਫਰਾਂਸ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰੇਗੀ।' ਦੱਸਣਯੋਗ ਹੈ ਕਿ 95 ਮੈਂਬਰੀ ਫਰਾਂਸੀਸੀ ਸੈਨਿਕ ਟੁਕੜੀ ਤੇ 30 ਮੈਂਬਰਾਂ ਦੇ ਬੈਂਡ ਨੇ ਵੀ ਪਰੇਡ ਵਿਚ ਹਿੱਸਾ ਲਿਆ ਸੀ। ਇਸ ਮੌਕੇ ਫਰਾਂਸੀਸੀ ਹਵਾਈ ਸੈਨਾ ਦੇ ਦੋ ਰਾਫਾਲ ਜਹਾਜ਼ ਤੇ ਇਕ ਏਅਰਬਸ ਏ330 ਮਲਟੀ-ਰੋਲ ਏਅਰਕਰਾਫਟ ਵੀ ਕਰਤਵਿਆ ਪਥ ਉਤੋਂ ਗੁਜ਼ਰੇ। ਮੈਕਰੌਂ ਨੇ ਭਾਰਤੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਵੀ ਦਿੱਤੀ। ਜ਼ਿਕਰਯੋਗ ਹੈ ਕਿ ਵੀਰਵਾਰ ਫਰਾਂਸੀਸੀ ਰਾਸ਼ਟਰਪਤੀ ਨੇ ਜੈਪੁਰ ਵਿਚ ਮੋਦੀ ਨਾਲ ਵਿਆਪਕ ਵਿਚਾਰ-ਚਰਚਾ ਕੀਤੀ ਸੀ। ਮੋਦੀ ਨੇ ਮੈਕਰੌਂ ਦੇ ਜੈਪੁਰ ਦੌਰੇ ਦੀ ਵੀਡੀਓ ਪੋਸਟ ਕਰਦਿਆਂ ਕਿਹਾ, 'ਜੈਪੁਰ ਨੇ ਰਾਸ਼ਟਰਪਤੀ ਦਾ ਯਾਦਗਾਰੀ ਸਵਾਗਤ ਕੀਤਾ।

ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਨੇ ਲੰਘੀ ਸ਼ਾਮ ਦਿੱਲੀ 'ਚ ਨਿਜ਼ਾਮੂਦੀਨ ਔਲੀਆ ਦੀ ਦਰਗਾਹ 'ਤੇ ਸਿਜਦਾ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਸ਼ੁੱਕਰਵਾਰ ਸ਼ਾਮ ਨੂੰ ਨਿਜ਼ਾਮੂਦੀਨ ਔਲੀਆ ਦੀ ਦਰਗਾਹ 'ਤੇ ਗਏ ਅਤੇ ਮਕਬਰੇ ਦੇ ਵਿਹੜੇ ਵਿੱਚ ਕੱਵਾਲੀਆਂ ਸੁਣੀਆਂ। ਉਹ ਦਰਗਾਹ 'ਤੇ ਨਮਾਜ਼ 'ਚ ਸ਼ਾਮਲ ਹੋਏ ਅਤੇ ਮਕਬਰੇ 'ਤੇ ਚਾਦਰ ਵੀ ਚੜ੍ਹਾਈ। ਦੱਸਣਯੋਗ ਹੈ ਕਿ ਮੈਕਰੌਂ ਭਾਰਤ ਦੇ ਦੋ ਦਿਨਾਂ ਦੌਰੇ 'ਤੇ ਸਨ ਅਤੇ ਨਵੀਂ ਦਿੱਲੀ ਦੇ ਕਰਤੱਵਿਆ ਪਥ 'ਤੇ 75ਵੇਂ ਗਣਤੰਤਰ ਦਿਵਸ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ। ਅਧਿਕਾਰੀਆਂ ਮੁਤਾਬਕ ਫਰਾਂਸ ਦੇ ਰਾਸ਼ਟਰਪਤੀ ਸਥਾਨਕ ਸਮੇਂ ਅਨੁਸਾਰ ਰਾਤ 9।45 ਵਜੇ ਕਰੀਬ 700 ਸਾਲ ਪੁਰਾਣੇ ਧਾਰਮਿਕ ਸਥਾਨ 'ਤੇ ਪਹੁੰਚੇ ਜਿਨ੍ਹਾਂ ਨੇ ਉਥੇ ਅੱਧੇ ਘੰਟੇ ਤੋਂ ਵੱਧ ਸਮਾਂ ਬਿਤਾਇਆ। ਇਸ ਮੌਕੇ ਉਨ੍ਹਾਂ ਨਾਲ ਭਾਰਤ ਦੇ ਵਿਦੇਸ਼ ਮੰਤਰੀ ਐਸ। ਜੈਸ਼ੰਕਰ ਅਤੇ ਹੋਰ ਪਤਵੰਤੇ ਵੀ ਸਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨਿਤਿਸ਼ ਕੁਮਾਰ ਹਰਿਆਣਾ ਦੇ 'ਆਇਆ ਰਾਮ ਗਯਾ ਰਾਮ' ਦਾ ਵੀ ਗੁਰੂ ਨਿਕਲਿਆ

ਇੱਕ ਕਹਾਵਤ ਹੈ 'ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ' ਨਿਤਿਸ਼ ਕੁਮਾਰ ਇਸ ਕਹਾਵਤ ਨੂੰ ਝੁਠਲਾ ਕੇ ਆਪਣੇ ਸਿਆਸੀ ਗੁਰੂ ਜੈ ਪ੍ਰਕਾਸ਼ ਨਰਾਇਣ ਦੀ ਵਿਚਾਰਧਾਰਾ ਨੂੰ ਹੀ ਠਿੱਬੀ ਮਾਰ ਗਿਆ। ਨਿਤਿਸ਼ ਕੁਮਾਰ ਵਿਦਿਆਰਥੀ ਜੀਵਨ ਵਿੱਚ ਜੈ ਪ੍ਰਕਾਸ਼ ਨਰਾਇਣ ਨੂੰ ਆਪਣਾ ਮਾਰਗ ਦਰਸ਼ਕ ਬਣਾਕੇ ਸ਼ੋਸ਼ਲਿਸਟ ਵਿਚਾਰਧਾਰਾ ਨੂੰ ਅਪਣਾ ਕੇ ਸਿਆਸਤ ਵਿੱਚ ਆਇਆ ਸੀ। ਪ੍ਰੰਤੂ ਹੁਣ ਨਿਤਿਸ਼ ਕੁਮਾਰ ਜੈ ਪ੍ਰਕਾਸ਼ ਨਰਾਇਣ ਦੀ ਵਿਚਾਰਧਾਰਾ ਦੇ ਵਿਰੁੱਧ ਸਰਗਰਮੀ ਨਾਲ ਸਿਆਸਤ ਕਰ ਰਿਹਾ ਹੈ। ਖੁਰਮੀ ਸਮੁਦਾਇ ਦਾ ਨੌਜਵਾਨ ਸਿਆਸਤਦਾਨ ਮੰਡਲ ਕਮਿਸ਼ਨ ਦੀ ਸਿਆਸਤ ਦੌਰਾਨ ਉਭਰਿਆ ਪ੍ਰੰਤੂ ਨਿਸ਼ਾਨੇ ਦੀ ਪ੍ਰਾਪਤੀ ਤੋਂ ਪਹਿਲਾਂ ਹੀ ਰਸਤੇ ਤੋਂ ਭੱਟਕ ਗਿਆ ਹੈ। ਸਿਆਸੀ ਪਾਰਟੀਆਂ ਨਾਲ ਗਠਜੋੜ ਬਦਲਕੇ ਮੁੱਖ ਮੰਤਰੀ ਬਣਨਾ ਨਿਤਿਸ਼ ਕੁਮਾਰ ਲਈ ਕੋਈ ਨਵੀਂ ਗੱਲ ਨਹੀਂ। ਸਿਆਸੀ ਪਲਟੀਆਂ ਮਾਰਨ ਦਾ ਉਸ ਨੂੰ ਮਾਹਿਰ ਗਿਣਿਆਂ ਜਾਂਦਾ ਹੈ। ਉਹ ਸਿਆਸੀ ਮੌਕਾ ਪ੍ਰਸਤੀ ਦਾ ਉਸਤਾਦ ਹੈ, ਜਿਸ ਨੇ ਸਿਆਸਤ ਨੂੰ ਦਾਗ਼ੀ ਕਰ ਦਿੱਤਾ ਹੈ। ਉਸ ਨੇ ਪਲਟੀਆਂ ਮਾਰ ਕੇ ਸਿਆਸੀ ਸਦਾਚਾਰ ਨੂੰ ਗਹਿਰੀ ਢਾਹ ਲਾਈ ਹੈ। 1966 ਤੋਂ ਬਾਅਦ ਨਵੇਂ ਬਣੇ ਹਰਿਆਣਾ ਸੂਬੇ ਵਿੱਚ 1967 ਵਿੱਚ ਬਣੀ ਪਹਿਲੀ ਵਿਧਾਨ ਸਭਾ ਦੇ ਵਿਧਾਨਕਾਰ ਗਯਾ ਰਾਮ ਨੇ 9 ਘੰਟਿਆਂ ਵਿੱਚ ਤਿੰਨ ਵਾਰ ਪਾਰਟੀਆਂ ਬਦਲਕੇ 'ਆਇਆ ਰਾਮ ਗਯਾ ਰਾਮ' ਦਾ ਇਤਿਹਾਸ ਸਿਰਜਿਆ ਸੀ। ਪ੍ਰੰਤੂ ਨਿਤਿਸ਼ ਕੁਮਾਰ ਤਾਂ ਆਇਆ ਰਾਮ ਗਇਆ ਰਾਮ ਦਾ ਵੀ ਗੁਰੂ ਨਿਕਲਿਆ। ਬਿਹਾਰ ਦੇ ਦਿਗਜ਼ ਸਿਆਸਤਦਾਨ ਨਿਤਿਸ਼ ਕੁਮਾਰ ਨੇ ਆਪਣੇ ਸਿਆਸੀ ਜੀਵਨ ਵਿੱਚ 1994 ਤੋਂ ਹੁਣ ਤੱਕ 8 ਵਾਰ ਵੱਖ-ਵੱਖ ਪਾਰਟੀਆਂ ਲੋਕ ਦਲ, ਜਨਤਾ ਦਲ, ਰਾਸ਼ਟਰੀ ਜਨਤਾ ਦਲ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਨਾਲ ਮੁੱਖ ਮੰਤਰੀ ਬਣਿਆਂ ਰਹਿਣ ਲਈ ਗੱਠਜੋੜ ਬਣਾਇਆ ਅਤੇ ਤੋੜਿਆ। ਨਿਤਿਸ਼ ਕੁਮਾਰ ਦੇ ਜਨਤਾ (ਯੂ) ਜਾਂ ਕਿਸੇ ਹੋਰ ਪਾਰਟੀ ਨੂੰ ਕਦੀ ਵੀ ਸਰਕਾਰ ਬਣਾਉਣ ਲਈ ਬਹੁਮਤ ਨਹੀਂ ਮਿਲਿਆ, ਹਰ ਵਾਰ ਗਠਜੋੜ ਦੀ ਸਰਕਾਰ ਬਣਦੀ ਹੈ ਪ੍ਰੰਤੂ ਨਿਤਿਸ਼ ਕੁਮਾਰ ਹਰ ਵਾਰ ਗਠਜੋੜ ਬਣਨ ਸਮੇਂ ਮੁੱਖ ਮੰਤਰੀ ਬਣਦਾ ਹੈ। ਗਠਜੋੜ ਵਾਲੀਆਂ ਪਾਰਟੀਆਂ ਸਰਕਾਰ ਦੀ ਮਿਆਦ ਨੂੰ ਦੋ ਹਿਸਿੱਆਂ ਵਿੱਚ ਵੰਡ ਕੇ ਅੱਧਾ-ਅੱਧਾ ਸਮਾਂ ਮੁੱਖ ਮੰਤਰੀ ਬਣਨ ਦਾ ਸਮਝੌਤਾ ਕਰਦੇ ਸਨ ਪ੍ਰੰਤੂ ਨਿਤਿਸ਼ ਕੁਮਾਰ ਪਹਿਲੇ ਢਾਈ ਸਾਲ ਲਈ ਮੁੱਖ ਮੰਤਰੀ ਬਣਨ ਨੂੰ ਤਰਜੀਹ ਦਿੰਦਾ ਹੈ। ਆਪਣੇ ਢਾਈ ਸਾਲ ਪੂਰੇ ਹੋਣ 'ਤੇ ਬਾਅਦ ਜਦੋਂ ਦੂਜੀ ਪਾਰਟੀ ਦਾ ਮੁੱਖ ਮੰਤਰੀ ਬਣਨਾ ਹੁੰਦਾ ਹੈ ਤਾਂ ਉਹ ਗਠਜੋੜ ਤੋੜ ਕੇ ਕਿਸੇ ਹੋਰ ਪਾਰਟੀ ਨਾਲ ਗਠਜੋੜ ਬਣਾ ਕੇ ਫਿਰ ਮੁੱਖ ਮੰਤਰੀ ਬਣ ਜਾਂਦਾ ਹੈ। ਇਸ ਕਰਕੇ ਬਿਹਾਰ ਵਿੱਚ ਉਸ ਨੂੰ ਸਿਆਸੀ ਪਲਟੀਮਾਰ ਸਿਆਸਤਦਾਨ ਕਹਿੰਦੇ ਹਨ। ਉਹ ਅਜਿਹੇ ਗਠਜੋੜਾਂ ਨਾਲ 8 ਵਾਰ ਪਲਟੀ ਮਾਰ ਕੇ 9 ਵਾਰ ਮੁੱਖ ਮੰਤਰੀ ਬਣਿਆਂ ਪ੍ਰੰਤੂ 9 ਵਿੱਚੋਂ ਸਿਰਫ ਇੱਕ ਵਾਰ ਪੰਜ ਸਾਲ ਦੀ ਪੂਰੀ ਮਿਆਦ ਕਰ ਸਕਿਆ ਹੈ। 2000 ਵਿੱਚ ਤਾਂ ਸਿਰਫ 7 ਦਿਨ ਮੁੱਖ ਮੰਤਰੀ ਰਿਹਾ। ਬਿਹਾਰ ਵਿੱਚ ਉਹ ਹੋਰ ਕਿਸੇ ਨੂੰ ਮੁੱਖ ਮੰਤਰੀ ਦੇ ਅਹੁਦੇ 'ਤੇ ਬੈਠਣ ਨਹੀਂ ਦੇਣਾ ਚਾਹੁੰਦਾ। ਉਹ ਸਮਝਦਾ ਹੈ ਕਿ ਉਹ ਹੀ ਬਿਹਾਰ ਦਾ ਮੁੱਖ ਮੰਤਰੀ ਬਣਨ ਦੇ ਕਾਬਲ ਹੈ ਪ੍ਰੰਤੂ ਹੁਣ ਬਿਹਾਰ ਦੇ ਲੋਕ ਸੋਚਣ ਲਈ ਮਜ਼ਬੂਰ ਹੋਣਗੇ। ਜਦੋਂ ਉਹ ਕਿਸੇ ਪਾਰਟੀ ਨਾਲ ਤੋੜ ਵਿਛੋੜਾ ਕਰਦਾ ਹੈ ਤਾਂ ਉਸ ਪਾਰਟੀ ਬਾਰੇ ਅਜਿਹੀ ਬਿਆਨਬਾਜ਼ੀ ਕਰਦਾ ਹੈ ਕਿ ਇਉਂ ਲੱਗਦਾ ਹੁੰਦੈ ਕਿ ਮੁੜ ਕੇ ਉਸ ਪਾਰਟੀ ਨਾਲ ਗਠਜੋੜ ਕਰੇਗਾ ਹੀ ਨਹੀਂ ਪ੍ਰੰਤੂ ਫਿਰ ਉਸ ਪਾਰਟੀ ਨਾਲ ਜੱਫੀ ਪਾ ਲੈਂਦਾ ਹੈ। ਕਈ ਵਾਰ ਤਾਂ ਇਥੋਂ ਤੱਕ ਕਹਿ ਦਿੰਦਾ ਹੈ ਕਿ ਉਸ ਪਾਰਟੀ ਨਾਲ ਗਠਜੋੜ ਕਰਨ ਦੀ ਥਾਂ ਤਾਂ ਆਤਮ ਹੱਤਿਆ ਕਰ ਲੈਣੀ ਚਾਹੀਦੀ ਹੈ। ਗਿਰਗਟ ਦੇ ਰੰਗ ਬਦਲਣ ਦੀਆਂ ਤਾਂ ਕਹਾਵਤਾਂ ਬਣੀਆਂ ਹੋਈਆਂ ਹਨ ਪ੍ਰੰਤੂ ਨਿਤਿਸ਼ ਕੁਮਾਰ ਨੇ ਤਾਂ ਰੰਗ ਬਦਲਣ ਵਿੱਚ ਗਿਰਗਟ ਨੂੰ ਵੀ ਮਾਤ ਦੇ ਦਿੱਤੀ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਪਾਰਟੀਆਂ ਨਾਲੋਂ ਤੋੜ ਵਿਛੋੜਾ ਅਤੇ ਗਠਜੋੜ ਕਰਨ ਦੀ ਕਿਸੇ ਨੂੰ ਭਿਣਕ ਤੱਕ ਨਹੀਂ ਪੈਣ ਦਿੰਦਾ। ਨਿਤਿਸ਼ ਕੁਮਾਰ ਦੀਆਂ ਪਲਟੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਹੁਣ ਸਿਆਸਤ ਅਸੂਲਾਂ ਦੀ ਨਹੀਂ ਸਗੋਂ ਮੌਕਾ ਪ੍ਰਸਤੀ ਦੀ ਰਹਿ ਗਈ ਹੈ। ਪਹਿਲੀ ਵਾਰ 1994 ਵਿੱਚ ਆਪਣੇ ਪੁਰਾਣੇ ਸਾਥੀ ਲਾਲੂ ਪ੍ਰਸਾਦ ਯਾਦਵ ਨਾਲੋਂ ਤੋੜ ਵਿਛੋੜਾ ਕਰ ਲਿਆ ਅਤੇ ਜਾਰਜ ਫਰਨਾਂਡੇਜ ਨਾਲ ਰਲਕੇ ਆਪਣੀ ਨਵੀਂ ਸਮਤਾ ਪਾਰਟੀ ਬਣਾ ਲਈ। ਜਦੋਂ 1995 ਵਿੱਚ ਬਿਹਾਰ ਵਿਧਾਨ ਸਭਾ ਦੀ ਚੋਣ ਹੋਈ ਤਾਂ ਲਾਲੂ ਪ੍ਰਸਾਦਿ ਦੀ ਪਾਰਟੀ ਤੋਂ ਨਿਤਿਸ਼ ਕੁਮਾਰ ਤੇ ਜਾਰਜ ਫਰਨਾਂਡੇਜ਼ ਦੀ ਸਮਤਾ ਪਾਰਟੀ ਬੁਰੀ ਤਰ੍ਹਾਂ ਹਾਰ ਗਈ। ਫਿਰ 1996 ਵਿੱਚ ਨਿਤਿਸ਼ ਕੁਮਾਰ ਨੇ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਕਰ ਲਿਆ। ਇਸ ਵਾਰ ਵੀ ਨਿਤਿਸ਼ ਕੁਮਾਰ ਤੇ ਭਾਰਤੀ ਜਨਤਾ ਪਾਰਟੀ ਦਾ ਗਠਜੋੜ ਬੁਰੀ ਤਰ੍ਹਾਂ ਹਾਰ ਗਿਆ। 2003 ਵਿੱਚ ਸਮਤਾ ਪਾਰਟੀ ਨੂੰ ਜਨਤਾ ਦਲ ਯੂਨਾਈਟਡ( ਯੂ) ਵਿੱਚ ਬਦਲ ਲਿਆ ਪ੍ਰੰਤੂ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਬਰਕਰਾਰ ਰੱਖਿਆ। 2005 ਵਿੱਚ ਨਿਤਿਸ਼ ਕੁਮਾਰ ਦੇ ਜਨਤਾ ਦਲ (ਯੂ) ਨੇ ਭਾਰਤੀ ਜਨਤਾ ਪਾਰਟੀ ਨਾਲ ਰਲਕੇ ਚੋਣ ਲੜੀ ਅਤੇ ਲਾਲੂ ਪ੍ਰਸਾਦ ਦੇ 15 ਸਾਲਾਂ ਦੇ ਰਾਜ ਦਾ ਅੰਤ ਕਰਕੇ ਨਿਤਿਸ਼ ਕੁਮਾਰ ਮੁੱਖ ਮੰਤਰੀ ਬਣ ਗਿਆ। ਇਹ ਦੋਵੇਂ ਪਾਰਟੀਆਂ ਦਾ ਗਠਜੋੜ 2014 ਤੱਕ ਬਰਕਰਾਰ ਰਿਹਾ। 2014 ਵਿੱਚ ਬਿਹਾਰ ਦੀਆਂ 40 ਲੋਕ ਸਭਾ ਸੀਟਾਂ ਵਿੱਚੋਂ ਸਿਰਫ ਦੋ ਸੀਟਾਂ ਜਿੱਤ ਸਕਿਆ ਤਾਂ ਇਸ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਆਪਣਾ ਵਿਸ਼ਵਾਸ਼ਪਾਤਰ ਜਿਤਿਨ ਰਾਮ ਮਾਂਝੀ ਮੁੱਖ ਮੰਤਰੀ ਬਣਵਾ ਲਿਆ। 2015 ਵਿੱਚ ਫਿਰ ਨਿਤਿਸ਼ ਕੁਮਾਰ ਨੇ ਲਾਲੂ ਪ੍ਰਸਾਦਿ ਯਾਦਵ ਦੇ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਨਾਲ ਗਠਜੋੜ ਬਣਾ ਲਿਆ। ਇਹ ਤਿੰਨਾ ਪਾਰਟੀਆਂ ਦਾ ਗਠਜੋੜ ਚੋਣਾਂ ਜਿੱਤ ਗਿਆ ਤੇ ਫਿਰ ਜਿਤਿਨ ਰਾਮ ਮਾਂਝੀ ਨੂੰ ਹਟਾ ਕੇ ਨਿਤਿਸ਼ ਕੁਮਾਰ ਮੁੱਖ ਮੰਤਰੀ ਬਣ ਗਿਆ। 2015 ਵਿੱਚ ਜਦੋਂ ਭਾਰਤੀ ਜਨਤਾ ਪਾਰਟੀ ਨੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾ ਦਿੱਤਾ ਤਾਂ ਇਸ ਦੇ ਵਿਰੋਧ ਵਿੱਚ ਨਿਤਿਸ਼ ਕੁਮਾਰ ਨੇ ਭਾਰਤੀ ਜਨਤਾ ਪਾਰਟੀ ਨਾਲੋਂ ਨਾਤਾ ਤੋੜ ਲਿਆ। ਕਿਉਂਕਿ ਨਿਤਿਸ਼ ਕੁਮਾਰ ਐਨ।ਡੀ।ਏ। ਦਾ ਪ੍ਰਧਾਨ ਮੰਤਰੀ ਦਾ ਸਾਂਝਾ ਉਮੀਦਵਾਰ ਬਣਨਾ ਚਾਹੁੰਦਾ ਸੀ। ਅਸਲ ਵਿੱਚ ਨਿਤਿਸ਼ ਕੁਮਾਰ ਨੇ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਇਸ ਇਰਾਦੇ ਨਾਲ ਕੀਤਾ ਸੀ ਕਿ ਭਾਰਤੀ ਜਨਤਾ ਪਾਰਟੀ ਉਸ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਐਲਾਨ ਕਰੇਗੀ ਪ੍ਰੰਤੂ ਹੋਇਆ ਉਸ ਦੇ ਇਰਾਦੇ ਦੇ ਉਲਟ ਦੋ ਸਾਲ ਰਾਜ ਕਰਨ ਤੋਂ ਬਾਅਦ ਜਦੋਂ 2017 ਵਿੱਚ ਰਾਸ਼ਟਰੀ ਜਨਤਾ ਪਾਰਟੀ ਦਾ ਮੁੱਖ ਮੰਤਰੀ ਬਣਨ ਦੀ ਵਾਰੀ ਆਈ ਤਾਂ ਨਿਤਿਸ਼ ਕੁਮਾਰ ਨੇ ਪਾਲਾ ਬਦਲ ਕੇ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਕਰ ਲਿਆ। ਫਿਰ ਨਿਤਿਸ਼ ਕੁਮਾਰ ਮੁੱਖ ਮੰਤਰੀ ਬਣ ਗਿਆ। ਜਦੋਂ ਕਿ ਭਾਰਤੀ ਜਨਤਾ ਪਾਰਟੀ ਨੇ ਨਿਤਿਸ਼ ਕੁਮਾਰ ਦੀ ਪਾਰਟੀ ਜਨਤਾ ਦਲ (ਯੂ) ਤੋਂ ਵਿਧਾਨ ਸਭਾ ਦੀਆਂ ਵਧੇਰੇ ਸੀਟਾਂ ਜਿੱਤੀਆਂ ਸਨ। 2019 ਦੀਆਂ ਲੋਕ ਸਭਾ ਅਤੇ 2020 ਦੀਆਂ ਵਿਧਾਨ ਸਭਾ ਚੋਣਾਂ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਨਾਲ ਲੜੀਆਂ ਅਤੇ ਦੋਵਾਂ ਚੋਣਾਂ ਵਿੱਚ ਐਨ।ਡੀ।ਏ। ਨੇ ਜਿੱਤ ਪ੍ਰਾਪਤ ਕੀਤੀ। 2020 ਵਿੱਚ ਨਿਤਿਸ਼ ਕੁਮਾਰ ਫਿਰ ਮੁੱਖ ਮੰਤਰੀ ਬਣ ਗਿਆ। ਪ੍ਰੰਤੂ ਇਹ ਗਠਜੋੜ ਵੀ ਬਹੁਤਾ ਸਮਾਂ ਚਲ ਨਾ ਸਕਿਆ। ਅਗਸਤ 2022 ਵਿੱਚ ਨਿਤਿਸ਼ ਕੁਮਾਰ ਫਿਰ ਪਲਟੀ ਮਾਰ ਗਿਆ ਅਤੇ ਮਹਾਂਗਠਬੰਧਨ ਵਿੱਚ ਸ਼ਾਮਲ ਹੋ ਗਿਆ ਅਤੇ ਨਿਤਿਸ਼ ਕੁਮਾਰ ਮੁੱਖ ਮੰਤਰੀ ਬਣ ਗਏ, ਹਾਲਾਂ ਕਿ ਰਾਸ਼ਟਰੀ ਜਨਤਾ ਦਲ 79 ਵਿਧਾਨਕਾਰ ਅਤੇ ਜਨਤਾ ਦਲ (ਯੂ) ਦੇ ਸਿਰਫ 45 ਵਿਧਾਨਕਾਰ ਸਨ। 28 ਜਨਵਰੀ 2024 ਨੂੰ ਫਿਰ ਤਿੰਨਾ ਪਾਰ-ਟੀਆਂ ਨਾਲੋਂ ਵੱਖ ਹੋ ਕੇ ਭਾਰਤੀ ਜਨਤਾ ਪਾਰਟੀ ਨਾਲ ਹੱਥ ਮਿਲਾਕੇ ਦੁਬਾਰਾ ਮੁੱਖ ਮੰਤਰੀ ਬਣ ਗਏ ਹਾਲਾਂ ਕਿ ਭਾਰਤੀ ਜਨਤਾ ਪਾਰਟੀ ਦੇ 78 ਵਿਧਾਨਕਾਰ ਅਤੇ ਜਨਤਾ ਦਲ (ਯੂ) ਦੇ ਸਿਰਫ 45 ਹੀ ਹਨ। ਚਾਰ ਸਾਲਾਂ ਵਿੱਚ ਨਿਤਿਸ਼ ਕੁਮਾਰ ਨੇ ਤਿੰਨ ਵਾਰੀ ਪਲਟੀ ਮਾਰਨ ਕਰਕੇ ਮੁੱਖ ਮੰਤਰੀ ਦੀ ਸਹੁੰ ਚੁੱਕੀ ਹੈ। 2025 ਵਿੱਚ ਬਿਹਾਰ ਵਿਧਾਨ ਸਭਾ ਦੀਆਂ ਚੋਣਾ ਹੋਣੀਆਂ ਹਨ ਫਿਰ ਪਤਾ ਨਹੀਂ ਨਿਤਿਸ਼ ਕੁਮਾਰ ਕਿਹੜੀ ਪਾਰਟੀ ਨਾਲ ਗਠਜੋੜ ਕਰੇਗਾ। ਪਾਰਟੀ ਭਾਵੇਂ ਕੋਈ ਹੋਵੇ ਸਿਧਾਂਤਾਂ ਦੀ ਗੱਲ ਨਹੀਂ ਗੱਲ ਤਾਂ ਮੁੱਖ ਮੰਤਰੀ ਦੀ ਕੁਰਸੀ ਹੈ। ਇੰਡੀਆ ਗੱਠਜੋੜ ਦੀ ਮੀਟਿੰਗ ਵਿੱਚ ਮਮਤਾ ਬੈਨਰਜੀ ਅਤੇ ਅਰਵਿੰਦ ਕੇਜਰੀਵਾਲ ਨੇ ਕਾਂਗਰਸ ਪਾਰਟੀ ਦੇ ਪ੍ਰਧਾਨ ਮਲਕ ਅਰਜਨ ਖੜਗੇ ਨੂੰ ਇੰਡੀਆ ਗਠਜੋੜ ਦਾ ਕਨਵੀਨਰ ਬਣਾਉਣ ਦੀ ਤਜਵੀਜ਼ ਪੇਸ਼ ਕਰ ਦਿੱਤੀ, ਜਿਸ ਗੱਲ ਤੋਂ ਨਿਤਿਸ਼ ਕੁਮਾਰ ਨਰਾਜ਼ ਹੋ ਗਿਆ ਕਿਉਂਕਿ ਉਸ ਦੀ ਇੱਛਾ ਪੂਰੀ ਹੁੰਦੀ ਨਜ਼ਰ ਨਹੀਂ ਆ ਰਹੀ ਸੀ। ਹਾਲਾਂ ਕਿ ਸਭ ਤੋਂ ਪਹਿਲਾਂ ਨਿਤਿਸ਼ ਕੁਮਾਰ ਨੇ 23 ਜੂਨ 2023 ਨੂੰ ਆਪਣੇ ਘਰ ਭਾਰਤੀ ਜਨਤਾ ਪਾਰਟੀ ਦੇ ਵਿਰੁੱਧ ਲੋਕ ਸਭਾ ਦੀਆਂ ਚੋਣਾਂ ਲੜਨ ਲਈ ਗਠਜੋੜ ਬਣਾਉਣ ਲਈ ਮੀਟਿੰਗ ਕੀਤੀ ਸੀ। ਨਿਤਿਸ਼ ਕੁਮਾਰ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਨਹੀਂ ਬਣਾਇਆ, ਇਸ ਕਰਕੇ ਉਸ ਨੇ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਬਣਾ ਲਿਆ ਹੈ, ਉਸ ਨੂੰ ਡਰ ਹੋ ਗਿਆ ਲੱਗਦਾ ਹੈ ਕਿ 2024 ਵਿੱਚ ਜੇਕਰ ਐਨ।ਡੀ।ਏ।ਜਿੱਤ ਗਈ ਤਾਂ ਕਿਤੇ ਉਸ ਦੀ ਮੁੱਖ ਮੰਤਰੀ ਦੀ ਕੁਰਸੀ ਹੀ ਨਾ ਖੁਸ ਜਾਵੇ। ਸਿਆਸੀ ਤਾਕਤ ਵਿੱਚ ਰਹਿਣਾ ਨਿਤਿਸ਼ ਕੁਮਾਰ ਦੀ ਕਮਜ਼ੋਰੀ ਹੈ। ਬਿਹਾਰ ਦੇ ਲੋਕਾਂ ਨੂੰ ਨਿਤਿਸ਼ ਕੁਮਾਰ 'ਤੇ ਬਹੁਤ ਸਾਰੀਆਂ ਆਸਾਂ ਸਨ ਪ੍ਰੰਤੂ ਉਸ ਨੇ ਬਿਹਾਰ ਦੇ ਲੋਕਾਂ ਨਾਂਲ ਧ੍ਰੋਹ ਕਰਕੇ ਆਪਣੀ ਸ਼ਾਖ਼ ਖੁਦ ਗੁਆ ਲਈ ਹੈ। ਵੇਖਦੇ ਹਾਂ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਕਿਤਨੀ ਦੇਰ ਚਲਦਾ ਹੈ।





ਉਜਾਗਰ ਸਿੰਘ
91-94178 13072






# ਅਮਰੀਕਾ ਵਿਚ ਹਸਪਤਾਲ ਨੂੰ ਲਿਜਾਣ ਸਮੇਂ ਹੱਤਿਆ ਦੇ ਮਾਮਲੇ ਵਿਚ ਸ਼ੱਕੀ ਨਬਾਲਗ ਦੋਸ਼ੀ ਹੋਇਆ ਫਰਾਰ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ 2020 ਵਿਚ ਹੋਈ ਹੱਤਿਆ ਦੇ ਮਾਮਲੇ ਵਿਚ ਨਬਾਲਗ ਸ਼ੱਕੀ ਦੋਸ਼ੀ ਦੇ ਉਸ ਵੇਲੇ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਜਾਣ ਦੀ ਖਬਰ ਹੈ ਜਦੋਂ ਉਸ ਨੂੰ ਇਲਾਜ਼ ਲਈ ਫਿਲਾਡੈਲਫੀਆ ਸ਼ਹਿਰ ਦੇ ਇਕ ਹਸਪਤਾਲ ਵਿਚ ਲਿਜਾਇਆ ਜਾ ਰਿਹਾ ਸੀ। ਪੁਲਿਸ ਨੇ ਕਿਹਾ ਹੈ ਕਿ 17 ਸਾਲਾ ਸ਼ੱਕੀ ਦੋਸ਼ੀ ਸ਼ੇਨ ਪਰਾਈਓਰ ਨੂੰ ਹੱਥ 'ਤੇ ਹੋਏ ਜ਼ਖਮ ਦੇ ਇਲਾਜ਼ ਲਈ ਫਿਲਾਡੈਲਫੀਆ ਜੁਵੇਨਾਈਲ



ਜਸਟਿਸ ਸਰਵਿਸਜ ਸੈਂਟਰ ਤੋਂ ਬੱਚਿਆਂ ਦੇ ਹਸਪਤਾਲ ਲਿਜਾਇਆ ਜਾ ਰਿਹਾ ਸੀ ਕਿ ਉਹ ਅਚਾਨਕ ਬਚ ਕੇ ਨਿਕਲ ਜਾਣ ਵਿਚ ਸਫਲ ਹੋ ਗਿਆ। ਰਾਬਰਟ ਕਲਾਰਕ ਡਿਪਟੀ ਯੂ ਐਸ ਮਾਰਸ਼ਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੇਨ ਇਕ ਖਤਰਨਾਕ ਨਿਰਾਸ਼ ਵਿਅਕਤੀ ਹੈ ਉਸ ਨੂੰ ਕਾਬੂ ਕਰਨ ਲਈ ਹਰ ਮੌਜੂਦ ਸਾਧਨ ਦੀ ਵਰਤੋਂ ਕੀਤੀ ਜਾਵੇਗੀ। ਉਸ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ 5000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ।

# ਘਰੇਲੂ ਝਗੜਾ ਨਿਪਟਾਉਣ ਗਏ ਪੁਲਿਸ ਅਫਸਰਾਂ 'ਤੇ ਚਲਾਈ ਗੋਲੀ

## ਗੋਲੀਬਾਰੀ ਵਿਚ ਇਕ ਮੌਤ ਤੇ 2 ਪੁਲਿਸ ਅਫਸਰ ਜ਼ਖਮੀ, ਹਮਲਾਵਰ ਵੀ ਮਾਰਿਆ ਗਿਆ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਫਲੋਰਿਡਾ ਰਾਜ ਦੇ ਪਾਲਮ ਬੇਅ ਖੇਤਰ ਵਿਚ ਘਰੇਲੂ ਝਗੜੇ ਸਬੰਧੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਉਪਰ ਇਕ ਸ਼ੱਕੀ ਵਿਅਕਤੀ ਵੱਲੋਂ ਗੋਲੀ ਚਲਾ ਦੇਣ ਦੀ ਖਬਰ ਹੈ। ਪਾਲਮ ਬੀਚ ਪੁਲਿਸ ਮੁੱਖੀ ਮਾਰੀਆਨੋ ਔਗੇਲੋ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਪੁਲਿਸ ਅਫਸਰ ਮੌਕੇ 'ਤੇ ਪੁੱਜੇ ਤਾਂ ਉਨਾਂ ਦਾ ਸਾਹਮਣਾ ਇਕ 24 ਸਾਲਾ ਹਥਿਆਰਬੰਦ ਵਿਅਕਤੀ ਨਾਲ ਹੋਇਆ। ਪੁਲਿਸ ਅਫਸਰਾਂ ਤੇ ਵਿਅਕਤੀ ਵਿਚਾਲੇ ਦੁਪਾਸੜ ਗੋਲੀਬਾਰੀ ਹੋਈ। ਇਸ ਦੌਰਾਨ ਵਿਅਕਤੀ ਮੌਕੇ ਤੋਂ ਫਰਾਰ ਹੋ ਗਿਆ। ਉਨਾਂ ਕਿਹਾ ਕਿ ਪੁਲਿਸ ਨੇ ਪਿੱਛਾ ਕਰਕੇ ਹਮਲਾਵਰ ਨੂੰ ਘੇਰ ਲਿਆ ਜਿਸ ਦੌਰਾਨ ਹੋਈ ਗੋਲੀਬਾਰੀ ਵਿਚ ਹਮਲਾਵਰ ਦੀ ਮੌਤ ਹੋ ਗਈ। ਇਸ ਦੌਰਾਨ ਇਕ ਹੋਰ ਵਿਅਕਤੀ ਵੀ ਮਾਰਿਆ ਗਿਆ। ਸਮਝਿਆ ਜਾਂਦਾ ਹੈ ਕਿ ਉਸ ਦੀ ਮੌਤ ਸ਼ੱਕੀ ਵਿਅਕਤੀ ਵੱਲੋਂ ਚਲਾਈ ਗੋਲੀ ਨਾਲ ਹੋਈ ਹੈ। ਪੁਲਿਸ ਮੁੱਖੀ ਨੇ ਕਿਹਾ ਕਿ ਸਾਡੇ ਅਫਸਰਾਂ ਨੇ ਉਹ ਹੀ ਕੁਝ ਕੀਤਾ ਹੈ ਜਿਸ ਲਈ ਉਨਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਉਨਾਂ ਨੇ ਲੋਕਾਂ ਲਈ ਖਤਰਾ ਬਣੇ ਵਿਅਕਤੀ ਵਿਰੁੱਧ ਕਾਰਵਾਈ ਕੀਤੀ ਹੈ। ਉਨਾਂ ਕਿਹਾ ਕਿ ਇਸ ਘਟਨਾ ਵਿਚ ਜਖਮੀ ਹੋਏ ਪੁਲਿਸ ਅਫਸਰਾਂ ਦਾ ਸਥਾਨਕ ਹਸਪਤਾਲ ਵਿਚ ਇਲਾਜ ਕੀਤਾ ਜਾ ਰਿਹਾ ਹੈ। ਉਨਾਂ ਦੀ ਹਾਲਤ ਸਥਿਰ ਹੈ। ਘਟਨਾ ਦੀ ਜਾਂਚ ਫਲੋਰਿਡਾ ਡਿਪਾਰਟਮੈਂਟ ਆਫ ਲਾਅ ਇਨਫੋਰਸਮੈਂਟ ਵੱਲੋਂ ਕੀਤੀ ਜਾਵੇਗੀ। ਪੁਲਿਸ ਨੇ ਸ਼ੱਕੀ ਹਮਲਾਵਰ ਦਾ ਨਾਂ ਜਾਰੀ ਨਹੀਂ ਕੀਤਾ ਹੈ।

# ਅਮਰੀਕਾ ਦੇ ਓਹੀਓ ਰਾਜ ਵਿਚ ਡੀਜ਼ਲ ਨਾਲ ਭਰੇ ਟੈਂਕਰ ਨੂੰ ਪੇਸ਼ ਆਏ ਹਾਦਸੇ ਉਪਰੰਤ ਲੱਗੀ ਅੱਗ, ਡਰਾਈਵਰ ਦੀ ਮੌਕੇ ਉਪਰ ਹੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਓਹੀਓ ਰਾਜ ਵਿਚ ਡੀਜ਼ਲ ਨਾਲ ਭਰੇ ਟੈਂਕਰ ਟਰੱਕ ਦੇ ਹਾਦਸਾਗ੍ਰਸਤ ਹੋ ਜਾਣ ਦੀ ਖਬਰ ਹੈ ਜਿਸ ਕਾਰਨ ਡਰਾਈਵਰ ਦੀ ਘਟਨਾ ਸਥਾਨ 'ਤੇ ਹੀ ਮੌਤ ਹੋ ਗਈ। ਸਮਿਟ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਟਰੱਕ ਮੇਸਡੋਨੀਆ ਵਿਚ ਸਟੇਟ ਰੂਟ 8 ਉਪਰ ਉੱਤਰ ਵਲ ਜਾ ਰਿਹਾ ਸੀ ਜਦੋਂ ਡਰਾਈਵਰ ਨੇ ਇੰਟਰ ਸਟੇਟ 271ਉਪਰ ਆਉਣ ਦੀ ਕੋਸ਼ਿਸ਼ ਕੀਤੀ ਤਾਂ ਟਰੱਕ ਕੰਟਰੋਲ



ਤੋਂ ਬਾਹਰ ਹੋ ਕੇ ਇਕ ਪੁਲ ਨਾਲ ਟਕਰਾ ਗਿਆ। ਉਪੰਰਤ ਟਰੱਕ ਨੂੰ ਅੱਗ ਲੱਗ ਗਈ। ਡਰਾਈਵਰ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਓਹੀਓ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ ਦੇ ਬੁਲਾਰੇ ਬਰੀਆਂਟ ਸਮਰਵਿਲੇ ਨੇ ਕਿਹਾ ਹੈ ਕਿ ਟਰੱਕ ਵਿਚ 7500 ਗੈਲਨ ਤੇਲ ਸੀ ਜੋ ਨਾਲ ਲੱਗਦੇ ਦਰਿਆ ਵਿਚ ਵਹਿ ਗਿਆ। ਮ੍ਰਿਤਕ ਡਰਾਈਵਰ ਦੇ ਨਾਂ ਦਾ ਪਤਾ ਨਹੀਂ ਲੱਗ ਸਕਿਆ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਅਲਬੇਲੇ ਮਿਸ਼ਨਰੀ ਸ਼ਾਇਰ ਸ਼ਿਵਦਿਆਲ ਸਿੰਘ ਅਨਜਾਣ ਨਮਿਤ ਹੋਈ ਅੰਤਿਮ ਅਰਦਾਸ


ਸਵਰਗੀ ਸ਼ਿਵਦਿਆਲ ਸਿੰਘ ਅਨਜਾਣ










ਮਿਸ਼ਨਰੀ ਲੇਖਕ ਅਤੇ ਸ਼ਾਇਰ ਸ਼ਿਵ ਦਿਆਲ ਸਿੰਘ ਅਨਜਾਣ ਧੋਗੜੀ ਵਾਲੇ ਨੇ ਦਲਿਤ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਕੌਮੀ ਸਟੇਜ਼ਾਂ 'ਤੇ ਆਪਣੀਆਂ ਜੋਸ਼ੀਲੀਆਂ ਕਵਿਤਾਵਾਂ, ਗੀਤਾਂ ਨਾਲ ਸਮਾਜ ਨੂੰ ਜਾਗਰਿਤ ਕੀਤਾ। ਅਣਜਾਣ ਜੀ ਦੀਆਂ ਰਚਨਾਵਾਂ ਸਰੋਤਿਆਂ ਦੇ ਧੁਰ ਅੰਤਰ ਆਤਮਾ ਤੱਕ ਪੁੱਜਣ ਦੇ ਸਮਰੱਥ ਹੁੰਦੀਆਂ ਹਨ। ਆਪ ਜੀ ਦਾ ਜਨਮ ਸੰਨ ਅਪ੍ਰੈਲ 1947 ਨੂੰ ਇਕ ਪੁਰਾਤਨ ਤੇ ਮਹੱਤਵਪੂਰਨ ਪਿੰਡ ਧੋਗੜੀ, ਨਜ਼ਦੀਕ ਅਲਾਵਲਪੁਰ, ਜ਼ਿਲ੍ਹਾ ਜਲੰਧਰ ਵਿਖੇ ਪਿਤਾ ਸ੍ਰੀਮਾਨ ਕਰਤਾਰ ਚੰਦ ਅਤੇ ਮਾਤਾ ਸ੍ਰੀਮਤੀ ਕੇਸਰੀ ਜੀ ਦੇ ਘਰ ਹੋਇਆ। ਇਹ ਉਹ ਸਮਾਂ ਸੀ ਜਦੋਂ ਛੂਆ-ਛਾਤ, ਆਰਥਿਕ, ਸਮਾਜਿਕ ਅਤੇ ਧਾਰਮਿਕ ਨਾ-ਬਰਾਬਰੀ ਦਾ ਪਸਾਰਾ ਆਮ ਪਸਰਿਆ ਹੋਇਆ ਸੀ। ਇਨ੍ਹਾਂ ਸਮਾਜਿਕ ਪ੍ਰਸਥਿਤੀਆਂ ਨੇ ਅਣਜਾਣ ਧੋਗੜੀ ਵਾਲੇ ਨੂੰ ਕਲਮ ਚੁੱਕਣ ਲਈ ਮਜਬੂਰ ਕਰ ਦਿੱਤਾ। ਦੂਜਾ ਇਹ ਦੌਰ ਹੀ ਅਜਿਹਾ ਸੀ ਜਦੋਂ ਸਾਡੇ ਰਹਿਬਰਾਂ ਦਾ ਇਤਿਹਾਸ ਬਹੁਤ ਘੱਟ ਉਪਲੱਬਧ ਹੋਇਆ ਕਰਦਾ ਸੀ। ਅਜਿਹੇ ਹਾਲਾਤਾਂ 'ਚ ਗੁਰੂ ਜੀ ਦੀ ਉਪਮਾਂ ਨੂੰ ਛੰਦ-ਬੰਦ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ । ਇਨ੍ਹਾਂ ਪ੍ਰਸਥਿਤੀਆਂ 'ਚੋਂ ਅਣਜਾਣ ਦੇ ਹਿਰਦੇ ਅੰਦਰ ਜਗਿਆਸਾ ਜਾਗ ਉਠੀ ਕਿ ਗੁਰੂ ਜੀ ਦੀ ਉਪਮਾ ਦਾ ਵਿਖਿਆਨ ਹਰ ਹਾਲਤ ਵਿਚ ਕਰਨਾ ਹੀ ਹੈ। ਸਾਧਨ ਬੜੇ ਸੀਮਤ ਸਨ। ਆਰਥਿਕ ਵਸੀਲੇ ਨਾ-ਮਾਤਰ ਸਨ। ਆਪ ਨੇ ਕੌਮੀ ਵਿਦਵਾਨਾਂ ਨਾਲ ਲਗਾਤਾਰ ਰਾਬਤਾ ਕਾਇਮ ਰੱਖਿਆ। ਰਹਿੰਦੀ ਕਸਰ ਉਦੋਂ ਪੂਰੀ ਹੋਈ ਜਦੋਂ ਆਪ ਦਾ ਨਾਤਾ ਡੇਰਾ ਮਹਾਨਪੁਰੀ ਕਾਹਰੀ ਸਾਹਰੀ ਵਾਲੇ ਸੰਤ ਮਹਾਂਪੁਰਸ਼ਾਂ ਸੰਗ ਜੁੜਨ ਦਾ ਸਬੱਬ ਬਣਿਆ। ਇਥੇ ਸੰਤ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਨਾਲ ਆਪ ਨੇ ਰਾਗ ਕੀਰਤਨ ਤੇ ਕਥਾ ਪ੍ਰਵਾਹ ਆਦਿ ਦੀਆਂ ਡੂੰਘੀਆਂ ਰਮਜ਼ਾਂ ਨੂੰ ਸਮਝਿਆ। ਬਾਅਦ ਵਿਚ ਸਤਿਗੁਰਾਂ ਦੀ ਅਪਾਰ ਕ੍ਰਿਪਾ ਨਾਲ ਆਪ ਨੇ ਨਾਮ ਦਾਨ ਦੀ ਬਖਸ਼ਿਸ਼ ਸ੍ਰੀਮਾਨ ਸੰਤ ਸੇਵਾ ਦਾਸ ਜੀ ਮਹਾਰਾਜ ਜੀ ਕਾਹਰੀ-ਸਾਹਰੀ ਵਾਲਿਆਂ ਤੋਂ ਪ੍ਰਾਪਤ ਕੀਤੀ। ਸ਼ਾਇਰੀ ਦੀਆਂ ਜਰਬਾਂ ਤਕਸੀਮਾਂ ਆਪ ਨੇ ਉਸ ਸਮੇਂ ਦੇ ਪ੍ਰਸਿੱਧ ਸ਼ਾਇਰਾਂ ਸ੍ਰੀਮਾਨ ਕਰਮ ਚੰਦ ਬਿਜਲੀ ਅਤੇ ਸ੍ਰੀਮਾਨ ਕਿਸ਼ਨ ਸਿੰਘ ਮਸਤਾਨਾ ਨਾਹਲਾ ਵਾਲਿਆਂ ਤੋਂ ਗ੍ਰਹਿਣ ਕੀਤੀਆਂ। ਫਿਰ ਬਹੁਤਾ ਸਮਾਂ ਨਾ ਲੱਗਾ ਜਦੋਂ ਆਪ ਕੌਮੀ ਸਟੇਜ਼ਾਂ ਦੇ ਸ਼ਾਹ-ਅਸਵਾਰ ਬਣ ਗਏ। ਸਮਾਂ ਪਾ ਕੇ ਆਪ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ (ਰਜਿ।) ਪੰਜਾਬ ਦੇ ਵੱਖ-ਵੱਖ ਡੇਰਿਆਂ ਵਿਚ ਆਪ ਆਪਣੀ ਭਰਪੂਰ ਹਾਜ਼ਰੀ ਲਗਵਾਉਣ ਲੱਗੇ। ਆਪ ਨੇ ਮਿਸ਼ਨ ਦੇ ਪ੍ਰਚਾਰ ਲਈ ਇੰਗਲੈਂਡ ਦੀ ਧਰਤੀ 'ਤੇ ਵੀ ਆਪਣੀਆਂ ਅਹਿਮ ਸੇਵਾਵਾਂ ਨਿਭਾਈਆਂ ਹਨ। ਆਪ ਦੀ ਸ਼ਾਇਰੀ ਦੀ ਸੂਖਮ ਕਲਾ ਵੀ ਮਾਣ ਵਡਿਆਈ ਕਰਦਿਆਂ-ਕਰਦਿਆਂ ਆਪ ਜੀ ਨੂੰ ਕਈ ਸਭਾਵਾਂ ਨੇ ਬਣਦਾ ਮਾਣ ਤਾਣ ਬਖਸ਼ਿਸ਼ ਕੀਤਾ ਹੈ। ਜਿਨ੍ਹਾਂ 'ਚ ਡਾ. ਬੀ.ਆਰ. ਅੰਬੇਡਕਰ ਐਜੂਕੇਸ਼ਨ ਐਂਡ ਵੈਲਫੇਅਰ ਟਰੱਸਟ (ਰਜਿ.) ਰੰਧਾਵਾ ਮਸੰਦਾਂ, ਜ਼ਿਲ੍ਹਾ ਜਲੰਧਰ। ਸ੍ਰੀ ਗੁਰੂ ਰਵਿਦਾਸ ਗੁਰਧਾਮ ਵੈਲਫੇਅਰ ਕਮੇਟੀ ਮਾਧੋਪੁਰ, ਸਰਬੱਤ ਭਲਾ ਆਸ਼ਰਮ ਨਿਊ ਅਨੰਦ ਨਗਰ ਮਕਸੂਦਾਂ ਦੇ ਜਲੰਧਰ ਦੇ ਸੰਤ ਬਾਬਾ ਜਗੀਰ ਸਿੰਘ, ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਰਾਸ਼ਟਰੀ ਪ੍ਰਧਾਨ ਸੰਤ ਬਾਬਾ ਸਤਵਿੰਦਰ ਹੀਰਾ ਜੀ, ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ (ਰਜਿ.) ਪੰਜਾਬ, ਇੰਗਲੈਂਡ ਦੇ ਵੱਖ-ਵੱਖ ਗੁਰਧਾਮ ਆਦਿ। ਪਿਛਲੇ ਕੁਝ ਸਮੇਂ ਤੋਂ ਸ਼ਿਵਦਿਆਲ ਅਣਜਾਣ ਧੋਗੜੀ ਵਾਲੇ ਸਿਹਤ ਪੱਖੋਂ ਥੋੜ੍ਹਾ ਮਹਿਫੂਜ਼ ਨਹੀਂ ਸਨ। 23 ਜਨਵਰੀ ਨੂੰ ਉਹ ਅਚਾਨਕ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਉਨਾਂ ਦੇ ਨਮਿੱਤ ਅੰਤਿਮ ਅਰਦਾਸ ਸ੍ਰੀ ਗੁਰੂ ਰਵਿਦਾਸ ਭਵਨ ਪਿੰਡ ਧੋਗੜੀ ਜ਼ਿਲ੍ਹਾ ਜਲੰਧਰ ਵਿਖੇ ਹੋਈ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਮਨਪ੍ਰੀਤ ਸਿੰਘ ਧੋਗੜੀ ਨੇ ਗੁਰਬਾਣੀ ਦਾ ਵੈਰਾਗਮਈ ਕੀਰਤਨ ਸਰਵਣ ਕਰਾਇਆ।ਬੁਲਾਰਿਆਂ ਵਿੱਚ ਐਡ-ਵੋਕੇਟ ਬਲਵਿੰਦਰ ਕੁਮਾਰ ਬਸਪਾ ਆਗੂ, ਪਰਮਜੀਤ ਸਿੰਘ, ਡਾਕਟਰ ਮਨਪ੍ਰੀਤ ਕੌਰ ਨੇ ਆਪਣੇ ਵਿਚਾਰ ਰੱਖੇ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ।) ਬਿਨਪਾਲਕੇ ਦੇ ਮੈਂਬਰਾਂ ਚਰਨਜੀਤ ਸਿੰਘ, ਹਰਜਿੰਦਰ ਪਾਲ ਅਤੇ ਰਣਜੀਤ ਸਿੰਘ ਨੇ ਅਣਜਾਣ ਜੀ ਦੀ ਸੁਪਤਨੀ ਬੀਬੀ ਨਿਰਮਲ ਕੌਰ ਜੀ ਨੂੰ ਛਾਲ ਭੇਟ ਕੀਤਾ। ਇਸ ਮੌਕੇ ਅਣਜਾਨ ਜੀ ਦੀ ਕਵਿਤਾਵਾਂ ਦੀ ਪੁਸਤਕ ਅਤੇ ਹੋਰ ਪੁਸਤਕਾਂ ਮੁਫਤ ਭੇਟ ਕੀਤੀਆਂ ਗਈਆਂ। ਉਨ੍ਹਾਂ ਦੇ ਸਪੁੱਤਰ ਸ੍ਰੀ ਓਮ ਨਾਥ ਅਤੇ ਹਰਚੰਦ ਸਿੰਘ ਸਪੁੱਤਰੀਆਂ ਅਮਰਜੀਤ ਕੌਰ ਅਤੇ ਬਲਵਿੰਦਰ ਕੌਰ ਨੇ ਆਏ ਰਿਸ਼ਤੇਦਾਰਾਂ ਤੇ ਨਗਰ ਨਿਵਾਸੀ ਸੰਗਤਾਂ ਦਾ ਧੰਨਵਾਦ ਕੀਤਾ। ਜਿੱਥੇ ਇਹਨਾਂ ਦੇ ਸਾਰੇ ਪਰਿਵਾਰ ਨੂੰ ਅਣਜਾਣ ਧੋਗੜੀ ਜੀ ਦੇ ਜਾਣ ਦਾ ਬਹੁਤ ਵੱਡਾ ਘਾਟਾ ਪਿਆ ਹੈ ਉਥੇ ਦਲਿਤ ਸਮਾਜ ਵੀ ਆਪਣੇ ਜ਼ੋਸ਼ੀਲੇ, ਯੋਧੇ ਸ਼ਾਇਰ ਤੋਂ ਵਾਂਝਾ ਹੋ ਗਿਆ ਹੈ। ਗਿਆਨੀ ਸ਼ਿਵ ਦਿਆਲ ਸਿੰਘ ਅਜਨਾਨ ਧੋਗੜੀ ਵਾਲੇ ਆਪਣੀ ਸ਼ਾਇਰੀ, ਕਵਿਤਾਵਾਂ ਤੇ ਗੀਤਾਂ ਨਾਲ ਹਮੇਸ਼ਾ ਅਮਰ ਰਹਿਣਗੇ।

ਅਦਾਰਾ ਦੇਸ਼ ਦੁਆਬਾ ਵੱਲੋਂ ਭੇਜਿਆ ਹੋਇਆ ਸ਼ੋਕ ਸੰਦੇਸ਼ ਕਿ ਜੋਸ਼ੀਲੇ ਕਵੀ ਸ਼ਿਵ ਦਿਆਲ ਸਿੰਘ ਅਣਜਾਣ ਜੀ ਦੇ ਵਿਛੜਨ ਦਾ ਘਾਟਾ ਉਨ੍ਹਾਂ ਦੇ ਪਰਿਵਾਰ ਦੇ ਨਾਲ ਨਾਲ ਸਮਾਜ ਨੂੰ ਵੀ ਹੈ ਜਿਸ ਦੀ ਪੂਰਤੀ ਨਹੀਂ ਹੋ ਸਕਦੀ।

**- ਚਰਨਜੀਤ ਬਿਨਪਾਲਕੇ**


NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਗੁਰਮਤਿ ਸਿਧਾਂਤ ਤੇ ਅਜੋਕਾ ਸਿੱਖ ਸਮਾਜ



ਲਾਲ ਸਿੰਘ ਸੁਲਹਾਣੀ
91-98721-55120

ਸਿੱਖ ਸਮਾਜ ਖਾਲਸਾ ਸਾਜਨਾ ਦੀ ਤੀਜੀ ਸ਼ਤਾਬਦੀ ਅਤੇ ਹੋਰ ਕਈ ਸ਼ਤਾਬਦੀਆਂ ਮਨਾ ਚੁੱਕਾ ਹੈ। ਹਿੰਦੂ ਮੂਲਵਾਦੀ, ਆਰ ਐਸ ਐਸ ਅਤੇ ਸਿੱਖ ਧਰਮ ਤੇ ਕਾਬਜ਼ ਮਸੰਦ ਆਪਸ ਵਿੱਚ ਘਿਓ ਖਿਚੜੀ ਹਨ। ਮਾਨਵੀ ਸਿੱਖ ਸਿਧਾਂਤਾਂ ਤੇ ਵਿਗਿਆਨਕ ਵਿਚਾਰਧਾਰਾ ਤੋਂ ਸੰਸਾਰ ਦੇ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਅਨੰਦਪੁਰ ਸਾਹਿਬ ਨੂੰ ਦੁਨੀਆਂ ਦਾ ਅੱਠਵਾਂ ਅਜੂਬਾ ਬਨਾਉਣ ਦਾ ਪ੍ਰਚਾਰ ਜ਼ੋਰ ਸ਼ੋਰ ਨਾਲ ਕੀਤਾ ਗਿਆ।

ਵਰਨਣਯੋਗ ਹੈ ਕਿ ਅਨੰਦਪੁਰ ਸਾਹਿਬ ਦੀ ਅਹਿਮੀਅਤ ਕਿਸੇ ਕਲਾਕ੍ਰਿਤੀ ਜਾਂ ਅਜੂਬੇ ਕਰਕੇ ਨਹੀਂ ਸਗੋਂ 300 ਸਾਲ ਪਹਿਲਾਂ ਮਾਨਵੀ ਗੁਣਾਂ ਨਾਲ ਸਰਸ਼ਾਰ ਘੜੇ ਗਏ ਪੂਰਨ ਮਨੁੱਖ ਖ਼ਾਲਸੇ ਸਦਕਾ ਹੈ। ਉਂਝ ਕਿਸੇ ਕੌਮ ਲਈ ਤਿੰਨ ਸਦੀਆਂ ਦਾ ਅਰਸਾ ਕੋਈ ਬਹੁਤਾ ਨਹੀਂ ਹੁੰਦਾ। ਪਰ ਇਨ੍ਹਾਂ ਤਿੰਨ ਸਦੀਆਂ ਵਿਚ ਆਏ ਅਨੇਕਾਂ ਉਤਾਰਾਵਾਂ ਚੜ੍ਹਾਵਾਂ ਸਦਕਾ ਅਜੋਕਾ ਸਿੱਖ ਸਮਾਜ ਅਤਿਅੰਤ ਨਾਜ਼ਕ ਦੌਰ ਚੋਂ ਗੁਜ਼ਰ ਰਿਹਾ ਹੈ।

ਹਿੰਦੂਤਵੀ ਦੈਂਤ ਬੁੱਧ ਧਰਮ ਦੀ ਤਰ੍ਹਾਂ ਸਿੱਖ ਸਮਾਜ ਨੂੰ ਨਿਗਲਣ ਲਈ ਮੂੰਹ ਅੱਡੀ ਦਹਾੜ ਰਿਹਾ ਹੈ। ਰਾਧਾ ਸੁਆਮੀ, ਨਿਰੰਕਾਰੀ, ਸੱਚੇ ਸੌਦੇ ਵਾਲੇ, ਈਸਾਈ ਤੇ ਸਿੱਖ ਸਰੂਪ 'ਚ ਪ਼ਲਦੇ ਕਈ ਡੇਰੇਦਾਰ ਮਹੰਤ ਤੇ ਸਾਧਾਂ ਦੇ ਟੋਲੇ ਸਿੱਖੀ ਲਈ ਖਤਰਾ ਬਣੇ ਹੋਏ ਹਨ। ਕਿਸੇ ਸਿੱਖ ਸੰਸਥਾ ਨੂੰ ਇਸ ਦੀ ਚਿੰਤਾ ਨਜ਼ਰ ਨਹੀਂ ਆਉਂਦੀ। ਹਾਲਤ ਕਾਫ਼ੀ ਚਿੰਤਾਜਨਕ ਅਤੇ ਨਾਜ਼ਕ ਹੈ। ਸ਼ਕਲ ਸੂਰਤ ਤੋਂ ਦਿਖਾਈ ਸਿੱਖ ਦੇਣ ਵਾਲੇ ਬਹੁਤੇ ਸਿੱਖ ਅਕਲ ਪੱਖੋਂ ਸਿੱਖੀ ਸਿਧਾਂਤਾਂ ਦੇ ਨੇੜੇ ਤੇੜੇ ਖੜ੍ਹੇ ਵੀ ਦਿਖਾਈ ਨਹੀਂ ਦਿੰਦੇ। ਤੀਜੀ ਸ਼ਤਾਬਦੀ ਜਸ਼ਨ ਅਤੇ ਮੇਲਿਆਂ ਦੀ ਧੂੜ ਉਡਾ ਕੇ ਹੀ ਖਤਮ ਹੋ ਗਈ।

ਆਪਣੇ ਗਿਰੇਬਾਨ ਵਿਚ ਝਾਕਦਿਆਂ ਆਤਮ ਵਿਸ਼ਲੇਸ਼ਣ ਕਰਕੇ ਸਿੱਖ ਗੁਰੂਆਂ ਦੇ ਅਧੂਰੇ ਕਾਜ ਦੀ ਪੂਰਤੀ ਲਈ ਕੋਈ ਟੀਚਾ ਨਹੀਂ ਮਿੱਥਿਆ ਗਿਆ। ਇਲੈਕਟ੍ਰਾਨਿਕ ਪ੍ਰਚਾਰ ਮਾਧਿਅਮ, ਤੇਜ਼ ਆਵਾਜਾਈ ਦੇ ਸਾਧਨਾਂ ਦੀ ਬਹੁਤਾਤ ਕਾਰਨ ਸੰਸਾਰ ਬਿਲਕੁੱਲ ਛੋਟਾ ਹੋ ਗਿਆ ਹੈ ਤੇ ਵੱਖ ਵੱਖ ਸਮਾਜ ਇਕ ਦੂਜੇ ਦੇ ਵਧੇਰੇ ਨਜ਼ਦੀਕ ਹੋਏ ਹਨ। ਐਸੀਆਂ ਪ੍ਰਸਥਿਤੀਆਂ ਵਿਚ ਮਾਨਵਵਾਦੀ ਸਿੱਖ ਸਿਧਾਂਤਾਂ, ਵਿਗਿਆਨਕ ਗੁਰਮਤਿ ਵਿਚਾਰਧਾਰਾ, ਭਾਈਚਾਰਕ ਸਾਂਝਾਂ ਦੀ ਲਖਾਇਕ ਸਿੱਖ ਸੋਚ ਦੀ ਮਹਤੱਤਾ ਹੋਰ ਵੀ ਵਧ ਜਾਂਦੀ ਹੈ। ਪ੍ਰੰਤੂ ਸੰਸਾਰ ਦੀ ਗੱਲ ਤਾਂ ਦੂਰ ਦੀ ਰਹੀ ਅਸੀਂ ਤਾਂ ਭਾਰਤ ਵਿਚ ਵੀ ਸਿੱਖ ਸਿਧਾਂਤਾਂ ਨੂੰ ਲਿਜਾਣ ਦਾ ਕੋਈ ਠੋਸ ਉਪਰਾਲਾ ਨਹੀਂ ਕਰ ਸਕੇ, ਜਿਹੜਾ ਕਿ ਸਿੱਖੀ ਦੀ ਉਪਜ ਲਈ ਸਭ ਤੋਂ ਜਰਖੇਜ਼ ਖਿੱਤਾ ਸਾਬਤ ਹੋ ਸਕਦਾ ਹੈ।

ਪਰ ਅਫ਼ਸੋਸ ਅੱਜ ਵੀ ਅਨਪੜ੍ਹ, ਅਧਪੜ੍ਹ ਜਥੇਦਾਰਾਂ ਦੇ ਵੱਸ ਪਿਆ ਸਿੱਖ ਧਰਮ ਤੇਜ਼ੀ ਨਾਲ ਪਤਨ ਵਲ ਵਧ ਰਿਹਾ ਹੈ। ਸਿੱਖ ਸਿਧਾਂਤ ਕੇਵਲ ਗੁਰਦੁਆਰਿਆਂ ਦੀਆਂ ਚਾਰ ਦੀਵਾਰੀਆਂ ਅੰਦਰ ਪ੍ਰਚਾਰੀ ਦੇ ਹਨ ਤੇ ਗੁਰਧਾਮ ਰੋਜ਼ੀ ਰੋਟੀ ਅਤੇ ਚੌਧਰਾਂ ਚਮਕਾਉਣ ਦੇ ਸਾਧਨ ਬਣ ਕੇ ਰਹਿ ਗਏ ਹਨ। ਕਿਰਤ ਕਰਕੇ ਵੰਡ ਛਕਦਿਆਂ ਨਾਮ ਜਪਣਾ ਸਿੱਖੀ ਦਾ ਮੂਲ ਮੰਤਰ ਹੈ। ਵਰਤਮਾਨ ਸਿੱਖ ਆਗੂਆਂ ਨੇ ਇਸ ਸਿਧਾਂਤ ਨੂੰ ਕਿੰਨਾਂ ਕੁ ਅਪਣਾਇਆ ਹੈ?

ਕਿਰਤ ਨੂੰ ਵਡਿਆਉਣ ਤੇ ਕਿਰਤੀਆਂ ਨੂੰ ਉਚਿਆਉਣ ਲਈ ਗੁਰੂ ਬਾਬੇ ਨੇ 'ਭਾਈ ਲਾਲੋ' ਦੀ ਰੁੱਖੀ ਸੁੱਕੀ ਰੋਟੀ ਚੋਂ ਅੰਮ੍ਰਿਤ ਤੇ ਦੁੱਧ ਦਾ ਸੁਆਦ ਚੱਖਿਆ ਅਤੇ 'ਮਲਕ ਭਾਗੋ' ਦੇ ਪਕਵਾਨਾਂ ਨੂੰ ਗ਼ਰੀਬ ਗੁਰਬਿਆਂ ਦਾ ਖ਼ੂਨ ਕਹਿ ਕੇ ਨਕਾਰਿਆ ਸੀ। ਇਸ ਦੇ ਉਲਟ ਅਜੇ ਤੱਕ ਸਿੱਖ ਸਮਾਜ ਵਿਚ ਕਿਰਤੀਆਂ ਨੂੰ ਕੰਮੀ- ਕਮੀਣ, ਲਾਗੀ- ਵਗਾਰੀ ਤੇ ਸੀਰੀ- ਪਾ਼ਲੀ ਕਹਿ ਕੇ ਦੁਰਕਾਰਿਆ ਜਾਂਦਾ ਹੈ।

ਗੁਰੂ ਬਾਬੇ ਨੇ ਅਤਿ ਨੀਚਾਂ ਦੇ ਹੱਕ ਵਿਚ ਪੈਂਤੜਾ ਲੈ ਕੇ ਜਾਤ ਦੇ ਤੌਰ ਤੇ ਸਮਾਜਿਕ ਰੁਤਬਿਆਂ ਦੇ ਵਡੱਪਣ ਤੇ ਗਰੀਬਾਂ ਦੀ ਲੁੱਟ ਕਰਕੇ ਪਾਪਾਂ ਦੀ ਕਮਾਈ ਨਾਲ ਮਾਇਆ ਇਕੱਠੀ ਕਰਕੇ ਵੱਡੇ ਬਣੇ ਲੋਕਾਂ ਨਾਲ ਖੜ੍ਹਨ ਤੋਂ ਕੋਰਾ ਇਨਕਾਰ ਕਰ ਦਿਤਾ ਸੀ ਅੱਜ ਕੀ ਸਥਿਤੀ ਹੈ? ਵਿਚਾਰਨ ਦੀ ਲੋੜ ਹੈ। ਅਖੌਤੀ ਜਾਤ ਪਾਤ ਤੇ ਊਚ ਨੀਚ ਨੂੰ ਨਕਾਰਦਿਆਂ ਗੁਰੂ ਬਾਬੇ ਨੇ ਬੁਲੰਦ ਬਾਂਗ ਨਿਰਦੇਸ਼ ਦਿੱਤਾ ਕਿ:

ਸਲੋਕ ਮ:੧ ਫਕੜ ਜਾਤੀ ਫਕੜੁ ਨਾਉ॥
ਸਭਨਾਂ ਜੀਆ ਇਕਾ ਛਾਉ॥
(ਗੁਰੂ ਗ੍ਰੰਥ ਸਾਹਿਬ ਜੀ ਅੰਗ ੮੩) ਅਤੇ
ਜਾਤਿ ਦਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
(ਗੁਰੂ ਗ੍ਰੰਥ ਸਾਹਿਬ ਜੀ ਅੰਗ ੧੧੨੭)

ਗੁਰ ਹੁਕਮ ਅਨੁਸਾਰ ਸਾਂਝੀ ਸੰਗਤ, ਇਕ ਪੰਗਤ, ਇਕੋ ਸਾਂਝਾ ਲੰਗਰ, ਸਾਂਝੇ ਤਲਾਬ/ਸਰੋਵਰਾਂ, ਸਾਂਝੀਆਂ ਬਉਲੀਆਂ 'ਚ ਇਸ਼ਨਾਨ ਕਰਨ ਦੀ ਪ੍ਰਥਾ ਚਾਲੂ ਕਰਕੇ ਸਿੱਖ ਗੁਰੂਆਂ ਨੇ ਬ੍ਰਾਹਮਣਵਾਦੀ ਵਰਣ ਵੰਡ ਅਤੇ ਜਾਤਪਾਤੀ ਵਿਵਸਥਾ ਤੇ ਵਦਾਣੀ ਸੱਟ ਮਾਰੀ। ਸਾਹਿਬ -ਇ- ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਜਾਤਪਾਤ ਦਾ ਬੀਜ਼ ਨਾਸ਼ ਕਰਨ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਇਕ ਬਾਟੇ ਦਾ ਅੰਮ੍ਰਿਤ ਬਖ਼ਸ਼ ਕੇ ਮਨੁੱਖਤਾ 'ਤੇ ਬੜਾ ਵੱਡਾ ਪਰਉਪਕਾਰ ਕੀਤਾ ਸੀ। ਪ੍ਰੰਤੂ ਅੱਜ ਮੁੜ ਜਾਤ ਪਾਤ ਸਿੱਖ ਸਮਾਜ ਵਿਚ ਬ੍ਰਾਹਮਣਵਾਦੀਆਂ ਦੀ ਤਰ੍ਹਾਂ ਭਾਰੂ ਹੋ ਰਹੀ ਹੈ। ਆਪਣੇ ਨਾਮ ਨਾਲ ਗੁਰੂ ਪਾਤਸ਼ਾਹ ਵਲੋਂ ਬਖਸ਼ੇ ਸਿੰਘ ਪਦ ਨਾਲੋਂ ਜਾਤੀ ਵਾਚਕ ਨਾਮ ਸੋਢੀ, ਬੇਦੀ, ਕੋਹਲੀ, ਢਿਲੋਂ, ਗਿੱਲ, ਬਰਾੜ, ਸੰਧੂ, ਸਿੱਧੂ ਆਦਿ ਨਾਵਾਂ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਜਾਣ ਲੱਗੀ ਹੈ। ਹਾਲਾਤ ਇਤਨੇ ਬਦਤਰ ਹੋਏ ਪਏ ਹਨ ਕਿ ਹੁਣ ਤਾਂ ਗੁਰਦੁਆਰੇ ਵੀ ਜਾਤਾਂ ਦੇ ਨਾਮ ਤੇ ਤਾਮੀਰ ਕੀਤੇ ਜਾਣ ਲੱਗ ਪਏ ਹਨ ਤੇ ਮਹਾਂਪੁਰਖਾਂ ਦੇ ਦਿਹਾੜੇ ਵੀ ਜਾਤਾਂ ਦੇ ਨਾਵਾਂ ਤੇ ਮਨਾਏ ਜਾਂਦੇ ਹਨ।

ਕਾਸ਼! ਕਿਧਰੇ ਅਸੀਂ ਸਰਬ ਸਾਂਝੇ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਜਾਤਾਂ ਦੇ ਨਾਵਾਂ ਹੇਠ ਵੰਡਣ ਵਰਗੇ ਪਾਪ ਦੇ ਭਾਗੀ ਨਾ ਬਣ ਜਾਈਏ। ਹੋਰ ਤਾਂ ਹੋਰ ਅਖੌਤੀ ਉੱਚੀਆਂ ਨੀਵੀਆਂ ਜਾਤੀਆਂ ਦੇ ਸਿਵੇ/ ਸ਼ਮਸ਼ਾਨ ਘਾਟ ਵੀ ਵੱਖਰੇ ਕਰ ਲਏ ਗਏ ਹਨ, ਰੋਟੀ ਬੇਟੀ ਦੀ ਸਾਂਝ ਤਾਂ ਬਹੁਤ ਦੂਰ ਦੀ ਗੱਲ ਹੈ। ਜਾਤਾਂ ਦੀ ਜਿਲ੍ਹਣ 'ਚ ਫਸੇ ਹੋਣ ਕਰਕੇ ਉੱਘੇ ਤੇ ਸਿਰਲੱਥ ਸੂਰਮਿਆਂ ਦੀਆਂ ਕੁਰਬਾਨੀਆਂ ਕੌਡੀ ਘੱਟੇ ਰੋਲ ਦਿੱਤੀਆਂ ਗਈਆਂ ਜਦੋਂ ਕਿ ਸੰਕਟ ਦੀ ਘੜੀ ਚ' ਗੁਰੂ ਪਰਵਾਰ ਨੂੰ ਛੱਡ ਜਾਣ ਵਾਲੇ ਭਗੌੜਿਆਂ ਦੀਆਂ ਖ਼ੂਬਸੂਰਤ ਤੇ ਆਲੀਸ਼ਾਨ ਯਾਦਗਾਰਾਂ ਉਸਾਰੀਆਂ ਦੇਖੀਆਂ ਜਾਂਦੀਆਂ ਹਨ। ਤਿੰਨ ਸੌ ਸਾਲਾਂ ਤੋਂ ਅਣ-ਗੌਲੇ 'ਗੁਰੂ ਕੇ ਬੇਟੇ' ਦਾ ਵਰ ਪ੍ਰਾਪਤ ਕਰਨ ਵਾਲੇ ਅਨਿੰਨ ਸਿੱਖ ਸੇਵਕ, ਸਰਬੰਸ ਦਾਨੀ, ਵਰਿਆਮ ਮਰਦ, ਸਿਰਲੱਥ ਯੋਧੇ, ਹਰ ਬਿਪਤਾ 'ਚ ਪਰਛਾਵੇਂ ਵਾਂਗ ਗੁਰੂਕਿਆਂ ਦਾ ਸਾਥ ਨਿਭਾਉਣ ਵਾਲੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ 'ਮਿੱਤਰ ਪਿਆਰੇ' ਮਹਾਨ ਜਰਨੈਲ ਤੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਢੁਕਵੀਂ ਤੇ ਖ਼ੂਬਸੂਰਤ ਯਾਦਗਾਰ ਉਸਾਰ ਕੇ ਅਤੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਉਹਨਾਂ ਦਾ ਇਤਿਹਾਸਕ ਬੁੰਗਾ ਬਹਾਲ ਕਰਕੇ ਸਿੱਖ ਕੌਮ ਨੂੰ ਰਿਣ ਚੁਕਾਉਣ ਦਾ ਉਦਮ ਉਪਰਾਲਾ ਕਰਨਾ ਚਾਹੀਦਾ ਹੈ। ਜਾਤੀ ਤੌਰ ਤੇ ਅਪਮਾਨਤ ਕੀਤੇ ਜਾ ਰਹੇ ਗੁਰ ਸਿੱਖਾਂ ਨੂੰ ਗੁਰੂ ਦੇ ਹੁਕਮ ਮੁਤਾਬਿਕ ਮਾਣ ਸਨਮਾਨ ਦੇਣ ਦੀ ਸਖ਼ਤ ਜ਼ਰੂਰਤ ਹੈ। ਸਿੱਖੀ ਦਾ ਸਿਧਾਂਤ "ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ" ਪ੍ਰੰਤੂ ਅਜੋਕੇ ਸਮੇਂ ਗ਼ਰੀਬਾਂ ਦੀ ਬਾਂਹ ਫ਼ੜਨ ਦੀ ਬਜਾਏ ਗੁਰਦੁਆਰੇ ਪੱਕੇ ਸੰਗਮਰਮਰੀ, ਸੁਨਹਿਰੀ ਅਤੇ ਏਅਰਕੰਡੀਸ਼ਨ ਕੀਤੇ ਜਾ ਰਹੇ ਹਨ। ਕਰੋੜਾਂ ਰੁਪਏ ਵਕਤੀ ਸਜਾਵਟਾਂ ਤੇ ਪਾਣੀ ਵਾਂਗ ਰੋੜ੍ਹੇ ਜਾ ਰਹੇ ਹਨ।

ਹੁਣ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਤਾਦਾਦ ਵਧਾਉਣ ਦੀ ਥਾਂ ਉੱਚ ਗਿਆਨ ਦੇ ਸੋਮੇ ਖਾਲਸਾ ਸਕੂਲ/ ਕਾਲਜ ਤੇ ਆਧੁਨਿਕ ਸਹੂਲਤਾਂ ਪ੍ਰਾਪਤ ਹਸਪਤਾਲ ਉਸਾਰਨ ਦੀ ਜ਼ਰੂਰਤ ਹੈ ਜਿੱਥੇ ਗਰੀਬ ਸਿੱਖ ਬੇਝਿਜਕ ਆਪਣੇ ਬੱਚੇ ਪੜ੍ਹਾ ਸਕਣ, ਸਸਤਾ ਤੇ ਸੌਖਾ ਇਲਾਜ ਕਰਵਾ ਸਕਣ। ਅੱਜ ਨਵੇਂ ਸਰੋਵਰਾਂ ਦੀ ਬਜਾਏ ਕਾਰਖਾਨੇ ਤੇ ਮਿਲਾਂ ਦੀ ਜ਼ਰੂਰਤ ਹੈ। ਜਿੱਥੇ ਰੋਜ਼ਗਾਰ ਮੁਹੱਈਆ ਹੋ ਸਕੇ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ



## Matrimonials

Looking for professional compatible educated girl for Ramdasia (weaver) Sikh doctor working in California 38 years old, never married, 5′ 8″ tall, father's gotra Sandhi mother's gotra Bains, caste no bar. For more information:
**WhatsApp +91 8360876705,**
**Email: sukhdevnorthridge@gmail.com**

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.
All family settled in the US.
**Please send biodata and pictures as: Email: jrjeet1993@gmail.com**

# ਅੰਬੇਡਕਰ ਭਵਨ ਵਿਖੇ ਗਣ ਤੰਤਰ ਦਿਵਸ ਮਨਾਇਆ ਗਿਆ


## ਭਾਰਤੀ ਸੰਵਿਧਾਨ ਵਿਸ਼ਵ ਦਾ ਬੇਮਿਸਾਲ ਤੇ ਬਿਹਤਰੀਨ ਕਾਨੂੰਨੀ ਦਸਤਾਵੇਜ: ਪ੍ਰੋਫੈਸਰ ਬਲਬੀਰ














**'ਦੇਸ਼ ਦੁਆਬਾ'**
**'ਅੰਬੇਦਕਰ ਟਾਈਮਜ਼'**
**ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:**
**www.deshdoaba.com**
**www.ambedkartimes.com**


**ਜਲੰਧਰ (ਵਿਵੇਕ ਭਾਟੀਆ)–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਬਾਬਾ ਸਾਹਿਬ ਡਾ। ਅੰਬੇਡਕਰ ਦੀ ਚਰਨ ਛੋਹ ਪ੍ਰਾਪਤ ਭੂਮੀ ਅੰਬੇਡਕਰ ਭਵਨ ਵਿਖੇ ਭਾਰਤੀ ਗਣਤੰਤਰ ਦਿਵਸ 26 ਜਨਵਰੀ 1950 ਨੂੰ ਸਮਰਪਿਤ 'ਭਾਰਤੀ ਸੰਵਿਧਾਨ ਅਤੇ ਲੋਕਤੰਤਰ' ਵਿਸ਼ੇ ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਨਾਮਵਰ ਬੁੱਧੀਜੀਵੀ ਅਤੇ ਸ਼੍ਰੋਤੇ ਸ਼ਾਮਿਲ ਹੋਏ। ਪ੍ਰੋਫੈਸਰ ਬਲਬੀਰ, ਸੇਵਾ ਮੁਕਤ ਮੁਖੀ, ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ, ਦੁਆਬਾ ਕਾਲਜ ਜਲੰਧਰ ਨੇ ਇਸ ਵਿਚਾਰ-ਚਰਚਾ ਵਿੱਚ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ। ਪ੍ਰੋਫੈਸਰ ਬਲਬੀਰ ਹੋਰਾਂ ਨੇ ਆਪਣੇ ਖੋਜ ਭਰਪੂਰ ਭਾਸ਼ਣ ਵਿੱਚ ਕਿਹਾ ਕਿ ਡਾ. ਬੀ ਆਰ ਅੰਬੇਡਕਰ ਸੰਵਿਧਾਨ ਦੇ ਮੁੱਖ ਸ਼ਿਲਪਕਾਰ ਹਨ ਅਤੇ ਉਹਨਾਂ ਦੀ ਰਹਿਨੁਮਾਈ ਹੇਠ ਨਿਰਮਿਤ ਭਾਰਤੀ ਸੰਵਿਧਾਨ ਵਿਸ਼ਵ ਦਾ ਬੇਹਤਰੀਨ ਅਤੇ ਵਿਸਤ੍ਰਿਤ ਕਾਨੂੰਨੀ ਦਸਤਾਵੇਜ ਹੈ । ਉਹਨਾਂ ਨੇ ਕਿਹਾ ਕਿ ਇਸ ਦੀ ਪ੍ਰਸਤਾਵਨਾ ਭਾਰਤੀ ਸੰਵਿਧਾਨ ਦੀ ਆਤਮਾ ਹੈ। ਇਸ ਦੁਆਰਾ ਭਾਰਤ ਵਿੱਚ ਸਮਤਾ, ਸੁਤੰਤਰਤਾ ਅਤੇ ਭਾਈਚਾਰਕ ਸਾਂਝ ਦੀ ਸਥਾਪਨਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਡਾ. ਅੰਬੇਡਕਰ ਦੁਆਰਾ ਭਾਰਤੀ ਧਰਮਤੰਤਰ ਨੂੰ ਸੰਵਿਧਾਨਤੰਤਰ ਵਿੱਚ ਪਰਿਵਰਤਨ ਕਰਨਾ ਭਾਰਤ ਦੇ ਸੰਸਦੀ ਲੋਕਤੰਤਰ ਦੀ ਇੱਕ ਵੱਡੀ ਪ੍ਰਾਪਤੀ ਹੈ। ਪ੍ਰੋਫੈਸਰ ਬਲਬੀਰ ਹੋਰਾਂ ਕਿਹਾ ਕਿ ਭਾਰਤੀ ਸੰਵਿਧਾਨ ਵਿੱਚ ਸ਼ਾਮਲ ਮੌਲਿਕ ਅਧਿਕਾਰ, ਸਾਰੇ ਬਾਲਗ ਨਾਗਰਿਕਾਂ ਨੂੰ ਵੋਟ ਦਾ ਅਧਿਕਾਰ, ਸੁਤੰਤਰ ਨਿਆਂਪਾਲਕਾ ਤੇ ਚੋਣ ਕਮਿਸ਼ਨ ਅਤੇ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤ ਭਾਰਤੀ ਸੰਵਿਧਾਨ ਦੇ ਮਹੱਤਵਪੂਰਨ ਬੇਸ਼ਕੀਮਤੀ ਭਾਗ ਹਨ। ਉਹਨਾਂ ਇਸ ਗੱਲ ਤੇ ਚਿੰਤਾ ਪ੍ਰਗਟ ਕੀਤੀ ਕਿ ਅਜੋਕੇ ਸਮੇਂ ਵਿੱਚ ਧਰੁਵੀਕਰਨ ਦੁਆਰਾ ਭਾਰਤ ਵਿੱਚ ਕੇਵਲ ਰਾਜਨੀਤਿਕ ਲੋਕਤੰਤਰ ਨੂੰ ਹੀ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ। ਚੋਣ ਕਮਿਸ਼ਨ ਅਤੇ ਕੇਂਦਰੀ ਪਬਲਿਕ ਸਰਵਿਸ ਕਮਿਸ਼ਨ ਸਮੇਤ ਨਿਆਂਪਾਲਕਾ ਅਤੇ ਦੂਸਰੇ ਸਰਕਾਰੀ ਅਦਾਰਿਆਂ ਦੀ ਸੁਤੰਤਰਤਾ ਨੂੰ ਕਮਜ਼ੋਰ ਕਰਕੇ ਸਮਾਜਿਕ ਤੇ ਆਰਥਿਕ ਸੁਤੰਤਰਤਾ ਨੂੰ ਖਤਮ ਕੀਤਾ ਜਾ ਰਿਹਾ ਹੈ । ਸੁਸਾਇਟੀ ਦੇ ਪ੍ਰਧਾਨ ਸ੍ਰੀ ਸੋਹਨ ਲਾਲ, ਸੇਵਾ ਮੁਕਤ ਡੀਪੀਆਈ (ਕਾਲਜਾਂ) ਨੇ ਕਿਹਾ ਕਿ ਭਾਰਤ ਵਿੱਚ ਸਹੀ ਅਰਥਾਂ ਵਿੱਚ ਸਮਾਨਤਾ, ਸੁਤੰਤਰਤਾ ਅਤੇ ਨਿਆਂਸ਼ੀਲ ਲੋਕਤੰਤਰ ਦੀ ਸਥਾਪਤੀ ਲਈ ਅਣਥੱਕ ਮਿਹਨਤ, ਲਗਨ ਅਤੇ ਦੂਰ ਅੰਦੇਸ਼ੀ ਨਾਲ ਬਾਬਾ ਸਾਹਿਬ ਵੱਲੋਂ ਤਿਆਰ ਕੀਤੇ ਸੰਵਿਧਾਨ ਦੁਆਰਾ ਭਾਰਤ ਵਿੱਚ ਸੰਸਦੀ ਲੋਕਤੰਤਰ ਦੀ ਨੀਂਹ ਰੱਖੀ ਗਈ, ਪਰ ਅਜੋਕੇ ਹਾਲਾਤ ਵਿੱਚ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਨੂੰ ਪਰਿਵਰਤਿਤ ਕੀਤਾ ਜਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਸਮੁੱਚੇ ਭਾਰਤੀਆਂ ਨੂੰ ਆਪਣੇ ਮੂਲ ਅਧਿਕਾਰ ਬਰਕਰਾਰ ਰੱਖਣ ਲਈ ਭਾਰਤੀ ਸੰਵਿਧਾਨ ਦੀ ਸੁਰੱਖਿਆ ਪ੍ਰਤੀ ਚੇਤੰਨ ਹੋਣਾ ਚਾਹੀਦਾ ਹੈ। ਉਹਨਾਂ ਨੇ ਵਿਚਾਰ- ਚਰਚਾ ਦੇ ਮੁੱਖ ਬੁਲਾਰੇ ਪ੍ਰੋਫੈਸਰ ਬਲਬੀਰ ਅਤੇ ਹਾਜ਼ਰ ਸ਼੍ਰੋਤਿਆਂ ਦਾ ਧੰਨਵਾਦ ਕਰਦਿਆਂ ਭਰੋਸਾ ਦਵਾਇਆ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਭਵਿੱਖ ਵਿੱਚ ਵੀ ਅਜਿਹੀ ਵਿਚਾਰ-ਚਰਚਾ ਜਾਰੀ ਰੱਖਦਿਆਂ ਸੰਵਿਧਾਨ ਅਤੇ ਡਾ. ਅੰਬੇਡਕਰ ਸਾਹਿਬ ਦੀ ਵਿਚਾਰਧਾਰਾ ਪ੍ਰਤੀ ਚੇਤਨਾ ਪੈਦਾ ਕਰਨ ਲਈ ਯਤਨਸ਼ੀਲ ਰਹੇਗੀ। ਸੇਵਾ ਮੁਕਤ ਅੰਬੈਸਡਰ ਰਮੇਸ਼ ਚੰਦਰ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਹਰ ਭਾਰਤੀ ਨਾਗਰਿਕ ਦਾ ਫਰਜ਼ ਹੈ ਕਿ ਉਹ ਸੰਵਿਧਾਨ ਦੀ ਰਾਖੀ ਕਰੇ। ਇਸ ਵਿਚਾਰ-ਚਰਚਾ ਵਿੱਚ ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀਸੀ ਕੌਲ ਨੇ ਵੀ ਡਾ. ਅੰਬੇਡਕਰ ਵੱਲੋਂ ਭਾਰਤੀ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਵਜੋਂ ਪਾਏ ਗਏ ਯੋਗਦਾਨ ਸਬੰਧੀ ਸ਼੍ਰੋਤਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ 'ਤੇ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਵੱਲੋਂ ਪ੍ਰਸਤੁਤ ਅਤੇ ਸਰਬ ਸੰਮਤੀ ਨਾਲ ਪ੍ਰਵਾਨਿਤ ਦੋ ਮਤਿਆਂ ਰਾਹੀਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਬਾਬਾ ਸਾਹਿਬ ਡਾ। ਅੰਬੇਡਕਰ ਵੱਲੋਂ ਸੰਵਿਧਾਨ ਸਭਾ ਦੀ ਆਖਰੀ ਬੈਠਕ ਵਿੱਚ 25 ਨਵੰਬਰ 1949 ਨੂੰ ਭਾਰਤ ਦੇ ਸੰਵਿਧਾਨ ਅਤੇ ਸੰਸਦੀ ਲੋਕਤੰਤਰ ਦੀ ਸਫਲਤਾ ਲਈ ਦਿੱਤੇ ਗਏ ਇਤਿਹਾਸਿਕ ਭਾਸ਼ਣ ਨੂੰ ਸਕੂਲਾਂ-ਕਾਲਜਾਂ ਦੇ ਸਿਲੇਬਸ ਵਿੱਚ ਸ਼ਾਮਿਲ ਕੀਤਾ ਜਾਵੇ, ਤਾਂ ਕਿ ਭਾਰਤ ਦੀ ਨਵੀਂ ਪੀੜੀ ਲੋਕਤੰਤਰ ਦੇ ਸੱਚ ਤੋਂ ਪੂਰੀ ਤਰ੍ਹਾਂ ਵਾਕਫ ਹੋ ਸਕੇ। ਦੂਸਰੇ ਮਤੇ ਰਾਹੀਂ ਚੋਣ ਪ੍ਰਕਿਰਿਆ ਵਿੱਚ ਈਵੀਐਮ ਦੀ ਵਰਤੋਂ ਤੇ ਪਾਬੰਦੀ ਲਾਉਣ ਦੀ ਮੰਗ ਕਰਦਿਆਂ ਭਾਰਤ ਵਿੱਚ ਬੈਲਟ ਪੇਪਰ ਰਾਹੀਂ ਚੋਣਾਂ ਕਰਵਾ ਕੇ ਚੋਣ ਪ੍ਰਣਾਲੀ ਵਿੱਚ ਪਾਰਦਰਸ਼ਤਾ ਕਾਇਮ ਕਰਨ ਦੀ ਪੁਰਜੋਰ ਮੰਗ ਕੀਤੀ ਗਈ। ਇਸ ਵਿਚਾਰ-ਚਰਚਾ ਵਿੱਚ ਹੋਰਨਾਂ ਤੋਂ ਇਲਾਵਾ ਚਰਨ ਦਾਸ ਸੰਧੂ, ਪਰਮਿੰਦਰ ਸਿੰਘ ਖੁੱਤਨ, ਤਿਲਕ ਰਾਜ, ਹਰਭਜਨ ਨਿਮਤਾ, ਡਾ. ਚਰਨਜੀਤ ਸਿੰਘ, ਡਾ। ਮਹਿੰਦਰ ਸੰਧੂ, ਮਲਕੀਤ ਸਿੰਘ, ਬੀਬੀ ਮਹਿੰਦੋ ਰੱਤੂ, ਪਰਮਜੀਤ ਮਹੇ, ਮਹੇਸ਼ ਚੰਦਰ, ਐਡਵੋਕੇਟ ਯਗਿਆ ਦੀਪ, ਮਾਸਟਰ ਜੀਤ ਰਾਮ, ਸੇਵਾ ਸਿੰਘ ਭੱਟੀ, ਗੁਰਦਿਆਲ ਜੱਸਲ, ਸ਼ਾਮ ਲਾਲ, ਹਰੀ ਰਾਮ ਓਐਸਡੀ, ਪ੍ਰਿੰਸੀਪਲ ਕੇ ਐਸ ਫੁੱਲ, ਲਲਿਤ ਕੰਗਣੀਵਾਲ, ਨਰਿੰਦਰ ਲੇਖ, ਅਸ਼ਵਨੀ ਕੁਮਾਰ, ਐਡਵੋਕੇਟ ਰਜਿੰਦਰ ਆਜ਼ਾਦ, ਅਮਰਜੀਤ ਸਾਂਪਲਾ, ਐਡਵੋਕੇਟ ਸੁਨੀਲ ਕੁਮਾਰ ਆਦਿ ਨੇ ਭਾਗ ਲਿਆ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ।

# ਸੁਪਰੀਮ ਕੋਰਟ 'ਚ ਬਣਿਆ ਇਤਿਹਾਸ, ਪਹਿਲੀ ਵਾਰ 3 ਐਸ. ਸੀ. ਬਣੇ ਸੁਪਰੀਮ ਕੋਰਟ 'ਚ ਜੱਜ

**ਨਵੀਂ ਦਿੱਲੀ–** ਕਰਨਾਟਕ ਹਾਈਕੋਰਟ ਦੇ ਚੀਫ ਜਸਟਿਸ ਪੀ. ਬੀ. ਵਰਾਲੇ ਨੂੰ ਸੀ. ਜੇ. ਆਈ. ਡੀ. ਵਾਈ. ਚੰਦਰਚੂੜ ਨੇ ਵੀਰਵਾਰ ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਸਹੁੰ ਚੁਕਾਈ। ਸੁਪਰੀਮ ਕੋਰਟ ਕੰਪਲੈਕਸ 'ਚ ਆਯੋਜਿਤ ਇਕ ਪ੍ਰੋਗਰਾਮ 'ਚ ਜਸਟਿਸ ਵਰਾਲੇ ਨੂੰ ਅਹੁਦੇ ਦੀ ਸਹੁੰ ਚੁਕਾਈ ਗਈ। ਜਸਟਿਸ ਵਰਲੇ ਨੂੰ ਸੁਪਰੀਮ ਕੋਰਟ 'ਚ ਜੱਜ ਵਜੋਂ ਨਿਯੁਕਤ ਕਰਨ ਦੀ ਮਨਜ਼ੂਰੀ ਕੇਂਦਰ ਨੇ ਬੁੱਧਵਾਰ ਨੂੰ ਦਿੱਤੀ ਸੀ। ਉਹਨਾਂ ਦੇ ਸਹੁੰ ਚੁੱਕਣ ਤੋਂ ਬਾਅਦ ਸੁਪਰੀਮ ਕੋਰਟ 'ਚ ਜੱਜਾਂ ਦੀ ਗਿਣਤੀ ਪੂਰੀ ਹੋ ਗਈ ਹੈ। ਸੁਪਰੀਮ ਕੋਰਟ 'ਚ ਜੱਜਾਂ ਦੀ ਮਨਜ਼ੂਰ ਸੰਖਿਆ 34 ਹੈ, ਜਿਸ 'ਚ ਚੀਫ ਜਸਟਿਸ ਵੀ ਸ਼ਾਮਲ ਹੈ। ਇਹ ਪਹਿਲੀ ਵਾਰ ਹੈ ਕਿ ਸੁਪਰੀਮ ਕੋਰਟ 'ਚ 3 ਮੌਜੂਦਾ ਜੱਜ ਐਸ. ਸੀ. ਭਾਈਚਾਰੇ ਤੋਂ ਹਨ। ਇਸ ਤਰ੍ਹਾਂ ਸੁਪਰੀਮ ਕੋਰਟ 'ਚ ਇਤਿਹਾਸ ਰਚਿਆ ਗਿਆ ਹੈ। ਐਸ. ਸੀ. ਭਾਈਚਾਰੇ ਨਾਲ ਸਬੰਧ ਰੱਖਣ ਵਾਲੇ 2 ਹੋਰ ਜੱਜ ਜਸਟਿਸ ਬੀ. ਆਰ. ਗਵਈ ਅਤੇ ਜਸਟਿਸ ਸੀ. ਟੀ. ਰਵੀਕੁਮਾਰ ਹਨ।




ਇਸ ਮਹੀਨੇ ਦੀ ਸ਼ੁਰੂਆਤ ਵਿਚ ਜਸਟਿਸ ਵਰਾਲੇ ਦੇ ਨਾਂ ਦੀ ਸਿਫਾਰਸ਼ ਕਰਦੇ ਸਮੇਂ ਸੀ. ਜੇ. ਆਈ. ਚੰਦਰਚੂੜ ਦੀ ਅਗਵਾਈ ਵਾਲੀ ਸੁਪਰੀਮ ਕੋਰਟ ਦੇ ਕਾਲੇਜ਼ੀਅਮ ਨੇ ਕਿਹਾ ਸੀ ਕਿ ਉਸ ਨੇ ਇਸ ਤੱਥ ਨੂੰ ਧਿਆਨ ਵਿਚ ਰੱਖਿਆ ਕਿ ਉਹ ਹਾਈਕੋਰਟ ਦੇ ਸਭ ਤੋਂ ਸੀਨੀਅਰ ਜੱਜਾਂ 'ਚੋਂ ਇਕ ਹਨ।

# ਕੱਲਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਲਗਾਇਆ "ਹੱਥੀ ਕੰਮ ਕਰਨ ਸਬੰਧੀ "ਸੈਮੀਨਾਰ

**ਹਰਿਆਣਾ –** ਕੱਲਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਹਰਿਆਣਾ ਵਿਖੇ ਬੱਚਿਆਂ ਨੂੰ ਹੱਥੀ ਕੰਮ ਕਰਨ ਲਈ ਉਤਸ਼ਾਹਤ ਕਰਨ ਲਈ ਚਿਲਡਰਨ ਐਂਡ ਯੂਥ ਫਾਊਂਡੇਸ਼ਨ (ਰਜਿ)ਇੰਡੀਆ ਅਤੇ ਸ਼ਾਨੇ ਦੁਆਬਾ ਸੱਭਿਆਚਾਰਕ ਸੋਸਾਇਟੀ (ਰਜਿ) ਹਰਿਆਣਾ ਵੱਲੋਂ ਹੱਥੀ ਕੰਮ ਕਰਨ ਸਬੰਧੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਦਲਵੀਰ ਦੁਸਾਂਝ ਨੇ ਕਿਹਾ ਕਿ ਅੱਜ ਨੌ-ਜਵਾਨ ਹੱਥੀ ਕੰਮ ਕਰਨ ਵੱਲ ਘੱਟ ਧਿਆਨ ਦੇ ਰਹੇ ਹਨ ਜੋ ਕਿ ਸਾਡੇ ਸਮਾਜ ਲਈ ਬਹੁਤ ਹੀ ਮਾੜੀ ਗੱਲ ਹੈ। ਹੱਥੀ ਕੰਮ ਕਰਨਾ ਸਬੰਧੀ ਉਹਨਾਂ ਬੱਚਿਆਂ ਨੂੰ ਉਤਸਾਹਿਤ ਕੀਤਾ ਕਿ ਉਹ ਡੈਰੀ ਫਾਰਮਿੰਗ, ਮੱਖੀ ਪਾਲਣ, ਮੱਛੀ ਪਾਲਣ ,ਪੋਲਟਰੀ ਫਾਰਮ ਤੇ ਖੇਤੀਬਾੜੀ ਨਾਲ ਸੰਬੰਧਿਤ ਕੰਮਾਂ ਦੀ ਜਾਣਕਾਰੀ ਲੈ ਲੈ ਕੇ ਹੱਥੀ ਕੰਮ ਨੂੰ ਉਤਸਾਹਿਤ ਕਰ ਸਕਦੇ ਹਨ। ਅਤੇ ਲੜਕੀਆਂ ਨੂੰ ਕਿਹਾ ਕਿ ਉਹ ਵੋਕੇਸ਼ਨਲ ਕੋਰਸ ਕਰਕੇ ਆਪਣੇ ਹੱਥੀ ਆਪਣਾ ਕਾਜ ਸਵਾਰੀਐ ਕਰ ਸਕਦੀਆਂ ਹਨ। ਉਹਨਾਂ ਕਿਹਾ ਕਿ ਲੜਕੀਆਂ ਬਿਊਜੀਸ਼ਨ ਕਟਿੰਗ ਟਿਲਰਿੰਗ ਕੰਪਿਊਟਰ ਤੇ ਕੁਕਿੰਗ ਵਰਗੇ ਕੋਰਸ ਕਰਕੇ ਆਪਣੇ ਪੈਰਾਂ ਤੇ ਖੜੀਆਂ ਹੋ ਸਕਦੀਆਂ ਹਨ।

ਇਸ ਮੌਕੇ ਤੇਪ੍ਰਿੰਸੀਪਲ ਸ਼੍ਰੀਮਤੀ ਰੀਟਾ ਸੈਣੀ, ਸ਼੍ਰੀਮਤੀ ਮਨਦੀਪ ਕੌਰ,ਸ਼੍ਰੀਮਤੀ ਕਮਲਦੀਪ ਕੌਰ, ਸ਼੍ਰੀਮਤੀ ਪ੍ਰੀਤ ਕਮਲ ਸ਼ਰਮਾ, ਸ਼੍ਰੀਮਤੀ ਰਾਜ ਕੁਮਾਰੀ, ਸ਼੍ਰੀ ਰੋਹਿਨ ਕੁਮਾਰ, ਸ. ਹਰਪ੍ਰੀਤ ਸਿੰਘ, ਸ. ਇਦੀਪ ਸਿੰਘ, ਸ. ਮਨਜੀਤ ਸਿੰਘ ਅਤੇ ਸ. ਗੌਹਰ ਸਿੰਘ ਤੇ ਹੋਰ ਸਟਾਫ ਅਤੇ ਬੱਚੇ ਮੌਜੂਦ ਸਨ।

**ਪੇਸ਼ਕਸ਼ : ਕੁਲਦੀਪ ਚੁੰਬਰ ਕਨੇਡਾ**

## ਪਠਾਨਕੋਟ ਸਮਾਚਾਰ - ਰਾਜਿੰਦਰ ਸਿੰਘ ਰਾਜਨ

# ਪਠਾਨਕੋਟ ਵਿੱਖੇ ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਲਹਿਰਾਇਆ ਰਾਸਟਰੀ ਤਿਰੰਗਾ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਦੇਸ਼ ਦੇ 75ਵੇਂ ਗਣਤੰਤਰ ਦਿਵਸ ਮੌਕੇ ਮੈਂ ਜਿਲ੍ਹਾ ਪਠਾਨਕੋਟ ਦੇ ਵਾਸੀਆਂ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ, ਅੱਜ ਇਸ ਮੁਬਾਰਕ ਮੌਕੇ ਮੈਂ ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਲੰਬੇ ਸੰਘਰਸ਼ ਵਿਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਹਜ਼ਾਰਾਂ ਦੇਸ਼ ਭਗਤ ਸੂਰਬੀਰਾਂ ਨੂੰ ਦਿਲੋਂ ਸ਼ਰਧਾ ਅਤੇ ਸਤਿਕਾਰ ਭੇਟ ਕਰਦਾ ਹਾਂ, ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀ ਸੂਰਬੀਰਾਂ ਨੇ ਹੀ ਦਿੱਤੀਆਂ ਅਤੇ ਸਾਨੂੰ ਇਸ ਗੱਲ ਦਾ ਮਾਣ ਹੈ। ਇਹ ਪ੍ਰਗਟਾਵਾ ਸ. ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ ਪੰਜਾਬ ਨੇ ਮਲਟੀਪਰਪਜ ਸਪੋਰਟਸ ਸਟੇਡੀਅਮ ਲਮੀਨੀ (ਪਠਾਨਕੋਟ) ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਮੌਕੇ ਰਾਸ਼ਟਰੀ ਝੰਡਾ ਲਹਿਰਾਉਣ ਉਪਰੰਤ ਜ਼ਿਲ੍ਹਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਇਸ ਸਮਾਗਮ ਵਿਚ ਸਰਵਸ੍ਰੀ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ, ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ। ਸੁਮਿਤ ਮੁਧ ਚੀਫ ਮਨਿਸਟਰਜ਼ ਫੀਲਡ ਅਫਸਰ-ਕਮ-ਐਸ.ਡੀ.ਐਮ. ਪਠਾਨਕੋਟ, ਜਿਉਤਸਨਾ ਸਿੰਘ ਪੀ.ਸੀ.ਐਸ., ਅਸਵਨੀ ਸਰਮਾ ਵਿਧਾਇਕ ਪਠਾਨਕੋਟ, ਵਿਭੂਤੀ ਸਰਮਾ ਚੇਅਰਮੈਨ ਟੂਰਿਜਮ ਡਿਵੈਲਪਮੈਂਟ ਕਾਰਪੋਰੇਸਨ, ਸੁਨੀਲ ਗੁਪਤਾ ਚੇਅਜਰਮੈਨ ਪੈਸਕੋ, ਸਾਹਿਬ ਸਿੰਘ ਸਾਬਾ, ਮਨੋਹਰ ਠਾਕੁਰ ਕਲਭੂਸਣ ਕੁਮਾਰ , ਰੇਖਾ ਮਨੀ ਸਰਮਾ ਮਹਿਲਾ ਵਿੰਗ ਜਿਲ੍ਹਾ ਪ੍ਰਧਾਨ ਪਠਾਨਕੋਟ, ਸਾਬਕਾ ਕੈਬਨਿਟ ਮੰਤਰੀ ਮਾਸਟਰ ਮੋਹਣ ਲਾਲ , ਆਦਿ ਹਾਜ਼ਰ ਸਨ। ਜਿਕਰਯੋਗ ਹੈ ਕਿ ਮੁੱਖ ਮਹਿਮਾਨ ਵੱਲੋਂ ਤਿਰੰਗਾਂ ਲਹਿਰਾਉਂਣ ਤੋਂ ਬਾਅਦ ਪ੍ਰੇਡ ਦਾ ਨਿਰੀਖਣ ਕੀਤਾ



ਅਤੇ ਹਵਾਂ ਵਿੱਚ ਗੁਬਬਾਰੇ ਛੱਡ ਕੇ ਜਿਲ੍ਹਾ ਨਿਵਾਸੀਆ ਨੂੰ 75ਵੇਂ ਗਣਤੰਤਰ ਦਿਵਸ ਦੀਆਂ ਮੁਬਾਰਕਵਾਦ ਦਿੱਤੀ।

ਉਨ੍ਹਾਂ ਕਿਹਾ ਕਿ ਮੈਂ ਅੱਜ 75ਵੇਂ ਗਣਤੰਤਰ ਦਿਵਸ ਮੌਕੇ ਦੇਸ਼-ਵਿਦੇਸ਼ ਵਿੱਚ ਵਸਦੇ ਸਾਰੇ ਭਾਰਤੀਆਂ ਖ਼ਾਸ ਤੌਰ 'ਤੇ ਪੰਜਾਬੀਆਂ ਨੂੰ ਤਹਿ ਦਿਲੋਂ ਵਧਾਈ ਦਿੰਦਾ ਹਾਂ। ਮੈਂ ਦੇਸ਼ ਦੀਆਂ ਤਿੰਨੋਂ ਸੈਨਾਵਾਂ ਅਤੇ ਹਥਿਆਰਬੰਦ ਬਲਾਂ ਦੇ ਬਹਾਦਰ ਸੂਰਬੀਰਾਂ ਨੂੰ ਸਲਾਮ ਕਰਦਾ ਹਾਂ, ਜੋ ਸਾਡੇ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੀ ਰਾਖੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 26 ਜਨਵਰੀ, 1950 ਨੂੰ ਭਾਰਤੀ ਸੰਵਿਧਾਨ ਲਾਗੂ ਹੋਣ ਨਾਲ ਭਾਰਤੀ ਗਣਰਾਜ ਦੀ ਸਥਾਪਨਾ ਹੋਈ ਅਤੇ ਸਾਨੂੰ ਦੁਨੀਆਂ ਵਿੱਚ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਮਾਣ ਹਾਸਲ ਹੈ। ਮੈਂ ਇਸ ਪਵਿੱਤਰ ਦਿਹਾੜੇ ਮੌਕੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਵੱਡਮੁੱਲੇ ਯੋਗਦਾਨ ਨੂੰ ਵੀ



ਸਿਜਦਾ ਕਰਦਾ ਹਾਂ।

ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੈ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਦੌਰਾਨ 80 ਫੀਸਦੀ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ। ਇਹ ਦਿਹਾੜਾ ਆਜ਼ਾਦੀ ਘੁਲਾਟੀਆਂ ਅਤੇ ਸੰਵਿਧਾਨ-ਘਾੜਿਆਂ ਵੱਲੋਂ ਭਾਰਤ ਦੇ ਸੁਨਹਿਰੀ ਭਵਿੱਖ ਬਾਰੇ ਲਏ ਸੁਪਨਿਆਂ ਨੂੰ ਸਾਕਾਰ ਕਰਨ ਦੀ ਯਾਦ ਦਿਵਾਉਂਦਾ ਹੈ ਅਤੇ ਆਪਣੀ ਸਮੁੱਚੀ ਕਾਰਗੁਜ਼ਾਰੀ 'ਤੇ ਝਾਤ ਮਾਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਫ਼ੌਜੀ ਜਵਾਨਾਂ, ਸ਼ਹੀਦਾਂ ਦੇ ਪਰਿਵਾਰਾਂ ਅਤੇ ਸਾਬਕਾ ਫ਼ੌਜੀਆਂ ਦੀ ਭਲਾਈ ਲਈ ਦ੍ਰਿੜ੍ਹ ਸੰਕਲਪ ਹੈ। ਸਰਕਾਰ ਨੇ ਸ਼ਹੀਦ ਜਵਾਨਾਂ ਦੇ ਵਾਰਿਸਾਂ ਲਈ ਐਕਸ-ਗ੍ਰੇਸ਼ੀਆ ਰਾਸ਼ੀ 50 ਲੱਖ ਰੁਪਏ ਤੋਂ ਵਧਾ ਕੇ 1 ਕਰੋੜ ਰੁਪਏ ਕੀਤੀ ਹੈ।

ਅੱਜ ਦੇ ਜਿਲ੍ਹਾ ਪੱਧਰੀ ਸਮਾਰੋਹ ਦੋਰਾਨ ਵੱਖ ਵੱਖ ਸਕੂਲਾਂ ਵੱਲੋਂ ਸੱਭਿਆਚਾਰਕ ਰੰਗਾਰੰਗ ਪ੍ਰੋਗਰਾਮ ਪੇਸ ਕੀਤਾ ਗਿਆ, ਸੀ.ਐਮ. ਦੀ ਯੋਗਸਾਲਾ ਵੱਲੋਂ ਵੀ ਵਧੀਆ ਪੇਸਕਾਰੀ ਕੀਤੀ ਗਈ, ਵੱਖ ਵੱਖ ਸਕੂਲਾਂ ਕਾਲਜ਼ਾਂ ਦੀਆਂ ਵਿਦਿਆਰਥਣਾਂ ਵੱਲੋਂ ਗਿੱਧਾ ਅਤੇ ਵੱਲੋਂ ਭੰਗੜੇ ਦੀ ਪੇਸਕਾਰੀ ਕੀਤੀ ਗਈ। ਮਾਰਚ ਪਾਸਟ ਦੋਰਾਨ ਪੰਜਾਬ ਪੁਲਿਸ ਦੀਆਂ ਦੋ ਟੁਕੜੀਆਂ, ਮਹਿਲਾ ਪੁਲਿਸ, ਹੋਮ ਗਾਰਡ ਅਤੇ ਵੱਖ ਵੱਖ ਸਕੂਲਾਂ ਦੀਆਂ ਐਨ.ਸੀ.ਸੀ. ਪੈਲਟੂਨ ਵੱਲੋਂ ਮਾਰਚ ਪਾਸਟ ਕੀਤਾ ਗਿਆ। ਇਸ ਮੋਕੇ ਤੇ ਸੱਭਿਅਚਾਰਕ ਪ੍ਰੋਗਰਾਮ ਪੇਸ ਕਰਨ ਵਾਲੇ ਸਕੂਲਾਂ, ਮਾਰਚ ਪਾਸਟ ਵਿੱਚ ਭਾਗ ਲੈਣ ਵਾਲੇ ਪੈਲਟੂਨ ਕਮਾਂਡਰਾਂ, ਸਿੱਖਿਆ ਵਿਭਾਗ ਅੰਦਰ ਮੱਲਾ ਮਾਰਨ ਵਾਲੇ ਵਿਦਿਆਰਥੀਆਂ, ਖੇਡ ਵਿਭਾਗ ਵੱਲੋਂ ਜਿਲ੍ਹੇ ਪਠਾਨਕੋਟ ਦਾ ਨਾਮ ਰੋਸਨ ਕਰਨ ਅਤੇ ਅਧਿਕਾਰੀਆਂ ਨੂੰ ਵਧੀਆ ਗਾਰਗੁਜਾਰੀ ਲਈ ਯਾਦਗਾਰ ਚਿਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਜਿਲ੍ਹਾ ਪ੍ਰਸਾਸਨ ਵੱਲੋਂ ਮੁੱਖ ਮਹਿਮਾਨ ਜੀ ਨੂੰ ਯਾਦਗਾਰ ਚਿਨ੍ਹ ਅਤੇ ਦੋਸਾਲਾ ਭੇਂਟ ਕਰਕੇ ਸਨਮਾਨਤ ਕੀਤਾ। ਇਸ ਮੋਕੇ ਤੇ ਮੁੱਖ ਮਹਿਮਾਨ ਵੱਲੋਂ ਜਿਲ੍ਹਾ ਅੰਦਰ ਵਰਕਿੰਗ ਡੇ ਵਾਲੇ ਦਿਨ ਸਕੂਲਾਂ ਅੰਦਰ ਛੁੱਟੀ ਦਾ ਐਲਾਨ ਕੀਤਾ।

# ਗੁਜਰ ਮੁਸਲਮਾਨ ਭਾਈਚਾਰੇ ਨੇ ਫੜਿਆ ਆਮ ਆਦਮੀ ਪਾਰਟੀ ਦਾ ਪੱਲਾ

**ਪਠਾਨਕੋਟ-** ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਸਮਰਾਲਾ ਵਿਖੇ ਅੱਜ ਗੁਜਰ ਮੁਸਲਮਾਨ ਭਾਈਚਾਰੇ ਦੇ ਭਾਰੀ ਸੰਖਿਆ ਵਿੱਚ ਲੋਕ ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਹਨ ਅਤੇ ਆਮ ਆਦਮੀ ਪਾਰਟੀ ਇਨ੍ਹਾਂ ਗੁਜਰ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਭਰੋਸਾ ਦਿੰਦੇ ਹਨ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ ਤੇ ਹੱਲ ਕੀਤੀਆਂ ਜਾਣਗੀਆਂ ਅਤੇ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਮਾਨ ਸਮਮਾਨ ਦਿੱਤਾ ਜਾਵੇਗਾ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਪਿੰਡ ਸਮਰਾਲਾ ਵਿਖੇ ਗੁਜਰ ਮੁਸਲਮਾਨ ਭਾਈਚਾਰੇ ਦੇ ਲੋਕਾਂ ਵੱਲੋਂ ਕੀਤੇ ਇੱਕ ਭਾਰੀ ਇਕੱਠ ਅੰਦਰ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਬਲਾਕ ਪ੍ਰਧਾਨ ਪਵਨ ਕੁਮਾਰ, ਬਲਾਕ ਪ੍ਰਧਾਨ ਸੰਦੀਪ ਕੁਮਾਰ, ਠਾਕੁਰ ਭੁਪਿੰਦਰ ਸਿੰਘ, ਮੋਲਵੀ ਬਰਕਤ ਅਲੀ, ਝੁੰਮਨ ਪਠਾਨਚੱਕ, ਰੋਸਨਦੀਨ ਕਟਾਰੂਚੱਕ, ਅਨੂੰ ਪ੍ਰਧਾਨ ਕਟਾਰੂਚੱਕ, ਬੱਬਲੂ ਪ੍ਰਧਾਨ, ਸੇਰੂ ਗੁਜਰ, ਅਲੀ ਹੁਸੈਨ, ਸੁਰਜੀਤ ਬੱਬੂ ਸਰਪੰਚ ਸਮਰਾਲਾ ਅਤੇ ਹੋਰ ਪਾਰਟੀ ਕਾਰਜਕਰਤਾ ਹਾਜਰ ਸਨ।



ਇਸ ਮੋਕੇ ਤੇ ਸੰਬੋਧਤ ਕਰਦਿਆਂ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਅੱਜ ਆਮ ਆਦਮੀ ਪਾਰਟੀ ਹਲਕਾ ਭੋਆ ਦੇ ਪਰਿਵਾਰ ਵਿੱਚ ਇੱਕ ਬਹੁਤ ਹੀ ਖੁਬਸੁਰਤ ਅਵਸਰ ਹੈ, ਪੰਜਾਬ ਦੇ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਦੀ ਅਗਵਾਈ ਨਾਲ ਪੰਜਾਬ ਦੇ ਅੰਦਰ ਉਨ੍ਹਾਂ ਦੀਆਂ ਨੀਤਿਆਂ ਤੋਂ ਪ੍ਰਭਾਵਿੱਤ ਹੋ ਕੇ ਅਤੇ ਪਾਰਟੀ ਦੇ ਰਾਸਟਰੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੀ ਯੋਗ ਅਗਵਾਈ ਅਤੇ ਉਨ੍ਹਾਂ ਦੇ ਦਿਸਾ ਨਿਰਦੇਸ ਤਹਿਤ, ਲੋਕਹਿੱਤ ਨੂੰ ਲੈ ਕੇ ਦਿੱਲੀ ਤੋਂ ਚਲੇ ਕਾਫਿਲੇ ਨੂੰ ਪੰਜਾਬ ਅੰਦਰ ਲੋਕਾਂ ਨੇ ਬਹੁਤ ਮਾਨ ਸਮਮਾਨ ਦਿੱਤਾ, ਅੱਜ ਉਸ ਕਾਫਿਲੇ ਵਿੱਚ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਸਮਰਾਲਾ ਵਿਖੇ ਗੁਜਰ ਮੁਸਲਮਾਨ ਭਾਏਚਾਰੇ ਦੇ ਨੋਜਵਾਨ ਅਤੇ ਹੋਰ ਲੋਕ ਭਾਰੀ ਸੰਖਿਆ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਏ ਹਨ ਅਸੀਂ ਉਨ੍ਹਾਂ ਦਾ ਅਪਣੇ ਵੱਲੋਂ ਅਤੇ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਉਨ੍ਹਾਂ ਦਾ ਪਾਰਟੀ ਵਿੱਚ ਸਾਮਲ ਹੋਣ ਤੇ ਸਵਾਗਤ ਕਰਦੇ ਹਾਂ ਅਤੇ ਭਰੋਸਾ ਦਿੰਦੇ ਹਾਂ ਕਿ ਭਵਿੱਖ ਵਿੱਚ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਨ ਸਮਮਾਨ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਉਨ੍ਹਾਂ ਦੀਆਂ ਨੀਤਿਆਂ ਤੋਂ ਪ੍ਰਭਾਵਿੱਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਲੋਕ ਹੋਰਨਾਂ ਪਾਰਟੀਆਂ ਨੂੰ ਛੱਡ ਕੇ ਸਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਉਹ ਸਮਾਂ ਹੈ ਕਿ ਲੋਕ ਅਪਣੇ ਹਿੱਤਾ ਨੂੰ ਜਾਣਨ ਲੱਗ ਪਏ ਹਨ ਅਤੇ ਖੁਦ ਫੈਂਸਲੇ ਲੇ ਕੇ ਪਾਰਟੀ ਵਿੱਚ ਸਾਮਲ ਹੋ ਰਹੇ ਹਨ।

# 1 ਕਰੋੜ 17 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਵਾਟਰ ਸਪਲਾਈਜ ਨਾਲ ਤਿੰਨ ਪਿੰਡਾਂ ਦੇ ਲੋਕਾਂ ਨੂੰ ਮਿਲੇਗਾ ਸਾਫ ਪਾਣੀ

**ਪਠਾਨਕੋਟ-** ਅੱਜ ਇੱਕ ਵਾਰ ਫਿਰ ਮੈਨੂੰ ਅਪਣੇ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਵੱਖ ਵੱਖ ਪਿੰਡਾਂ ਦੇ ਵਿੱਚ ਆਉਂਣ ਦਾ ਮੋਕਾ ਮਿਲਿਆ ਹੈ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਬਕਨੋਰ ਅਤੇ ਮਾਜਰਾ ਵਿਖੇ ਲੱਖਾਂ ਰੁਪਏ ਖਰਚ ਕਰਕੇ ਵਾਟਰ ਸਪਲਾਈਆਂ ਲਗਾਈਆਂ ਗਈਆਂ ਹਨ ਜਿਨ੍ਹਾਂ ਦਾ ਸਿੱਧੇ ਤੋਰ ਤੇ ਲੋਕਾਂ ਨੂੰ ਫਾਇਦਾ ਹੋਵੇਗਾ ਅਤੇ ਕਰੀਬ ਤਿੰਨ ਪਿੰਡਾਂ ਦੇ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮਿਲ ਸਕੇਗਾ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਪਿੰਡ ਬਕਨੋਰ ਅਤੇ ਮਾਜਰਾ ਵਿਖੇ ਵਾਟਰ ਸਪਲਾਈਜ ਦਾ ਉਦਘਾਟਨ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ, ਬਲਾਕ ਪ੍ਰਧਾਨ ਪਵਨ ਕੁਮਾਰ, ਬਲਾਕ ਪ੍ਰਧਾਨ ਸੰਦੀਪ ਕੁਮਾਰ, ਠਾਕੁਰ ਭੁਪਿੰਦਰ ਸਿੰਘ, ਪਰਸੋਤਮ ਲਾਲ, ਬਲਾਕ ਪ੍ਰਧਾਨ ਸੁਰਿੰਦਰ ਸਾਹ, ਰੋਮੀ ਸਲਾਰੀਆ, ਬਚਨ ਸਿੰਘ, ਰਾਜਾ ਬਕਨੋਰ, ਸੋਨੂੰ ਨਰਾਇਣਪੁਰ, ਰਾਜੂ, ਰਮਨ ਸੈਣੀ, ਰਾਧੇ ਸਿਆਮ, ਰਘੁਬੀਰ ਸਿੰਘ ਸਾਬਕਾ ਸਰਪੰਚ, ਦਲੀਪ ਕੁਮਾਰ ਸੈਣੀ, ਰਾਮ ਲੁਭਾਇਆ, ਪਰਦੀਪ ਸੈਣੀ, ਰਾਕੇਸ ਕੁਮਾਰ, ਅਸਵਨੀ ਵੈਦੋਚੱਕ, ਸੁਖਵਿੰਦਰ ਕੁਮਾਰ, ਬਲਵਿੰਦਰ ਸੈਣੀ, ਮੁਕੇਸ ਕੁਮਾਰ, ਦਰਸੀ ਸੈਣੀ, ਨਾਨਕ ਚੰਦ ਅਤੇ ਪਾਰਟੀ ਵਰਕਰ ਹਾਜ਼ਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਪਿੰਡ ਬਕਨੋਰ ਅਤੇ ਪਿੰਡ ਮਾਜਰਾ ਵਿਖੇ ਕਰੀਬ 1 ਕਰੋੜ 17 ਲੱਖ ਰੁਪਏ ਖਰਚ ਕਰਕੇ ਵਾਟਰ ਸਪਲਾਈਜ ਲਗਾਈਆਂ ਗਈਆਂ ਹਨ। ਜਿਸ ਵਿੱਚ ਪਿੰਡ ਬਕਨੋਰ ਵਿਖੇ ਕਰੀਬ 52 ਲੱਖ ਅਤੇ ਪਿੰਡ ਮਾਜਰਾ ਵਿਖੇ 65 ਲੱਖ ਰੁਪਏ ਦੀ ਵਾਟਰ ਸਪਲਾਈਜ ਦਾ ਉਦਘਾਟਣ ਕੀਤਾ ਗਿਆ ਮਾਜਰਾ ਪਿੰਡ ਵਿੱਚ ਲਗਾਈ ਵਾਟਰ ਸਪਲਾਈ ਪਿੰਡ ਰਾਜੀ ਦੇ ਲੋਕਾਂ ਨੂੰ ਵੀ ਪਾਣੀ ਮੁਹੇਈਆ ਕਰਵਾਏਗੀ।

ਉਨ੍ਹਾਂ ਦੱਸਿਆ ਕਿ ਦੋਨੋ ਵਾਟਰ ਸਪਲਾਈਜ ਦੀ ਸਮਰੱਥਾ 50-50 ਹਜਾਰ ਲੀਟਰ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾ ਭੂਮੀ ਹੇਠਲਾ ਪਾਣੀ ਗੰਦਲਾ ਹੋ ਰਿਹਾ ਹੈ।

# ਸਿਹਤ ਵਿਭਾਗ ਵੱਲੋਂ 13 ਫਰਵਰੀ ਤੱਕ ਚਲਾਈ ਜਾਵੇਗੀ ਕੁਸ਼ਟ ਜਾਗਰੂਕਤਾ ਮੁਹਿੰਮ- ਡਾ: ਕਿਰਪਾਲ ਸਿੰਘ

**ਸੰਗਰੂਰ, (ਦਲਜੀਤ ਕੌਰ)-** ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਤੇ ਸਿਵਲ ਸਰਜਨ ਡਾ: ਕਿਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਅੰਦਰ 13 ਫਰਵਰੀ ਤੱਕ "ਸਪਰਸ਼ ਕੁਸ਼ਟ ਜਾਗਰੂਕਤਾ ਅਭਿਆਨ" ਚਲਾਇਆ ਜਾ ਰਿਹਾ ਹੈ। ਐਂਟੀ ਲੈਪਰੋਸੀ ਦਿਵਸ ਮੌਕੇ ਤੇ ਜ਼ਿਲਾ ਹਸਪਤਾਲ ਤੋਂ ਇਸ ਰੋਗ ਸੰਬੰਧੀ ਜਾਗਰੂਕਤਾ ਰੈਲੀ ਕੱਢਕੇ ਇਸ ਅਭਿਆਨ ਦੀ ਸ਼ੁਰੂਆਤ ਕੀਤੀ ਗਈ। ਇਹ ਰੈਲੀ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਤੇ ਆਮ ਲੋਕਾਂ ਨੂੰ ਜਾਗਰੂਕ ਕਰਦੀ ਹੋਈ ਵਾਪਸ ਜ਼ਿਲ੍ਹਾ ਹਸਪਤਾਲ ਵਿਖੇ ਸਮਾਪਤ ਹੋਈ।

ਇਸ ਮੌਕੇ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦੇ ਹੋਏ ਸਿਵਲ ਸਰਜਨ ਡਾ: ਕਿਰਪਾਲ ਸਿੰਘ ਨੇ ਦੱਸਿਆ ਕਿ ਕੁਸ਼ਟ ਰੋਗ ਇਲਾਜ ਯੋਗ ਹੈ, ਇਹ ਕੋਈ ਸਮਾਜਕ ਧੱਬਾ ਨਹੀਂ ਹੈ। ਚਮੜੀ ਰੋਗਾਂ ਦੇ ਮਾਹਿਰ ਡਾ: ਨਵਦੀਪ ਅਰੋੜਾ ਨੇ ਦੱਸਿਆ ਕੇ ਚਮੜੀ ਤੇ ਹਲਕੇ ਪੀਲੇ ਚਟਾਕ ਪੈਣਾ, ਚਮੜੀ ਦਾ ਸੁੰਨ ਹੋ ਜਾਣਾ, ਹੱਥਾਂ-ਪੈਰਾਂ ਦੀਆਂ ਉਂਗਲਾਂ ਦਾ ਝੜ ਜਾਣਾ ਗਰਮ ਅਤੇ ਠੰਡੀ ਵਸਤੂ ਦਾ ਪਤਾ ਨਾ ਲੱਗਣਾ, ਚਿਹਰਾ ਚਮਕਦਾਰ ਹੋ ਜਾਣਾ, ਪਸੀਨਾ ਨਾ ਆਉਣਾ ਆਦਿ ਇਸ ਦੇ ਮੁੱਖ ਲੱਛਣ ਹਨ।



ਉਹਨਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਵਿਚ ਅਜਿਹੇ ਲੱਛਣ ਹੋਣ ਤਾਂ ਉਸ ਨੂੰ ਤੁਰੰਤ ਨੇੜੇ ਦੇ ਸਰਕਾਰੀ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਕੁਸ਼ਟ ਰੋਗ ਦਾ ਚੈਕਅਪ ਅਤੇ ਇਲਾਜ ਸਾਰੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਮੁਫਤ ਕੀਤਾ ਜਾਂਦਾ ਹੈ। ਇਸ ਮੌਕੇ ਡਾ: ਪਰਮਵੀਰ ਸਿੰਘ ਕਲੇਰ, ਡਾ: ਰਮਨਬੀਰ ਕੌਰ ਬੋਪਾਰਾਏ, ਡਾ: ਹਰਪ੍ਰੀਤ ਕੌਰ ਰੇਖੀ, ਡਾ:ਰਾਹੁਲ, ਡਾ; ਹਰਬੰਸ ਸਿੰਘ , ਡਾ:ਗੁਨਤਾਸ ਕੌਰ, ਡਾ: ਦਵਿੰਦਰ ਕੌਰ, ਡਾ: ਕਾਹਲ, ਜਿਲ੍ਹਾ ਮਾਸ ਮੀਡੀਆ ਅਫ਼ਸਰ ਕਰਨੈਲ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਸਰੋਜ ਰਾਣੀ, ਨਾਨ ਮੈਡੀਕਲ ਸੁਪਰਵਾਈਜ਼ਰ ਹਰਪਾਲ ਕੌਰ, ਦੁਰਗਾ ਪ੍ਰਸ਼ਾਦ, ਯਾਦਵਿੰਦਰ ਸਿੰਘ ਅਤੇ ਨਰਸਿੰਗ ਵਿਦਿਆਰਥੀ ਹਾਜ਼ਰ ਸਨ।

# ਡੁਨੀਡਨ ਵਿਖੇ ਕੰਮ ਕਰਦੇ ਇਕ 28 ਕੁ ਸਾਲਾ ਪੰਜਾਬੀ ਮੁੰਡੇ ਦਾ ਕਤਲ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**–ਆਪਣੀ ਜ਼ਿੰਦਗੀ ਦੇ ਸੁਪਨੇ ਸਾਕਾਰ ਕਰਨ ਨਿਊਜ਼ੀਲੈਂਡ ਆਏ ਇਕ 28 ਸਾਲਾ ਪੰਜਾਬੀ ਨੌਜਵਾਨ ਦੀ ਲਾਸ਼ ਅੱਜ ਡੁਨੀਡਨ ਡੁਨੀਡਨ ਸ਼ਹਿਰ (ਦੱਖਣੀ ਟਾਪੂ) ਵਿਖੇ ਇਕ ਘਰ ਦੀ ਖਿੜਕੀ ਦੇ ਬਾਹਰਵਾਰ ਖ਼ੂਨ ਨਾਲ ਲੱਥਪੱਥ ਮਿਲੀ ਹੈ। ਅੱਜ ਸਵੇਰੇ ਇਕ ਗੁਆਂਢੀ ਨੇ ਟੁੱਟੀ ਹੋਈ ਖਿੜਕੀ ਦੇ ਬਾਹਰਵਰ ਇਸ ਦੀ ਲਾਸ਼ ਨੂੰ ਵੇਖਿਆ, ਜੋ ਬੁਰੀ ਤਰ੍ਹਾਂ ਨਾਲ ਖ਼ੂਨ ਨਾਲ ਲੱਥਪਥ ਸੀ। ਪਤਾ ਲੱਗਾ ਹੈ ਕਿ ਇਹ ਨੌਜਵਾਨ ਜ਼ਿਲ੍ਹਾ ਲੁਧਿਆਣਾ ਨਾਲ ਸਬੰਧ ਰੱਖਦਾ ਸੀ ਅਤੇ 6 ਕੁ ਮਹੀਨੇ ਪਹਿਲਾਂ ਉਸਦਾ ਵਿਆਹ ਹੋਇਆ ਸੀ




ਤੇ ਉਸਦੀ ਪਤਨੀ ਵੀ ਜਲਦੀ ਹੀ ਇਥੇ ਪਹੁੰਚ ਰਹੀ ਸੀ। ਇਸ ਵੇਲੇ ਉਹ ਡੁਨੀਡਨ ਸ਼ਹਿਰ (ਦੱਖਣੀ ਟਾਪੂ) ਵਿਖੇ ਕੋਰਸ ਕੰਪਨੀ ਦੇ ਵਿਚ ਕੰਮ ਕਰ ਰਿਹਾ ਸੀ। ਪਤਾ ਲੱਗਾ ਹੈ ਕਿ ਉਸਦੀ ਲਾਸ਼ ਪੋਸਟ ਮਾਰਟਮ ਵਾਸਤੇ ਭੇਜੀ ਗਈ ਹੈ। ਪੁਲਿਸ ਜਨਤਾ ਤੋਂ ਕਿਸੀ ਜਾਣਕਾਰੀ ਲਈ ਅਪੀਲ ਕਰ ਰਹੀ ਹੈ ਤਾਂ ਕਿ ਕੋਈ ਸੁਰਾਗ ਮਿਲ ਸਕੇ। ਸਵੇਰੇ 9 ਵਜੇ ਐਮਰਜੈਂਸੀ ਸੇਵਾਵਾਂ ਅੱਜ ਇਥੇ ਵੇਖੀਆਂ ਗਈਆਂ ਅਤੇ ਕੋਰਸ ਕੰਪਨੀ ਦੀ ਵੈਨ ਵੀ ਉਥੇ ਖੜੀ ਸੀ। ਪੁਲਿਸ ਇਸ ਕਤਲ ਨੂੰ ਅਜੇ ਅਣਸੁਲਝਾ ਲੈ ਰਹੀ ਹੈ ਅਤੇ ਜਾਂਚ-ਪੜ੍ਹਤਾਲ ਜਾਰੀ ਹੈ। ਪੁਲਿਸ ਅਜੇ ਸਪਸ਼ਟ ਨਹੀਂ ਹੈ ਕਿ ਇਹ ਕਤਲ ਹੈ ਜਾਂ ਕੁਝ ਹੋਰ।

# ਲੋਕ ਗਾਇਕ ਫਿਰੋਜ ਖਾਨ ਦੇ "ਜ਼ਮਾਨਾ - 2" ਦਾ ਪੋਸਟਰ ਰਿਲੀਜ਼ - ਰਾਮ ਭੋਗਪੁਰੀਆ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)**– ਪੰਜਾਬੀ ਇੰਡਸਟਰੀ ਦੇ ਸੁਰੀਲੇ ਕਲਾਕਾਰ ਫਿਰੋਜ਼ ਖ਼ਾਨ ਦੇ ਸਿੰਗਲ ਟਰੈਕ "ਜ਼ਮਾਨਾ -ਟੂ" ਦਾ ਵੱਖ ਵੱਖ ਸੋਸ਼ਲ ਸਾਈਟਾਂ ਤੇ ਪੋਸਟਰ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਦੀ ਜਾਣਕਾਰੀ ਦਿੰਦਿਆਂ ਆਰ ਜੇ ਬੀਟਸ ਦੇ ਐਮ ਡੀ ਰਾਮ ਭੋਗ-ਪੁਰੀਆ ਨੇ ਦੱਸਿਆ ਕਿ "ਜ਼ਮਾਨਾ-2" ਸੌਂਗ ਵੱਖਰੀ ਕਿਸਮ ਦਾ ਸੌਂਗ ਹੈ । ਜਿਸ ਨੂੰ ਪ੍ਰਸਿੱਧ ਗੀਤਕਾਰ ਸਵ. ਹਰਜਿੰਦਰ ਬੱਲ ਨੇ ਕਲਮਬੱਧ ਕੀਤਾ ਹੈ ਅਤੇ ਇਸ ਦਾ ਸੰਗੀਤ ਗੁਰਮੀਤ ਸਿੰਘ ਵਲੋਂ ਦਿੱਤਾ ਗਿਆ । ਇਸ ਸ਼ਾਨਦਾਰ ਟਰੈਕ ਦੇ ਡਾਇਰੈਕਟਰ ਮੁਨੀਸ਼ ਸ਼ਰਮਾ ਹਨ, ਜਦਕਿ ਇਸ ਟਰੈਕ ਲਈ ਆ-ਪਣੀਆਂ ਸੰਗੀਤਕ ਸੇਵਾਵਾਂ ਬਾਬਾ ਕਮਲ ਅਤੇ ਪੁਰੀ ਸਾਹਿਬ ਜੋ ਆਰ ਜੇ ਬੀਟਸ ਕੰਪਨੀ ਦੇ ਵੱਖ-ਵੱਖ ਅਹੁਦੇਦਾਰ ਹਨ, ਨੇ ਵੀ ਨਿਭਾਈਆਂ ਹਨ। ਇਸ ਟਰੈਕ ਦਾ ਵੀਡੀਓ ਸ਼ੂਟ ਵੱਖਰੇ ਅੰਦਾਜ਼ ਵਿੱਚ ਕੀਤਾ ਗਿਆ ਹੈ । ਜਲਦ ਹੀ ਇਸ ਟਰੈਕ ਨੂੰ ਵੱਖ-ਵੱਖ ਸਾਰੀਆਂ ਸੋਸ਼ਲ ਸਾਈਟਾਂ ਤੇ ਰਿਲੀਜ਼ ਕਰ ਦਿੱਤਾ ਜਾਵੇਗਾ। ਰਾਮ ਭੋਗਪੁਰੀਆ ਨੇ ਦੱਸਿਆ ਕਿ ਆਰ ਜੇ ਬੀਟਸ ਕੰਪਨੀ ਵਲੋਂ ਅਨੇਕਾਂ ਹੀ ਧਾਰਮਿਕ ਅਤੇ ਸੱਭਿਆਚਾਰਕ ਟਰੈਕ ਰਿਲੀਜ਼ ਕੀਤੇ ਜਾ ਰਹੇ ਹਨ। ਜਿਨਾਂ ਨੂੰ ਪੰਜਾਬੀ ਸਰੋਤੇ ਮਣਾਂ ਮੂੰਹੀਂ ਮੁਹੱਬਤ ਦੇ ਕੇ ਨਿਵਾਜ ਰਹੇ ਹਨ।




# ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਫਰਾਂਸ ਨੇ ਨਵੇਂ ਮੈਂਬਰ ਪੰਜਾਬ ਵਿੱਚ ਕੀਤੇ ਨਿਯੁਕਤ

## ਲਛਮਣ ਲਾਲ ਬੰਗੜ ਪ੍ਰਧਾਨ ਤੇ ਡਾ. ਰਾਜ ਕੁਮਾਰ ਚੇਅਰਮੈਨ ਨਿਯੁਕਤ

**ਫਗਵਾੜਾ (ਬੀ.ਕੇ. ਰੱਤੂ)** ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਫਰਾਂਸ ਸੰਸਥਾ ਨੂੰ ਪਿਛਲੇ ਸਾਲ ਭਾਰਤ ਦੇਸ਼ ਵਿੱਚ ਰਜਿਸਟਰ ਕਰਵ-ਾਇਆ ਗਿਆ ਸੀ ਜਿਸ ਵਿੱਚ ਨਵੇ ਬਣੇ ਅਹੁਦੇਦਾਰਾਂ ਦੇ ਵਿੱਚ ਸ਼੍ਰੀ ਲਛਮਣ ਲਾਲ ਬੰਗੜ ਪ੍ਰਧਾਨ, ਡਾ ਰਾਜ ਕੁਮਾਰ ਚੇਅਰਮੈਨ, ਡਾ ਬਰਜੇਸ਼ ਕੁਮਾਰ ਬੰਗੜ ਆਵਾਜ਼ ਪ੍ਰਸ਼ੰਸਕ, ਸ਼੍ਰੀ ਅਵਤਾਰ ਸਿੰਘ ਸਕੱਤਰ, ਸ੍ਰੀਮਤੀ ਪਰਮਜੀਤ ਕੌਰ ਕੈਸ਼ੀਅਰ, ਡਾ. ਮਨਜੀਤ ਕੁਮਾਰ ਜਨਰਲ ਸਕੱਤਰ, ਸ਼੍ਰੀ ਸੁਰਿੰਦਰ ਕੁਮਾਰ, ਸ਼੍ਰੀ ਹੈਪੀ, ਸ਼੍ਰੀ ਰਾਕੇਸ਼ ਕੁਮਾਰ ਇਹ ਸਾਰੇ ਮੈਂਬਰ ਭਾਰਤ (ਪੰਜਾਬ) ਵਿੱਚ ਸੰਸਥਾ ਦੇ ਰਜਿਸ਼ਟਰ ਮੈਂਬਰ ਹਨ।



ਸੰਸਥਾ ਦੀ ਇਕਾਈ ਦਾ ਸੇਵਾਵਾਂ ਨੂੰ ਸਚਾਰੂ ਤਰੀਕੇ ਨਾਲ ਚਲਾਉਣ ਲਈ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਨੇ ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਦੇ ਕੁੱਝ ਨਵੇਂ ਮੈਬਰਾਂ ਦੀਆ ਨਿਯੁਕਤੀ ਕੀਤੀਆ ਹਨ,ਤਾਂ ਜੋ ਸੇਵਾਵਾਂ ਲੋੜਵੰਦਾਂ ਤੱਕ ਨਿਰਵਿਘਨ ਪਹੁੰਚ ਸਕਣ ਇਹਨਾਂ ਨਵੇ ਮੈਬਰਾਂ ਵਾਰੇ ਜਾਣਕਾਰੀ ਦਿੰਦੀਆਂ ਭਾਈ ਰਾਮ ਸਿੰਘ ਮੈਂਗੜਾ ਨੇ ਦੱਸੀਆਂ ਕੇ ਸਾਡੇ ਦੋ ਮੈਂਬਰ ਬਹੁਤ ਸਤਿਕਾਰਯੋਗ ਸੰਸਥਾ ਦੇ ਅਣਥੱਕ ਸੇਵਾਦਾਰ ਹਰਨੇਕ ਸਿੰਘ ਮੱਲਾ ਬੇਦੀਆ ਅਤੇ ਮਨਜੀਤ ਸਿੰਘ ਵਲਜੋਤ, ਸਰੀਰਕ ਪੱਖੋਂ ਅਪਾਹਜ ਹੋਣ ਦੇ ਵਾਵਜੂਦ ਵੀ ਉਹਨਾਂ ਨੇ ਸੰਸਥਾ ਦੇ ਵੱਡੇ ਵੱਡੇ ਕਾਰਜਾਂ ਵਿੱਚ ਅੱਜ ਤੱਕ ਬਹੁਤ ਵੱਡਾ ਯੋਗਦਾਨ ਦਿੱਤਾ।ਹੁਣ ਇਹ ਵੀਰ ਸਰੀਰਕ ਅਤੇ ਸੇਹਿਤ ਪੱਖੋਂ ਬਹੁਤ ਕਮਜ਼ੋਰ ਹੋਣ ਕਾਰਣ ਸੇਵਾਵਾ ਨਹੀਂ ਕਰ ਸਕਦੇ, ਇਹਨਾਂ ਦੋ ਮੈਂਬਰਾਂ ਦੀ ਜਗ੍ਹਾ ਤੇ ਇਹਨਾਂ ਵੱਲੋਂ ਹੀ ਤਿੰਨ ਮੈਂਬਰਾਂ ਦੇ ਨਾਮ ਦਿੱਤੇ ਗਏ ਹਨ, ਇਹ ਨਾਮ ਪਹਿਲਾ ਕਿਸੇ ਜਾਣ ਪਹਿਚਾਣ ਦੇ ਮਹਿਤਾਜ ਨਹੀਂ ਹਨ, ਬੇਦੀ ਮੀਰਪੁਰੀ, ਮਾਸਟਰ ਸੰਦੀਪ ਜਾਡਲਾ, ਵੀਰ ਸਿੰਘ ਮੀਰਪੁਰੀ, ਸੰਸਥਾ ਵੱਲੋਂ ਇਹ ਤਿੰਨ ਮੈਬਰ ਨਿਯੁਕਤ ਕੀਤਾ ਗਏ ਹਨ। ਸੰਸਥਾ ਦੀਆ ਸੇਵਾਵਾਂ ਦਾ ਕੰਮ ਤਸੱਲੀ ਬਖਸ਼ ਚੱਲ ਸਕੇ, (ਬੇਗਮਪੁਰਾ ਏਡ ਇੰਟਰਨੈਸ਼ਨਲ) ਸੰਸਥਾ ਦੇ ਬਾਕੀ ਮੈਬਰ ਪਹਿਲਾਂ ਦੀ ਤਰ੍ਹਾਂ ਹੀ ਕੰਮ ਕਰਦੇ ਰਹਿਣਗੇ।

# ਗਾਇਕ ਸੋਹਣਾ ਸ਼ੰਕਰ ਦਾ ਬੇਟਾ ਰਾਜਵੀਰ ਆਪਣੇ ਸਿੰਗਲ ਟਰੈਕ "ਦੋ ਪੈਗ" ਨਾਲ ਸਰੋਤਿਆਂ ਦੀ ਕਚਹਿਰੀ ਵਿੱਚ ਹੋਇਆ ਹਾਜਰ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)**– ਪੰਜਾਬੀ ਗਾਇਕੀ ਵਿੱਚ ਇੱਕ ਉੱਭਰ ਰਿਹਾ ਸਿਤਾਰਾ ਗਾਇਕ ਰਾਜਬੀਰ ਦਾ ਜਨਮ ਪਿੰਡ ਬਗਵਾਈਂ ਨੇੜੇ ਗੜ੍ਹਸ਼ੰਕਰ ਜ਼ਿਲ੍ਹਾ



ਹੁਸ਼ਿਆਰਪੁਰ ਪ੍ਰਸਿੱਧ ਲੋਕ ਗਾਇਕ ਸੋਹਣ ਸ਼ੰਕਰ (ਹਿੱਟ ਗੀਤ ਬੱਗੇ ਬੱਗੇ ਬੈਲ ਰੱਖਣੇ) ਦੇ ਘਰ ਹੋਇਆ । ਰਾਜਬੀਰ ਦਾ ਸੰਗੀਤਕ ਸਫ਼ਰ ਸਕੂਲ ਸ਼੍ਰੀ ਗੁਰੂ ਤੇਗ ਬਹਾਦਰ ਜੀ ਗੜ੍ਹਸ਼ੰਕਰ ਤੋ ਸ਼ੁਰੂ ਹੋਇਆ। ਸੰਗੀਤ ਦੀ ਬੀ ਏ ਗੌਰਮਿਟ ਕਾਲਜ਼ ਹੁਸ਼ਿਆਰਪੁਰ ਤੋਂ ਕੀਤੀ । ਜਿੱਥੋਂ ਉਸ ਨੇ ਪ੍ਰੋਫੈਸਰ ਅਮਨ ਜੀ ਤੋ ਬਤੌਰ ਸੰਗੀਤ ਦੀ ਤਾਲੀਮ ਹਾਸਿਲ ਕੀਤੀ । ਰਾਜਬੀਰ ਦਾ ਪਹਿਲਾ ਗੀਤ ਉਸ ਦੇ ਪਿਤਾ ਸੋਹਣ ਸ਼ੰਕਰ ਤੇ ਭਰਾ ਬਰੂਜ਼ ਦੇ ਨਾਲ "ਕਮਜ਼ਾਬੀਆਂ" ਟਾਈਟਲ ਹੇਠ ਆਇਆ ਸੀ । ਫਿਰ ਸੋਹਣ ਸ਼ੰਕਰ ਵਲੋਂ ਕਲਮਬੱਧ ਕੀਤੇ ਗਾਣੇ " ਸਾਹਾਂ ਦੇ ਨੇੜੇ " " ਅੱਲਾ ਨੂੰ ਪਾ ਲਿਆ " “ਕੰਨਾਂ ਵਿੱਚ ਮੁੰਦਰਾਂ" ਆਦਿ ਆਏ। ਹਾਲ ਹੀ ਵਿੱਚ ਉਸਦਾ ਗਾਇਆ ਜੱਸੀ ਮਾਹਲੋ ਦੇ ਬਰੂਜ਼ ਦੇ ਮਿਊਜ਼ਿਕ ਵਿੱਚ "ਦੋ ਪੈਗ" ਟਾਈਟਲ ਹੇਠ ਨਵਾਂ ਗੀਤ ਆਇਆ ਹੈ । ਅਨੇਕਾਂ ਗਾਣੇ ਬਰੂਜ ਦੇ ਅਤੇ ਜੱਸੀ ਬਰੋਂ ਦੇ ਮਿਊਜ਼ਿਕ ਵਿਚ ਤਿਆਰ ਹਨ ।

ਰਾਜਬੀਰ ਦੇ "ਦੋ ਪੈਗ" ਗੀਤ ਸਰੋਤਿਆਂ ਵਿੱਚ ਵਧੀਆ ਨੰਬਰਾਂ ਤੇ ਜਾ ਰਿਹਾ ਹੈ ਅਤੇ ਹੌਲੀ ਹੌਲੀ ਇਹ ਗੀਤ ਡੀਜੇ ਫੇਮ ਬਣਦਾ ਜਾ ਰਿਹਾ। ਫੋਕ ਸਟੂਡੀਓ ਕਨੇਡਾ ਗੁਰਜੀਤ ਮਾਹਲ ਜੀ ਦਾ ਅਤੇ ਟੀ 3 ਯੂ ਕੇ ਸੋਮ ਥਿੰਦ ਜੀ ਦਾ ਗਾਇਕ ਰਾਜਬੀਰ ਤਹਿ ਦਿਲੋਂ ਧੰਨਵਾਦ ਕਰਦਾ ਹੈ । ਰਾਜਬੀਰ ਆਪਣੇ ਪਿਤਾ ਦੇ ਨਕਸ਼ੇ ਕਦਮਾਂ ਤੇ ਚੱਲਦਿਆਂ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਨ ਲਈ ਬਚਨ ਬੱਧ ਹੈ। ਸੋ ਆਸ ਕਰਦੇ ਹਾਂ ਕਿ ਰਾਜਬੀਰ ਦੇ ਹੋਰ ਸਾਰੇ ਗਾਣਿਆਂ ਨੂੰ ਤੁਸੀਂ ਏਦਾ ਹੀ ਪਿਆਰ ਦੇਵੋਗੇ । ਗਾਇਕ ਰਾਜਬੀਰ ਦਾ ਗਾਇਆ ਗੀਤ "ਦੋ ਪੈਗ" ਵੀ ਉਸਦੇ ਪਿਤਾ ਸੋਹਣ ਸ਼ੰਕਰ ਦੇ ਗਾਏ ਹੋਏ ਗੀਤ "ਬੱਗੇ ਬੱਗੇ ਬੈਲ ਰੱਖਣੇ" ਵਾਂਗ ਡੀਜੇ ਬੀਟ ਦਾ ਸ਼ਿੰਗਾਰ ਬਣਦਾ ਜਾ ਰਿਹਾ ਹੈ।

# ਆਪ ਤੇ ਕਾਂਗਰਸ ਕੋਲ ਬਹੁਮਤ ਪਰ ਚੰਡੀਗੜ੍ਹ ਵਿੱਚ ਮੇਅਰ ਭਾਜਪਾ ਦਾ

**ਚੰਡੀਗੜ**– ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ’ਤੇ ਅੱਜ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਹੋਈ ਚੰਡੀਗੜ੍ਹ ਦੇ ਮੇਅਰ ਦੀ ਚੋਣ ਦੌਰਾਨ ਆਪ-ਕਾਂਗਰਸ ਗੱਠਜੋੜ ਕੋਲ ਲੋੜੀਂਦੇ ਬਹੁਮਤ ਦੇ ਬਾਵਜੂਦ ਭਾਜਪਾ ਉਮੀਦਵਾਰ ਮਨੋਜ ਸੋਨਕਰ ਨੇ ਜਿੱਤ ਦਰਜ ਕੀਤੀ ਹੈ। ਮਨੋਜ ਸੋਨਕਰ ਨੂੰ 16 ਵੋਟ ਤੇ ‘ਆਪ’-ਕਾਂਗਰਸ ਗੱਠਜੋੜ ਦੇ ਉਮੀਦਵਾਰ ਕੁਲਦੀਪ ਕੁਮਾਰ ਧਲੌਰ ਨੂੰ 12 ਵੋਟ ਮਿਲੇ। ਪ੍ਰੀਜ਼ਾਈਡਿੰਗ ਅਧਿਕਾਰੀ ਅਨਿਲ ਮਸੀਹ ਨੇ ਵੋਟਾਂ ਦੀ ਗਿਣਤੀ ਦੌਰਾਨ ਅੱਠ ਵੋਟਾਂ ਰੱਦ ਕਰ ਦਿੱਤੀਆਂ। ਇਸ ਮਗਰੋਂ 4 ਵੋਟਾਂ ਨਾਲ ਭਾਜਪਾ ਉਮੀਦਵਾਰ ਨੂੰ ਜੇਤੂ ਐਲਾਨ ਦਿੱਤਾ ਗਿਆ। ਚੋਣ ਦੇ ਨਤੀਜੇ ਦਾ ਐਲਾਨ ਹੁੰਦੇ ਹੀ ਆਪ-ਕਾਂਗਰਸ ਗੱਠਜੋੜ ਦੇ ਕੌਂਸਲਰਾਂ ਨੇ ਹੰਗਾਮਾ ਸ਼ੁਰੂ ਕਰ ਦਿੱਤਾ। ਉਹ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੀ ਚੋਣ ਦਾ ਬਾਈਕਾਟ ਕਰਦੇ ਹੋਏ ਸਦਨ ਵਿਚੋਂ ਵਾਕਆਊਟ ਕਰ ਗਏ ਤੇ ਭਾਜਪਾ ਕੌਂਸਲਰ ਹੀ ਵੋਟਿੰਗ ਵਿਚ ਸ਼ਾਮਲ ਹੋਏ। ਭਾਜਪਾ ਦੇ ਕੁਲਜੀਤ ਸਿੰਘ ਸੀਨੀਅਰ ਡਿਪਟੀ ਮੇਅਰ ਤੇ ਰਾਜਿੰਦਰ ਸ਼ਰਮਾ ਡਿਪਟੀ ਮੇਅਰ ਚੁਣੇ ਗਏ। ਮੇਅਰ ਚੋਣ ਦਾ ਵਿਵਾਦ ਇਕ ਵਾਰ ਫਿਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਪਹੁੰਚ ਗਿਆ ਹੈ ਜਿੱਥੇ ਬੁੱਧਵਾਰ ਨੂੰ ਇਸ ਮਾਮਲੇ ’ਤੇ ਸੁਣਵਾਈ ਹੋਵੇਗੀ।



ਮੇਅਰ ਦੀ ਚੋਣ ਦੇ ਨਤੀਜੇ ਨਾਲ ਨਾ ਸਿਰਫ਼ ਚੰਡੀਗੜ੍ਹ ਵਿਚ ਸਗੋਂ ਦੇਸ਼ ਭਰ ਵਿਚ ਘਮਸਾਣ ਮਚ ਗਿਆ ਹੈ। ‘ਆਪ’-ਕਾਂਗਰਸ ਗੱਠਜੋੜ ਦੇ ਆਗੂਆਂ ਦਾ ਦੋਸ਼ ਹੈ ਕਿ ਭਾਜਪਾ ਦੀ ਜਿੱਤ ਧੱਕੇਸ਼ਾਹੀ ਤੇ ਜਾਅਲਸਾਜ਼ੀ ਨਾਲ ਹੋਈ ਹੈ ਕਿਉਂਕਿ ਪ੍ਰੀਜ਼ਾਈਡਿੰਗ ਅਧਿਕਾਰੀ ਅਨਿਲ ਮਸੀਹ ਨੇ ਨਤੀਜੇ ਜਾਰੀ ਕਰਨ ਮੌਕੇ ਨਿਰਪੱਖਤਾ ਤੇ ਪਾਰਦਰਸ਼ਤਾ ਨਹੀਂ ਦਿਖਾਈ। ‘ਆਪ’ ਤੇ ਕਾਂਗਰਸੀ ਕੌਂਸਲਰਾਂ ਨੇ ਦੋਸ਼ ਲਾਇਆ ਕਿ ਪ੍ਰੀਜ਼ਾਈਡਿੰਗ ਅਧਿਕਾਰੀ ਨੇ ਵੋਟਾਂ ਦੀ ਗਿਣਤੀ ਕਰਨ ਮੌਕੇ ਪਾਰਟੀ ਦੇ ਚੋਣ ਏਜੰਟਾਂ ਨੂੰ ਵੀ ਨਹੀਂ ਸੱਦਿਆ। ਇਕੱਲਿਆਂ ਹੀ ਵੋਟਾਂ ਦੀ ਗਿਣਤੀ ਕਰਕੇ 8 ਵੋਟਾਂ ਅਯੋਗ ਕਰਾਰ ਦੇ ਦਿੱਤੀਆਂ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ ਧੱਕੇਸ਼ਾਹੀ ਨਾਲ ਚੋਣ ਜਿੱਤੀ ਤੇ ਜਮਹੂਰੀਅਤ ਦਾ ਕਤਲ ਕੀਤਾ ਹੈ।

ਕਾਂਗਰਸ ਤੇ ‘ਆਪ’ ਕੌਂਸਲਰਾਂ ਨੇ ਇਹ ਦੋਸ਼ ਵੀ ਲਾਏ ਕਿ ਪ੍ਰੀਜ਼ਾਈਡਿੰਗ ਅਧਿਕਾਰੀ ਵਾਇਰਲ ਹੋਈ ਵੀਡੀਓ ਵਿੱਚ ਕਈ ਵੋਟਾਂ ’ਤੇ ਪੈੱਨ ਚਲਾਉਂਦਾ ਨਜ਼ਰ ਆ ਰਿਹਾ ਹੈ। ਵੀਡੀਓ ਵਿੱਚ ਵੀ ਇਸ ਦੇ ਸਬੂਤ ਹਨ। ਇਸ ਨੂੰ ਲੈ ਕੇ ਸਦਨ ਵਿਚ ਕਾਫੀ ਦੇਰ ਤੱਕ ਹੰਗਾਮਾ ਹੋਇਆ।

# ਆਪ ਨੇ ਫਗਵਾੜਾ ਤੋਂ ਜਰਨੈਲ ਨੰਗਲ ਨੂੰ ਸੂਬਾ ਜਨਰਲ ਸਕੱਤਰ ਕੀਤਾ ਨਿਯੁਕਤ

**ਫਗਵਾੜਾ (ਸਤਨਾਮ ਸਿੰਘ ਸਹੂੰਗੜਾ)**–ਆਮ ਆਦਮੀ ਪਾਰਟੀ ਪੰਜਾਬ ਨੇ ਆਪਣੇ ਸੂਬਾ ਸੰਗਠਨ ਵਿੱਚ ਵਿਸਥਾਰ ਕਰਦਿਆਂ ਲੋਕਾਂ ਲਈ ਮੂਹਰੇ ਹੋ ਕੇ ਲੜਨ ਵਾਲੇ ਤੇ ਲੋਕਾਂ ਦੀ ਆਵਾਜ਼ ਬਣੇ ਨਿਧੜਕ ਆਗੂ ਜਰਨੈਲ ਨੰਗਲ (ਫਗਵਾੜਾ) ਨੂੰ ਆਮ ਆਦਮੀ ਪਾਰਟੀ ਨੇ



ਐਸ. ਸੀ. ਵਿੰਗ ਪੰਜਾਬ ਦਾ ਸੂਬਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਜਰਨੈਲ ਨੰਗਲ ਨੇ ਪਾਰਟੀ ਵਲੋਂ ਦਿੱਤੀ ਗਈ ਇਸ ਜਿੰਮੇਵਾਰੀ ਲਈ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ, ਰਾਜ ਸਭਾ ਮੈਂਬਰ ਡਾ। ਸੰਦੀਪ ਪਾਠਕ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਪਾਰਟੀ ਵਲੋਂ ਦਿੱਤੀ ਗਈ ਇਸ ਜਿੰਮੇਵਾਰੀ ਨੂੰ ਉਹ ਪਾਰਟੀ ਦੀ ਮਜ਼ਬੂਤੀ ਲਈ ਪੂਰੀ ਤਨਦੇਹੀ ਨਾਲ ਨਿਭਾਉਣਗੇ।

# ਬਠਿੰਡਾ ਦੇ ਪਿੰਡ ਖਿਆਲੀ ਵਾਲਾ ਵਿਖੇ ਬੱਸਾਂ ਦੀ ਬੰਦ ਪਈ ਸਰਵਿਸ ਬਹਾਲ ਕਰਵਾਉਣ ਸੰਬੰਧੀ ਉੱਚ ਅਧਿਕਾਰੀਆਂ ਨੂੰ ਮਿਲਿਆ ਵਫਦ

ਅੱਜ ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾਈ ਆਗੂ ਸੁਖਪਾਲ ਸਿੰਘ ਖਿਆਲੀ ਵਾਲਾ ਦੀ ਅਗਵਾਈ ਵਿੱਚ ਉੱਚ ਅਧਿਕਾਰੀ ਜੀ ਐਮ ਨੂੰ ਇਕ ਵਫਦ ਨੇ ਮਿਲਕੇ ਕਿਹਾ ਕਿ ਬਠਿੰਡੇ ਜਿਲੇ ਦਾ ਪਿੰਡ ਖਿਆਲੀ ਵਾਲਾ ਇਸ ਸਮੇ ਸਹਿਰ ਆਉਣ ਜਾਣ ਲਈ ਮੁਸਕਲਾ ਨਾਲ ਜੂਝ ਰਿਹਾਂ ਹੈ ਕਿਉਂਕਿ ਇਸ ਪਿੰਡ ਵਿੱਚ ਨਾ ਮਾਤਰ ਹੀ ਬੱਸ ਸਰਵਿਸ ਚਲ ਰਹੀ ਹੈ ਪਿਛਲੇ ਦਿਨੀ ਉਹ ਵੀ ਸਰਕਾਰੀ ਹੁਕਮਾਂ ਦੀ ਭੇਂਟ ਚੜ ਗਈ ਬਠਿੰਡੇ ਤੋ ਪੰਜਾਬ ਰੋਡਵੇਜ਼ ਦੀ ਇਕ ਬੱਸ ਚਲਦੀ ਸੀ ਉਹ ਕੁਝ ਦਿਨ ਪਹਿਲਾਂ ਬੰਦ ਕਰ ਦਿੱਤੀ ਗਈ। ਬਸ ਬੰਦ ਹੋਣ ਕਾਰਨ ਵਿਦਿਆਰਥੀ ਕਾਲਜਾਂ ਸਕੂਲਾਂ ਵਿਚੋ ਗੈਰਹਾਜ਼ਰ ਹੋ ਰਹੇ ਹਨ ਦਿਹਾੜੀਦਾਰ ਮਜ਼ਦੂਰ ਆਪਣੇ ਕੰਮ ਉੱਤੇ ਸਮੇ ਸਿਰ ਨਹੀ ਪਹੁੰਚ ਰਹੇ ।ਔਰਤਾਂ ਨੂੰ ਘੰਟਿਆਂ ਬੱਧੀ ਕਿਸੇ ਸਾਧਨ ਦੀ ਉਡੀਕ ਕਰਨੀ ਪੈਂਦੀ ਹੈ ਫਿਰ ਕਿਤੇ ਜਾ ਕੇ ਘਰ ਨਸੀਬ ਹੁੰਦਾ ਹੈ। ਅੱਜ ਵਫਦ ਮਿਲਣ ਕਾਰਨ ਭਾਵੇ ਸਰਕਾਰੀ ਬੱਸ ਸੈਂਟਰ ਜੇਲ ਤੋ ਖਿਆਲੀ ਵਾਲੇ ਤੱਕ ਭੇਜ ਦਿੱਤੀ ਗਈ ਪਰ ਪਰਨਾਲਾ ਅਜੇ ਵੀ ਉੱਥੇ ਹੀ ਹੈ। ਇਸ ਪਿੰਡ ਦੇ 30 ਦੇ ਕਰੀਬ ਟਾਇਮ ਹਨ ਪਰ ਚਲ ਨਹੀ ਰਹੇ। ਭਾਵੇ ਸਤਾ ਵਿੱਚ ਕਹਿਣ ਨੂੰ ਆਮ ਆਦਮੀ ਦੀ ਸਰਕਾਰ ਹੈ ਪਰ ਸਰਕਾਰ ਆਮ ਆਦਮੀ ਤੋ ਬਹੁਤ ਦੂਰ ਹੈ ਇਨਕਬਾਲ ਕਰਨ ਵਾਲੀ ਸਰਕਾਰ ਆਮ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਵਿੱਚ ਫੇਲ੍ਹ ਸਾਬਤ ਹੋ ਰਹੀ ਹੈ।

ਬਾਕੀ ਟਾਇਮ ਚਲਾਉਣ ਵਾਸਤੇ ਡੀ ਸੀ ਸਹਿਬ ਬਠਿੰਡਾ ਨੂੰ ਮਿਲਿਆਂ ਜਾਵੇਗਾ। ਜੇਕਰ ਕੋਈ ਮਸਲਾ ਹੱਲ ਨਾ ਹੋਇਆਂ ਤਾ ਸੰਘਰਸ਼ ਸੁਰੂ ਕੀਤਾ ਜਾਵੇਗਾ ਇਸ ਸਮੇਂ ਕਿਸਾਨ ਆਗੂ ਸਵਰਨ ਸਿੰਘ ਖਿਆਲੀ ਵਾਲਾ ਮਜ਼ਦੂਰ ਆਗੂ ਟੇਕ ਸਿੰਘ ਖਿਆਲੀ ਵਾਲਾ ਸਾਧੂ ਸਿੰਘ ਪ੍ਰੇਮੀ ਖਿਆਲੀ ਵਾਲਾ ਯਾਦਵਿੰਦਰ ਸਿੰਘ ਕਮਰਦੀਪ ਕੌਰ ਖਿਆਲੀ ਵਾਲਾ ਸੰਗਰਾਮ ਵੀਰ ਖਿਆਲੀ ਵਾਲਾ ਹਾਜਰ ਸਨ।

**ਜਾਰੀ ਕਰਤਾ– ਸੁਖਪਾਲ ਸਿੰਘ ਖਿਆਲੀ ਵਾਲ**

# ਅਜ਼ਾਦੀ ਸੰਗਰਾਮ ਦੌਰਾਨ ਬੇਮਿਸਾਲ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸੁਤੰਤਰਤਾ ਸੰਗਰਾਮੀਆਂ ਨੂੰ ਕੀਤਾ ਯਾਦ -ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ

**ਸੰਗਰੂਰ, (ਦਲਜੀਤ ਕੌਰ)–** ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਦੇਸ਼ ਦੇ ਆਜ਼ਾਦੀ ਸੰਗਰਾਮ ਦੌਰਾਨ ਆਪਣੀਆਂ ਬੇਮਿਸਾਲ ਕੁਰਬਾਨੀਆਂ ਦੇ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸੁਤੰਤਰਤਾ ਸੰਗਰਾਮੀਆਂ ਨੂੰ ਯਾਦ ਕਰਦਿਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਮੌਕੇ ਪੰਜਾਬ ਪੁਲਿਸ ਦੀ ਟੁਕੜੀ ਨੇ ਹਥਿਆਰ ਪੁੱਠੇ ਕਰਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਦੋ ਮਿੰਟ ਦਾ ਮੌਨ



ਧਾਰਨ ਕਰਕੇ ਸ਼ਹੀਦਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ।

# ਅਮਰੀਕਾ ਦੇ ਰਿਚਮੌਂਡ ਹਿਲ ਖੇਤਰ ਵਿਚ ਮਹਾਤਮਾ ਗਾਂਧੀ ਦਾ ਨਵਾਂ ਬੁੱਤ ਲਾਇਆ, ਅਗਸਤ 2022 ਵਿਚ ਬੁੱਤ ਦੀ ਕੀਤੀ ਸੀ ਭੰਨਤੋੜ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਿਊਯਾਰਕ ਸਿਟੀ ਦੇ ਮੇਅਰ ਏਰਿਕ ਐਡਮਜ ਤੇ ਭਾਰਤੀ ਅਮਰੀਕੀ ਸਟੇਟ ਅਸੰਬਲੀ ਮੈਂਬਰ ਜੈਨੀਫਰ ਰਾਜਕੁਮਾਰ ਨੇ ਇਕ ਸਥਾਨਕ ਹਿੰਦੂ ਮੰਦਿਰ ਦੇ ਬਾਹਰ ਮਹਾਤਮਾ ਗਾਂਧੀ ਦੇ ਨਵੇਂ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਨਿਭਾਈ। ਰਿਚਮੌਂਡ ਹਿਲ ਵਿਚ 111ਵੀਂ ਸਟਰੀਟ 'ਤੇ ਸਥਿਤ ਸ਼੍ਰੀ ਤੁਲਸੀ ਮੰਦਿਰ ਦੇ ਸਾਹਮਣੇ ਸਥਾਪਿਤ ਮਹਾਤਮਾ ਗਾਂਧੀ ਦੇ ਬੁੱਤ ਦੀ ਅਗਸਤ 2022 ਵਿਚ ਦੋ ਵਾਰ



ਭੰਨਤੋੜ ਕੀਤੀ ਗਈ ਸੀ ਤੇ ਬੁੱਤ ਉਪਰ ਅਪਮਾਨਜਨਕ ਸ਼ਬਦ ਲਿਖ ਦਿੱਤੇ ਗਏ ਸਨ। ਇਸ ਮੌਕੇ ਮੇਅਰ ਐਡਮਜ ਨੇ ਕਿਹਾ ਕਿ ਬੁੱਤ ਨੂੰ ਭਾਵੇਂ ਕੁਝ ਲੋਕਾਂ ਵੱਲੋਂ ਤੋੜ ਦਿੱਤਾ ਗਿਆ ਸੀ ਪਰੰਤੂ ਉਹ ਲੋਕ ਬੁੱਤ ਨੂੰ ਦੁਬਾਰਾ ਬਣਾਉਣ ਲਈ ਸਾਡੀ ਇਕਜੁੱਟਤਾ ਤੇ ਭਾਵਨਾ ਨੂੰ ਨਹੀਂ ਤੋੜ ਸਕੇ। ਉਨਾਂ ਕਿਹਾ ਕਿ ਅੱਜ ਅਸੀਂ ਭਾਰਤੀ ਭਾਈਚਾਰੇ ਦੇ ਨਾਲ ਖੜੇ ਹਾਂ ਤੇ ਇਕ ਆਵਾਜ਼ ਵਿਚ ਐਲਾਨ ਕਰਦੇ ਹਾਂ ਕਿ ਨਫਰਤ ਨੂੰ ਸਾਡੇ ਦੇਸ਼ ਵਿਚ ਕੋਈ ਥਾਂ ਨਹੀਂ ਹੈ। ਸਮਾਗਮ ਵਿਚ ਅਸੰਬਲੀ ਮੈਂਬਰ ਡੇਵਿਡ ਵੈਪਰਿਨ, ਕੌਂਸਲ ਮੈਂਬਰ ਲਿਨ ਸ਼ੁਲਮੈਨ ਤੇ ਪੰਡਿਤ ਲੇਖਰਾਮ ਮਹਾਰਾਜ ਸੰਸਥਾਪਕ ਤੁਲਸੀ ਮੰਦਿਰ ਤੋਂ ਇਲਾਵਾ ਭਾਰਤੀ ਅਮਰੀਕੀ ਭਾਈਚਾਰੇ ਦੀਆਂ ਕਈ ਹੋਰ ਅਹਿਮ ਸਖਸ਼ੀਅਤਾਂ ਹਾਜਰ ਸਨ। ਰਾਜ ਕੁਮਾਰ ਨੇ ਸੋਸ਼ਲ ਮੀਡੀਆ ਉਪਰ ਪਾਈ ਇਕ ਵੀਡੀਓ ਵਿਚ ਪਰਦਾ ਹਟਾਉਣ ਦੀ ਰਸਮ ਸਾਂਝੀ ਕੀਤੀ ਹੈ ਤੇ ਕਿਹਾ ਹੈ ਕਿ ਮੇਅਰ ਐਡਮਜ ਨਾਲ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਨਿਭਾਉਣ ਦਾ ਅਵਸਰ ਬਹੁਤ ਰੋਚਕ ਸੀ।

# ਨਵੀਂ ਪਨੀਰੀ ਦੀ ਤਿਆਰੀ ਵਿਚ ਜੁਟਿਆ ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ

**ਬਲਜਿੰਦਰ ਮਾਨ 98150–18947**

ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਪਿਛਲੇ ਛੇ ਦਹਾਕਿਆਂ ਤੋਂ ਫੁੱਟਬਾਲ ਨੂੰ ਅਰਪਿਤ ਹੋ ਕੇ ਕਾਰਜ ਕਰ ਰਿਹਾ ਹੈ।ਸ਼ਾਇਦ ਇਹ ਪੰਜਾਬ ਦਾ ਸਭ ਤੋਂ ਪੁਰਾਣਾ ਫੁੱਟਬਾਲ ਕਲੱਬ ਹੈ ਜੋ ਹਰ ਸਾਲ ਸਲਾਨਾ ਟੂਰਨਾਮੈਂਟ ਤੋਂ ਇਲਾਵਾ ਲਗਭਗ ਸਾਰਾ ਸਾਲ ਫੁੱਟਬਾਲ ਗਤੀਵਿਧੀਆਂ ਵਿਚ ਜੁਟਿਆ ਰਹਿੰਦਾ ਹੈ। ਇਸ ਕਲੱਬ ਦੇ ਪ੍ਰਧਾਨ ਸ.ਕੁਲਵੰਤ ਸਿੰਘ ਸੰਘਾ ਅਤੇ ਬਾਕੀ ਮੈਂਬਰ ਵਧਾਈ ਦੇ ਪਾਤਰ ਹਨ ਜੋ ਦਿਨ ਰਾਤ ਇਹਨਾਂ ਕਾਰਜਾਂ ਨੂੰ ਸਫ਼ਲ ਬਨਾਉਣ ਵਿਚ ਜੁਟੇ ਹੋਏ ਹਨ। ਫੁੱਟਬਾਲ ਅਤੇ ਮਾਹਿਲਪੁਰ ਨੂੰ ਅਲੱਗ ਕਰਕੇ ਪੜ੍ਹਨਾ ਅਸੰਭਵ ਹੈ। ਪੂਰੀ ਦੁਨੀਆਂ ਵਿਚ ਮਾਹਿਲਪੁਰ ਨੂੰ ਫੁੱਟਬਾਲ ਦੀ ਧਰਤੀ ਵਜੋਂ ਹੀ ਜਾਣਿਆ ਜਾਂਦਾ ਹੈ। 20ਵੀਂ ਸਦੀ ਦੇ ਆਖਰੀ ਦਹਾਕੇ ਵਿਚ ਇਸਦੀ ਚਰਚਾ ਸ਼ੌਂਕੀਂ ਮੇਲੇ ਕਰਕੇ ਪੂਰੀ ਦੁਨੀਆਂ ਵਿਚ ਹੋਣ ਲੱਗ ਪਈ ਸੀ। ਅਜਕਲ ਇੰਡੀਆ ਬੁਕ ਆਫ ਰਿਕਾਰਡਜ਼ ਵਿਚ ਦਰਜ ਇਥੋਂ ਛਪਦੇ ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਕਰਕੇ ਵੀ ਮਾਹਿਲਪੁਰ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ ਕਿਉਂਕਿ ਪੂਰੇ ਪੰਜਾਬ ਵਿਚੋਂ ਬਾਲਾਂ ਲਈ ਛਪਣ ਵਾਲਾ ਨਿਜੀ ਖੇਤਰ ਦਾ ਇਹ ਇਕੋ ਇਕ ਪੰਜਾਬੀ ਰਸਾਲਾ ਹੈ।ਖਾਲਸਾ ਕਾਲਜ ਮਾਹਿਲਪੁਰ ਦੀਆਂ ਤਾਂ ਬਾਤਾਂ ਹੀ ਕਿਆ ਨੇ। ਇੱਥੋਂ ਦੀ ਪੈਦਾਇਸ਼ ਨੇ ਕੁੱਲ ਦੁਨੀਆਂ ਵਿਚ ਸ਼ਾਨਦਾਰ ਰੁਤਬੇ ਹਾਸਿਲ ਕਰਕੇ ਇਸ ਸੰਸਥਾ ਦੇ ਮਾਣ ਵਿਚ ਵਾਧਾ ਕੀਤਾ ਹੈ।





ਪ੍ਰਿੰਸੀਪਲ ਹਰਭਜਨ ਸਿੰਘ ਜੀ ਆਪਣੇ ਸਾਥੀ ਲਾਭ ਸਿੰਘ ਨਾਲ ਲਾਹੌਰ ਕਾਲਜ ਵਿਚ ਫੁੱਟਬਾਲ ਖੇਡਿਆ ਕਰਦੇ ਸਨ। ਇਸੇ ਪਿਆਰ ਅਤੇ ਲਗਨ ਨਾਲ ਉਹਨਾਂ ਨੇ ਇਹ ਬੂਟਾ ਮਾਹਿਲਪੁਰ ਵਿਚ ਲਾ ਦਿੱਤਾ। ਸੰਤ ਬਾਬਾ ਹਰੀ ਸਿੰਘ ਕਹਾਰਪੁਰੀ ਦੀ ਅਗਵਾਈ ਹੇਠ 1946 ਵਿਚ ਖਾਲਸਾ ਕਾਲਜ ਮਾਹਿਲਪੁਰ ਦੀ ਸਥਾਪਨਾ ਨਾਲ ਕਰਮਯੋਗੀ ਪ੍ਰਿੰ.ਹਰਭਜਨ ਸਿੰਘ ਜੀ ਵਾਸਤੇ ਸਿੱਖਿਆ ਅਤੇ ਖੇਡਾਂ ਲਈ ਕਾਰਜ ਕਰਨ ਲਈ ਖੇਤਰ ਬਹੁਤ ਵਿਸ਼ਾਲ ਹੋ ਗਿਆ। ਉਹਨਾਂ ਆਪਣਾ ਸਾਰਾ ਜੀਵਨ ਇਸ ਕਾਲਜ ਦੀ ਬਿਹਤਰੀ ਦੇ ਲੇਖੇ ਲਾ ਕੇ ਲੋਕਾਂ ਦੇ ਦਿਲਾਂ ਵਿਚ ਸਨਮਾਨਯੋਗ ਥਾਂ ਬਣਾ ਲਿਆ।ਉਹ ਸੱਚ-ਮੁੱਚ ਹੀ ਇਕ ਕਰਮਯੋਗੀ ਸਨ। 16 ਅਗਸਤ 1962 ਨੂੰ ਉਹਨਾਂ ਦੇ ਸਵਰਗ ਸਿਧਾਰ ਜਾਣ ਤੋਂ ਬਾਅਦ ਉਹਨਾਂ ਦੇ ਸ਼ਗਿਰਦਾਂ ਅਤੇ ਉਪਾਸ਼ਕਾਂ ਨੇ ਉਹਨਾਂ ਦੀ ਯਾਦ ਨੂੰ ਸਦੀਵੀ ਬਨਾਉਣ ਲਈ ਪ੍ਰਿੰ. ਹਰਭਜਨ ਸਿੰਘ ਯਾਦਗਾਰੀ ਸਪੋਰਟਿੰਗ ਕਲੱਬ ਦੀ ਸਥਾਪਨਾ ਕੀਤੀ।ਜਿਸ ਵਲੋਂ ਪ੍ਰਿੰਸ਼ੀਪਲ ਸਾਹਿਬ ਦੀ ਯਾਦ ਵਿਚ ਹਰ ਸਾਲ ਫੁੱਟਬਾਲ ਟੂਰਨਾਮੈਂਟ ਅਯੋਜਿਤ ਕੀਤਾ ਜਾਣ ਲੱਗਾ। ਅਜਕਲ ਇਹ ਟੂਰਨਾਮੈਂਟ ਕੌਮੀ ਪੱਧਰ ਤੇ ਹਰ ਸਾਲ ਕਰਵਾਇਆ ਜਾਂਦਾ ਹੈ।ਜਿਸ ਵਿਚ ਅਕੈਡਮੀਆਂ, ਕਾਲਜ ਅਤੇ ਪੂਰੇ ਭਾਰਤ ਚੋਂ ਕਲੱਬ ਅਤੇ ਲੈਂਦੇ ਹਨ।

ਬਜਵਾੜੇ ਲਾਗਲੀ ਫੌਜੀ ਛਾਉਣੀ ਨੇ ਇਸ ਖੇਡ ਨੂੰ ਮਾਹਿਲਪੁਰ ਵਿਚ ਪੁੱਜਦੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ।ਇਲਾਕੇ ਦੇ ਫੌਜੀ ਵੀਰਾਂ ਰਾਹੀਂ ਇਹ ਇਲਾਕੇ ਦੇ ਪਿੰਡਾਂ ਵਿਚ ਮਸ਼ਹੂਰ ਹੋ ਗਈ। ਉੱਧਰ ਪ੍ਰਿੰ. ਹਰਭਜਨ ਸਿੰਘ ਜੀ ਦੀ ਸਰਪ੍ਰੱਸਤੀ ਨੇ ਇਸਦੀ ਪ੍ਰਫੁੱਲਤਾ ਵਿਚ ਵਾਧਾ ਕੀਤਾ। 1934 ਵਿਚ ਇਥੋਂ ਦਾ ਖਾਲਸਾ ਕਲੱਬ ਬੜਾ ਮਸ਼ਹੂਰ ਸੀ। ਇਸ ਤੋਂ ਬਾਅਦ ਇੱਥੋਂ ਦਾ ਈਗਲ ਕਲੱਬ ਫੁੱਟਬਾਲ ਦੇ ਪੰਜਾਬ ਪੱਧਰੀ ਮੁਕਾਬਲਿਆਂ ਵਿਚ ਹਮੇਸ਼ਾ ਅੱਗੇ ਰਿਹਾ। ਜਿਸ ਵਿਚ ਸ. ਉਮ-ਰਾਉ ਸਿੰਘ, ਸ.ਬਾਬੂ ਸਿੰਘ ਅਤੇ ਸ.ਚੈਂਚਲ ਸਿੰਘ ਵਰਗੇ ਖਿਡਾਰੀ ਸ਼ਾਮਿਲ ਸਨ। 1948 ਵਿਚ ਇੱਥੇ ਇਕ ਮੈਂਗੋ ਸੀਜਨ ਫੁੱਟਬਾਲ ਟੂਰਨਾਮੈਂਟ ਸ. ਗੁਲਬਰਗ ਸਿੰਘ ਬੈਂਸ ਦੇ ਯਤਨਾ ਨਾਲ ਆਰੰਭ ਹੋਇਆ ਸੀ। ਇੰਜ ਇਹਨਾਂ ਕਲੱਬਾਂ ਨੇ ਫੁੱਟਬਾਲ ਨੂੰ ਅੱਗੇ ਤੋਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪਣੀ ਅਮੀਰ ਖੇਡ ਵਿਰਾਸਤ ਨੂੰ ਸੰਭਾਲਣ ਦੇ ਮੰਤਵ ਨਾਲ ਇਹਨਾਂ ਸਤ੍ਹਰਾਂ ਦੇ ਲੇਖਕ ਦੁਆਰਾ ਰਚੀਆਂ ਵੱਡ ਅਕਾਰੀ ਪੁਸਤਕਾਂ 'ਫੁੱਟਬਾਲ ਜਗਤ ਮਾਹਿਲਪੁਰ' ਅਤੇ 'ਮਾਹਿਲਪੁਰ ਦਾ ਫੁੱਟਬਾਲ ਸੰਸਾਰ' ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੀ ਸਥਾਪਨਾ ਵਿਚ ਡਾ. ਨਰਿੰਦਰ ਪਾਲ ਸਿੰਘ ਤੇ ਸਹਿਯੋਗੀ ਜਗਜੀਤ ਸਿੰਘ ਮਾਨ ਵਰਗਿਆਂ ਨੇ ਅਹਿਮ ਭੂਮਿਕਾ ਅਦਾ ਕੀਤੀ।ਡਾਕਟਰ ਤੇਲੂ ਰਾਮ (ਡਾ. ਨਰਿੰਦਰਪਾਲ ਸਿੰਘ) ਇਸਦੇ ਫਾਉਂਡਰ ਪ੍ਰਧਾਨ ਬਣੇ। 1972 ਵਿਚ ਸ.ਅਮਰ ਸਿੰਘ ਭਾਰਟਾ, 1981 ਵਿਚ ਸ. ਹਰਕ੍ਰਿਸ਼ਨ ਦਿਆਲ ਸਿੰਘ।ਫਿਰ 1981 ਵਿਚ ਅਰਜਨ ਅਵਾਰਡੀ ਸ. ਜਰਨੈਲ ਸਿੰਘ ਤੋਂ ਬਾਅਦ ਇਹ ਜ਼ਿੰਮਾ 1994 ਵਿਚ ਸ. ਹਰਬੰਸ ਸਿੰਘ ਬੈਂਸ ਦੇ ਸਪੁਰਦ ਕੀਤਾ ਗਿਆ। 2012 ਤੋਂ ਸ.ਕੁਲਵੰਤ ਸਿੰਘ ਸੰਘਾ ਇਸਦੀਆਂ ਸਰਗਰਮੀਆ ਨੂੰ ਨਰੋਈਆਂ ਲੀਹਾਂ ਪ੍ਰਦਾਨ ਕਰ ਰਹੇ ਹਨ। ਕੋਚ ਅਲੀ ਹਸਨ ਦੇ 2021 ਵਿਚ ਚਲਾਣੇ ਤੋਂ ਬਾਅਦ ਡਾ. ਪਰਮਪ੍ਰੀਤ ਕੈਂਡਵਾਲ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਪ੍ਰਧਾਨ ਨਾਲ ਮੋਢਾ ਜੋੜ ਕੇ ਨਿਭਾ ਰਹੇ ਹਨ।ਅਜ ਇੱਥੇ ਉਹਨਾਂ ਦੀ ਅਗਵਾਈ ਹੇਠ ਸਾਰਾ ਸਾਲ ਹੀ ਫੁੱਟਬਾਲ ਦੀ ਚਰਚਾ ਹੁੰਦੀ ਰਹਿੰਦੀ। ਕਦੀ ਫੁੱਟਬਾਲ ਲੀਗ ਤੇ ਕਦੀ ਕੋਚਿੰਗ ਕੈਂਪ।ਕਲੱਬ ਵਲੋਂ ਕਾਲਜ ਅਤੇ ਸਕੂਲਾਂ ਦੇ ਹੋਣਹਾਰ ਖਿਡਾਰੀਆਂ ਨੂੰ ਸਲਾਨਾ ਸਕਾਲਰਸ਼ਿਪ ਵੀ ਦਿੱਤਾ ਜਾਂਦਾ ਹੈ। ਫੁੱਟਬਾਲ ਅਕਾਡਮੀ ਦੇ ਭਵਨ ਦੀ ਉਸਾਰੀ ਤੋਂ ਇਲਾਵਾ ਪ੍ਰਿੰ. ਹਰਭਜਨ ਸਿੰਘ ਸਟੇਡੀਅਮ ਨੂੰ ਨਵ ਉਸਾਰੀ ਨਾਲ ਅਧੁਨਿਕ ਲੀਹਾਂ ਤੇ ਲਿਆਂਦਾ ਹੈ। ਇਥੋਂ ਦਾ ਅੰਤਰ ਰਾਸ਼ਟਰੀ ਸਟੇਡੀਅਮ ਵੀ ਕਲੱਬ ਦੇ ਉਪਰਾਲਿਆ ਨਾਲ ਸਿਰੇ ਚੜ੍ਹਿਆ ਹੈ।ਪਿੰਡ ਬਾੜੀਆਂ ਕਲਾਂ ਵਿਚ ਬਾਲ ਫੁੱਟਬਾਲ ਅਕੈਡਮੀ ਰਾਹੀਂ ਫੁੱਟਬਾਲ ਦੀ ਨਵੀਂ ਪਨੀਰੀ ਦੀ ਤਿਆਰੀ ਕੀਤੀ ਜਾ ਰਹੀ ਹੈ। ਖਾਲਸਾ ਕਾਲਜ ਵਿਚ ਸਥਾਪਿਤ ਕੀਤੀ ਫੁੱਟਬਾਲ ਅਕੈਡਮੀ ਆਪਣੀਆਂ ਸ਼ਾਨਦਾਰ ਜਿੱਤਾਂ ਨਾਲ ਚਰਚਿਤ ਹੋ ਰਹੀ ਹੈ। ਇਸੇ ਤਰ੍ਹਾਂ ਇਲਾਕੇ ਦੇ ਕੁੱਝ ਹੋਰ ਪਿੰਡਾਂ ਵਿਚ ਵੀ ਬੱਚਿਆਂ ਵਾਸਤੇ ਅਕੈਡਮੀਆਂ ਖੋਲ੍ਹਣ ਦੀ ਯੋਜਨਾ ਉਲੀਕੀ ਗਈ ਹੈ।

ਸਲਾਨਾ ਟੂਰਨਾਮੈਂਟ ਦੇ ਜੇਤੂ ਕਲੱਬ ਨੂੰ ਦੋ ਲੱਖ,ਰਨਰਜ਼ ਅੱਪ ਨੂੰ ਡੇਢ ਲੱਖ, ਕਾਲਜ ਵਰਗ ਦੇ ਜੇਤੂ ਨੂੰ 75 ਹਜ਼ਾਰ ਅਤੇ 50 ਹਜ਼ਾਰ ਦੇ ਨਗਦ ਇਨਾਮਾਂ ਨਾਲ ਟਰਾਫੀਆਂ ਵੀ ਦਿੱਤੀਆਂ ਜਾਂਦੀਆਂ ਹਨ।

ਅਕੈਡਮੀਆਂ ਵਿਚ 41 ਅਤੇ 31 ਹਜ਼ਾਰ ਦੇ ਨਗਦ ਇਨਾਮ ਮਿਲਣਗੇ। ਕੈਨੇਡਾ, ਇੰਗਲੈਂਡ ਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਵਸਦੇ ਪ੍ਰਿੰਸੀਪਲ ਸਾਹਿਬ ਦੇ ਸ਼ਾਗਿਰਦਾਂ ਅਤੇ ਪ੍ਰੇਮੀਆਂ ਵਲੋਂ ਟਰੱਸਟ ਬਣਾ ਕੇ ਮਾਲੀ ਸਹਿਯੋਗ ਦਿੱਤਾ ਜਾ ਰਿਹਾ ਹੈ। ਹਰ ਸਾਲ ਇਹ ਟੂਰਨਾਮੈਂਟ 15 ਫਰਵਰੀ ਤੋਂ 22 ਫਰਵਰੀ ਤਕ ਕਰਵਾਇਆ ਜਾਂਦਾ ਹੈ। ਇਹ ਟੂਰਨਾਮੈਂਟ ਲੀਗ ਕੰਮ ਨਾਕ ਆਉਟ ਦੇ ਅਧਾਰ ਤੇ ਕਰਵਾਇਆ ਜਾਂਦਾ।ਇਸ ਮੌਕੇ ਵਿਦੇਸ਼ਾਂ ਵਿਚ ਵਸਦੇ ਖਿਡਾਰੀ ਅਤੇ ਫੁੱਟਬਾਲ ਪਰੇਮੀ ਬੜੀ ਉਚੇਚ ਨਾਲ ਪੁੱਜਦੇ ਹਨ।

# ਧਰਮ ਦੀ ਖਾਤਿਰ ਸ਼ਹੀਦੀ ਜਾਮ ਪੀ ਗਏ ਵੀਰ ਹਕੀਕਤ ਰਾਇ



ਬਲਵਿੰਦਰ ਬਾਲਮ ਗੁਰਦਾਸਪੁਰ
91-98156-25409

ਵੀਰ ਹਕੀਕਤ ਰਾਇ ਦਾ ਜਨਮ 22 ਮੱਘਰ ਸੰਨ 1716 ਈਸਵੀ ਦਿਨ ਸ਼ਨੀਵਾਰ ਪਿਤਾ ਸ੍ਰੀ ਭਾਗਮਲ ਦੇ ਘਰ ਮਾਤਾ ਕੌਰਾਂ ਦੀ ਕੁੱਖੋਂ ਹੋਇਆ । ਉਨ੍ਹਾਂ ਦੇ ਦਾਦਾ ਦਾ ਨਾਂਓ ਸ੍ਰੀ ਨੰਦ ਲਾਲ ਸੀ। ਉਹ ਪਿੱਛੋਂ ਕਸੂਰ (ਪਾਕਿ) ਦੇ ਰਹਿਣ ਵਾਲੇ ਸਨ ਤੇ ਪਠਾਨਾਂ ਦੇ ਜ਼ੁਲਮ ਤੋਂ ਤੰਗ ਆ ਕੇ ਸਿਆਲਕੋਟ ਆ ਗਏ। ਇਕ ਦਿਨ ਅਚਾਨਕ ਕੁਝ ਮੁਸਲਮਾਨ ਲੜਕੇ (ਬੱਚੇ) ਵੀਰ ਹਕੀਕਤ ਰਾਏ ਨਾਲ ਲੜ ਪਏ। ਬੱਚਿਆਂ ਦੀ ਲੜਾਈ ਗਾਲੀ ਗਲੋਚ ਤੋਂ ਹੋਈ । ਇਸ ਦੌਰਾਨ ਇੱਕ ਮੁੱਲਾਂ ਉਥੋਂ ਦੀ ਜਾ ਰਿਹਾ ਸੀ, ਉਸ ਨੇ ਝਗੜੇ ਦਾ ਕਾਰਨ ਪੁੱਛਿਆ । ਮੁਸਲਮਾਨ ਲੜਕਿਆਂ ਨੇ ਕਿਹਾ ਇਸ ਨੇ ਫਾਤਮਾਂ ਦਾ ਨਾਂਅ ਲੈ ਕੇ ਗਾਲ੍ਹਾਂ ਕੱਢੀਆਂ ਹਨ। ਕਿਉਂ ਬਾਲਕ, ਤੂੰ ਬੀਬੀ ਫਾਤਮਾਂ ਨੂੰ ਗਾਲ੍ਹਾਂ ਕੱਢੀਆਂ ਹਨ, ਮੁਫਤੀ ਨੇ ਪੁਛਿਆ । ਵੀਰ ਹਕੀਕਤ ਰਾਏ ਨੇ ਕਿਹਾ, ਪਹਿਲਾਂ ਇਨ੍ਹਾਂ ਮੁੰਡਿਆਂ ਨੇ ਦੁਰਗਾ ਭਵਾਨੀ ਨੂੰ ਗਾਲ੍ਹਾਂ ਕੱਢੀਆਂ ਹਨ। ਮੁਫਤੀ ਨੇ ਜ਼ੋਰ ਦੇ ਕੇ ਕਿਹਾ, ਮੈਂ ਸਿਰਫ਼ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹਾਂ ਕੱਢੀਆਂ ਸਨ। ਮੈਂ ਫ਼ਿਰ ਤੈਨੂੰ ਇਹੋ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹੀ ਪਹਿਲਾਂ ਕੱਢੀ ਜਾਂ ਪਿੱਛੋਂ? ਪਿੱਛੋਂ ਮੈਂ ਉਦਾਂ ਹੀ ਆਖਿਆ ਜਿੱਦਾ ਮੁੰਡਿਆਂ ਮੇਰੀ ਭਵਾਨੀ ਨੂੰ ਆਖਿਆ ਸੀ। ਜ਼ੁਰਮ ਇਕਬਾਲ ਏ ਇਦੀ ਸਜ਼ਾ ਸਿਰਫ਼ ਇਕੋ ਹੀ ਏ। ਕਾਬੂਲ ਇਸਲਾਮ। ਅਗਰ ਮੁਜ਼ਰਮ ਇਨਕਾਰੀ ਹੈ ਤਾਂ ਗਰਦਨਜ਼ਨੀ ਕੀਤੀ ਜਾਏ। ਇਹ ਗੱਲ ਸੁਣ ਕੇ ਸਾਰੇ ਇਲਾਕੇ ਵਿਚ ਹਾ-ਹਾ ਕਾਰ ਮੱਚ ਗਈ । ਹਕੀਕਤ ਰਾਏ ਨੂੰ ਫੜ ਲਿਆ ਗਿਆ। ਉਸ ਦੀ ਮਾਤਾ ਕੌਰਾਂ ਅਪਣੇਂ ਪੁੱਤਰ ਦੀ ਜਾਨ ਬਖ਼ਸ਼ੀ ਲਈ ਵਾਸਤੇ ਪਾਉਣ ਲਗੀ। ਸਿਆਲਕੋਟ ਦੀ ਭਰੀ ਕਚਿਹਰੀ ਵਿਚ ਮਾਤਾ ਕੌਰਾਂ ਝੋਲੀ ਅੱਡੀ ਕਹਿ ਰਹੀ ਸੀ ਕਿ ਮੇਰੀ ਸਾਰੀ ਦੌਲਤ, ਮੇਰਾ ਮਕਾਨ, ਮੇਰੀ ਜਾਇਦਾਦ, ਸਭ ਕੁਝ ਲੈ ਲਉ ਤੇ ਮੇਰੇ ਅੱਖਾਂ ਦੇ ਨੂਰ ਨੂੰ, ਮੇਰੇ ਲਾਡਲੇ ਨੂੰ ਬਖ਼ਸ ਦਿਉ। ਜੇ ਇਹ ਕਸੂਰਵਾਰ ਏ ਤਾਂ ਮੈਂ ਮਾਫ਼ੀ ਮੰਗਦੀ ਹਾਂ । ਮੇਰਾ ਇਕੋ ਇਕ ਇਹੋ ਹੀ ਲਾਡਲਾ ਏ। ਮੈਨੂੰ ਅੱਖੋਂ ਅੰਨਿਆਂ ਨਾ ਕਰੋ, ਮੁਫ਼ਤੀ ਸਾਹਿਬ, ਤੁਸੀਂ ਵੀ ਬਾਲ ਬੱਚਿਆਂ ਵਾਲੇ ਓ।

ਪਰ ਕੌਣ ਸੁਣਦਾ ਏ ਨਗਾਰਖਾਨੇ ਵਿਚ ਤਤੀ ਦੀ ਆਵਾਜ਼, ਕਿਸੇ ਨੇ ਵੀ ਗੱਲ ਨਾ ਗੌਲੀ। ਮੁਫ਼ਤੀ ਨੇ ਕੜਕਦੀ ਆਵਾਜ਼ ਵਿਚ ਫ਼ਿਰ ਕਿਹਾ, ਕਿਉ, ਸ਼ੋਕਰੇ, ਤੈਨੂੰ ਇਸਲਾਮ ਕਬੂਲ ਏ?

ਮਜ਼ਹਮ ਬਦਲਿਆ ਨਹੀਂ ਜਾਂਦਾ, ਇਸ ਲਈ ਮੈਂ ਮਜ਼ਹਬ ਬਦਲਣ ਲਈ ਤਿਆਰ ਨਹੀਂ, ਹਕੀਕਤ ਰਾਇ ਨੇ ਤੇਜ਼ਸਵੀ ਬੋਲ ਸਨ।

ਇਸ ਦੀ ਜ਼ੁਬਾਨ 'ਚੋਂ ਸਾਜਿਸ਼ ਦੀ ਬੂ ਆਉਂਦੀ ਹੈ, ਹਕੂਮਤ ਲਈ ਕਿਸੇ ਵੇਲੇ ਵੀ ਖ਼ਤਰਨਾਕ ਸਾਬਤ ਹੋ ਸਕਦਾ ਹੈ। ਇਸ ਲਈ ਇਸ ਦੀ ਸਜ਼ਾ ਬਹਾਲ ਰੱਖੀ ਜਾਵੇ ।

ਭਾਗਮਲ ਅਤੇ ਉਸ ਦੇ ਕੁੜਮਾਂ ਨੇ ਮੁਫ਼ਤੀ ਦੇ ਕੋਲ



ਕਈ ਸਿਫਾਰਸ਼ਾਂ ਖੜ੍ਹੀਆਂ, ਕਈ ਪਤਵੰਤੇ ਤਰਲੇ ਮਿੰਨਤ ਮਾਰਨ ਲੱਗੇ ਪਰ ਉਹ ਟੱਸ ਤੋਂ ਮੱਸ ਨਾ ਹੋਇਆ।

ਅਗਲੇ ਦਿਨ ਕਤਲਾਗਾਹ ਵਿਚ ਫ਼ਿਰ ਹਕੀਕਤ ਨੂੰ ਪੁੱਛਿਆ ਗਿਆ, ਕਈ ਲਾਲਚ ਦਿੱਤੇ ਗਏ, ਖ਼ਬਸੂਰਤ ਲੜਕੀ, ਚਾਰ ਪਿੰਡ ਜਗੀਰ, ਵਧੀਆ ਅਹੁਦਾ, ਇਹ ਸਭ ਸਰਕਾਰ ਵਲੋਂ ਤੇ ਪੰਜ ਹਜ਼ਾਰ ਮੁਹਰਾ ਅਪਣੇ ਵਲੋਂ ਦੇਵਾਂਗਾ, ਤੁਮ ਬਰਖ਼ੁਰਦਾਰ, ਇਸਲਾਮ ਕਬੂਲ ਕਰ ਲਉ, ਤੁਮਾਰੀ ਮਾਂ ਦਾ ਦੁੱਖ ਮੈਥੋਂ ਦੇਖਿਆ ਨਹੀਂ ਜਾਂਦਾ, ਮਾਨ ਜਉ ਬੇਟਾ, ਮਾਨ ਜਾਉ- ਮੁਫ਼ਤੀ ਵੀ ਤਰਸ ਖਾ ਕੇ ਆਖ ਰਿਹਾ ਸੀ ।

ਵੀਰ ਹਕੀਕਤ ਰਾਏ ਨੇ ਅਪਣੇ ਬੁਲੰਦ ਹੌਸਲੇ ਵਿਚ ਕਿਹਾ, ਕੀ ਇਸਲਾਮ ਕਬੂਲ ਕਰ ਲੈਣ ਨਾਲ ਮੌਤ ਨਹੀਂ ਆਏਗੀ? ਮੌਤ ਨੇ ਤਾਂ ਆਉਣਾ ਹੀ ਹੈ । ਹੁਣ ਤਾਂ ਘੋੜੀ ਲੈ ਕੇ ਆਓ, ਜੰਝ ਚੜ੍ਹਨ ਦਿਉ (ਮੌਤ), ਇਸ ਤੋਂ ਸੁਹਣਾ ਵੇਲਾ ਫ਼ਿਰ ਨਹੀਂ ਆਉਣ ਮਾਂ! ਤੂੰ ਸਮਝ ਲਈ ਮਾਂ, ਇਕ ਮੇਰਾ ਮੁੰਡਾ ਸੀ, ਉਹ ਵੀ ਧਰਮ ਦੀ ਖਾਤਿਰ ਕੁਰਬਾਨ ਕਰ ਦਿੱਤਾ। ਹਕੀਕਤ ਧਰਮ ਨਹੀਂ ਛੱਡ ਸਕਦਾ, ਜਾਨ ਦੇ ਸਕਦਾ ਏ ਮਾਂ! ਮਾਵਾਂ ਤਾਂ ਸਿਹਰੇ ਬੰਨ ਕੇ ਟੋਰਦੀਆਂ ਆਈਆਂ। ਖਤਰਾਣੀਆਂ ਤਾਂ ਗਾਨੇ ਬੰਨ ਕੇ ਟੋਰਦੀਆਂ ਹਨ। ਮਾਂ! ਤੇਰੀਆਂ ਅੱਖਾਂ ਵਿਚ ਅਥਰੂ ਨੇ, ਸਾਫ ਕਰਦੇ ਅਥਰੂ, ਮੇਰਾ ਰਾਹ ਨਾ ਰੋਕ, ਮੰਜ਼ਿਲ, ਬੜੀ ਖ਼ੂਬਸੂਰਤ ਏ, ਮੈਨੂੰ ਅੱਜ ਹੁਲਾਰੇ ਲੈ ਲੈਣ ਦੇ । ਇਹ ਘੋੜੀ ਮੁੜ ਕੇ ਨਹੀਂ ਆਉਣੀ । ਮਾਂ! ਮੇਰੀ ਜੇ ਇਕ ਭਾਬੀ ਹੁੰਦੀ, ਮਹਿੰਦੀ ਭਰੇ ਹੱਥਾਂ ਨਾਲ ਸੁਰਮਾ ਪਾਉਂਦੀ ।

ਮਾਂ! ਮੇਰੀ ਕੋਈ ਭੈਣ ਵੀ ਨਹੀਂ, ਕਿਸੇ ਗੁਆਂਢਣ ਨੂੰ ਸੱਦ ਲੈ, ਮੇਰੀ ਘੋੜੀ ਦੀਆਂ ਵਾਗਾਂ ਗੁੰਧ ਦੇਵੇ। ਪਿਤਾ ਜੀ ਨੂੰ ਕਵੋ, ਮੁਹਰਾਂ ਦੀ ਛੋਟ ਕਰਨ, ਪੁੱਤਰ ਘੋੜੀ ਚੜ੍ਹਿਆ ਏ, ਜ਼ਿੰਦਗੀ ਵਿਚ ਇਸ ਤੋਂ ਖ਼ੂਬਸੂਰਤ ਦਿਨ ਕਦੇ ਨਹੀਂ ਚੜਨਾ। ਮਾਂ! ਅਪਣੀ ਨੂੰਹ ਨੂੰ ਆਖੀਂ, ਫਿਰ ਮਿਲਾਂਗੇ, ਮੈਂ ਫ਼ਿਰ ਆਵਾਂਗਾ, ਕਰਮਾਂ ਵਾਲੀ ਦੀ ਕੁੱਖ ਵਿਚੋਂ। ਫਿਰ ਸਹੀ, ਪਰਸੋਂ ਬਸੰਤ ਏ, ਫੁੱਲ ਖਿੜ੍ਹੇ ਹਨ ਮਾਂ! ਤੂੰ ਅਪਣੇਂ ਵਿਹੜੇ ਵਿਚ ਫੁੱਲ ਲਾ ਛੱਡ, ਸਾਰੀ ਉਮਰ ਮਹਿਕ ਦੇਣਗੇ ਧਰਮ ਦੀ ਸੱਚੀ ਸੁੱਚੀ ਪਾਕ-ਪਵਿੱਤਰ ਸ਼ਹੀਦੀ ਦੀ । ਲਾਹ ਲੈਣ ਦੇ ਚਾਅ ਇਨ੍ਹਾਂ ਨੂੰ ਗਾਂ ਕਸਾਈਆਂ ਦੇ ਹੱਥ ਆ ਗਈ ਹੈ । ਇਹ ਬੁਲਬੁਲਾਂ ਸਦਾ ਬਾਗੀ ਨਹੀਂ ਬੋਲਣਗੀਆਂ। ਅੱਗੇ ਕਿਸੇ ਨੇ ਧਰਮ ਛੱਡਿਆ ਏ ਜਿਹੜਾ ਮੈਂ ਛੱਡ ਦੇਣਾ।

ਹਕੀਕਤ ਰਾਏ ਮੁਸਕੁਰਾ ਰਿਹਾ ਸੀ, ਉਸ ਦੇ ਚਿਹਰੇ ਤੇ ਇਕ ਜਲੌ ਸੀ, ਇਸ ਅਲੌਕਿਕ ਸ਼ਕਤੀ ਦਾ ਜਲਣਾ। ਦੂਸਰੇ ਮੁਫ਼ਤੀ ਦੇ ਕਹਿਣ ਤੇ ਹਕੀਕਤ ਨੂੰ ਲਾਹੌਰ ਲੈ ਆਏ । ਬਸੰਤ ਪੰਚਮੀ ਵਾਲੇ ਦਿਨ ਜੱਲਾਦਾਂ ਅੱਗੇ ਪੇਸ਼ ਕੀਤਾ ਗਿਆ।

ਹਕੀਕਤ ਰਾਏ ਨੇ ਖੁਸ਼ ਹੋ ਕੇ ਕਿਹਾ, "ਮੈਂ ਆਪੇ ਹੀ ਚਲਦਾ ਹਾਂ ਕਤਲਗਾਹ ਤਕ, ਮੌਤ ਦਾ ਦਿਨ ਹੀ ਤਾਂ ਸਭ ਤੋਂ ਖ਼ੂਬਸੂਰਤ ਹੈ।

ਜੱਲਾਦਾਂ ਦਾ ਦਿਲ ਵੀ ਕੰਬ ਗਿਆ, ਖ਼ੁਦਾਇਆ ਰਹਿਮ । ਅਸੀਂ ਇਕ ਬੇਕਸੂਰ, ਬੇਗੁਨਾਹ ਮਾਸੂਮ ਬਾਲਕ ਦੀ ਗਰਦਨ ਉਤਾਰਨ ਲੱਗੇ ਹਾਂ । ਹਕੀਕਤ ਰਾਏ ਨੇ ਆਪ ਆਪਣੀ ਧੌਣ ਪੇਸ਼ ਕਰ ਦਿੱਤੀ । ਜੱਲਾਦਾਂ ਨੇ ਇਕੋ ਟੱਕ ਨਾਲ ਧੜ ਨਾਲੋਂ ਧੌਣ ਅੱਡ ਕਰ ਦਿੱਤੀ।

ਹਕੀਕਤ ਰਾਏ ਸ਼ਹੀਦੀ ਪਾ ਗਿਆ ਪਰ ਉਸ ਦਾ ਮੁਬਾਰਕ ਨਾਓ ਕਿਆਮਤ ਤੱਕ ਜਿੰਦਾ ਰਹੇਗਾ । ਧਰਮ ਦੀ ਖ਼ਾਤਿਰ ਸ਼ਹੀਦ ਹੋਣ ਵਾਲੇ ਵੀਰ ਹਕੀਕਤ ਰਾਏ ਦਾ ਨਾਂਅ ਭਾਰਤ ਤੇ ਧਰਮ-ਇਤਿਹਾਸ ਵਿਚ ਧਰੂ ਤਾਰੇ ਦੇ ਵਾਂਗ ਚਕਮਦਾ ਰਵੇਗਾ। ਉਸ ਦੀ ਕੁਰਬਾਨੀ ਭਾਰਤ ਦੇ ਨੌਜਵਾਨਾਂ ਲਈ ਪਥ ਪ੍ਰਦਰਸ਼ਕ ਦਾ ਕੰਮ ਕਰਦੀ ਰਵੇਗੀ।

ਬਸੰਤ ਹਰ ਸਾਲ ਆਏਗੀ ਤੇ ਹਕੀਕਤ ਰਾਏ ਦੀ ਸਮਾਧ ਤੇ ਹਰ ਸਾਲ ਸ਼ਰਧਾ ਦੇ ਫੁੱਲ ਖਿੜ੍ਹਦੇ ਰਹਿਣੇ। ਮਾਵਾਂ ਸੁੱਖਣਾ ਸੁਖਣ ਆਇਆ ਕਰਨਗੀਆਂ ਕਿ ਉਨ੍ਹਾਂ ਦੀ ਕੁੱਖ ਵਿਚੋਂ ਹਕੀਕਤ ਵਰਗੇ ਪੁੱਤ ਜੰਮਣ। ਪੰਜਾਬ (ਭਾਰਤ) ਨੂੰ ਫਖ਼ਰ ਦੇ ਇਨ੍ਹਾਂ ਸ਼ਹੀਦਾਂ ਤੇ। ਸ਼ਹੀਦਾਂ ਦਾ ਖ਼ੂਨ ਧਰਮ ਦਾ ਬੀਜ ਹੁੰਦਾ ਹੈ।

ਪ੍ਰਾਥਨਾ ਸਭਾ, ਸਰਸਵਤੀ ਮੰਦਿਰ, ਕਿਲਾ ਮੰਡੀ, ਬਟਾਲਾ, ਜ਼ਿਲ੍ਹਾ, ਗੁਰਦਾਸਪੁਰ ਪੰਜਾਬ ਵਲੋਂ ਹਰ ਸਾਲ ਬਸੰਤ ਪੰਚਮੀ ਦੇ ਦਿਨ ਵੀਰ ਹਕੀਕਤ ਰਾਏ ਦਾ ਸ਼ਹੀਦੀ ਦਿਵਸ ਭਾਰੀ ਮੇਲੇ ਦੇ ਰੂਪ ਵਿਚ ਧੂਮਧਾਮ ਤੇ ਸ਼ਰਧਾ ਭਾਵ ਨਾਲ ਮਨਾਇਆ ਜਾਂਦਾ ਹੈ।ਸਾਰਾ ਦਿਨ ਦੇਸੀ ਘਿਓ ਦਾ ਲੰਗਰ ਚਲਦਾ ਹੈ।

(ਸੇਵਾਮੁਕਤੀ 'ਤੇ ਵਿਸ਼ੇਸ਼)

# ਖੇਡਾਂ 'ਚ ਗੋਲਡ ਮੈਡਲ ਪ੍ਰਾਪਤ ਕਰਨ ਵਾਲਾ ਜੂਨੀਅਰ ਇੰਜੀਨੀਅਰ ਹਰਬੰਸ ਸਿੰਘ 'ਗੁੱਡ'



ਮੇਜਰ ਸਿੰਘ ਨਾਭਾ
91-94635-53962

ਜਿਹੜੇ ਇਨਸਾਨ ਕਿਰਤ ਕਰਨ ਵਿੱਚ ਸ਼ਰਮ ਮਹਿਸੂਸ ਨਹੀਂ ਕਰਦੇ ਉਨ੍ਹਾਂ ਦੇ ਸੁਪਨੇ ਜਰੂਰ ਇੱਕ ਦਿਨ ਪੂਰੇ ਹੁੰਦੇ ਹਨ।ਇਹੋ ਜਿਹੇ ਹੀ ਇਨਸਾਨ ਹਨ ਜੂਨੀਅਰ ਇੰਜਨੀਅਰ ਹਰਬੰਸ ਸਿੰਘ 'ਗੁੱਡ' ਜਿਨ੍ਹਾਂ ਦਾ ਜਨਮ ਜਿਲ੍ਹਾ ਪਟਿਆਲਾ ਦੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਧਾਰਮਿਕ ਬਿਰਤੀ ਵਾਲੇ ਮਿਹਨਤਕਸ਼ ਕਿਰਤੀ ਸਵ: ਸ੍ਰ: ਸੀਤਾ ਸਿੰਘ ਦੇ ਘਰ ਮਾਤਾ ਸਵ: ਸ਼੍ਰੀਮਤੀ ਗੁਰਨਾਮ ਕੌਰ ਦੀ ਕੁੱਖੋਂ 2 ਜਨਵਰੀ 1966 ਨੂੰ ਹੋਇਆ। ਛੋਟੇ ਹੁੰਦਿਆ ਹੀ ਉਸ ਨੂੰ ਘਰ ਦੀ ਗੁਰਬਤ ਨੇ ਪਿਤਾ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਮਜਦੂਰੀ ਕਰਨ ਲਈ ਮਜਬੂਰ ਭਾਵੇਂ ਕਰ ਦਿੱਤਾ ਪਰ ਇਸ ਮੰਦਹਾਲੀ ਨੇ ਗੁੱਡ ਦੇ ਮਨ ਅੰਦਰ ਕੁਝ ਬਣਨ ਲਈ ਇੱਕ ਨਵੀਂ ਸੋਚ ਜਰੂਰ ਪੈਦਾ ਕਰ ਦਿੱਤੀ। ਉਹ ਆਪਣੀ ਵੱਡੀ ਭੈਣ ਸਿੰਦਰ ਕੌਰ, ਵੱਡਾ ਭਰਾਵਾਂ ਸਵ: ਰਾਮ ਸਿੰਘ (ਬਿਜਲੀ ਬੋਰਡ), ਸਵ: ਸੁਖਵਿੰਦਰ ਸਿੰਘ ਅਤੇ ਸਵ: ਦਰਸ਼ਨ ਸਿੰਘ ਨੰਬਰਦਾਰ ਨਾਲ ਹਰ ਤਰ੍ਹਾਂ ਨਾਲ ਸਹਿਯੋਗੀ ਬਣ ਕੇ ਵਿਚਰੇ। ਪਿੰਡ ਦੇ ਸਕੂਲ ਤੋਂ 1981 ਵਿੱਚ ਮੈਟ੍ਰਿਕ ਪਾਸ ਕਰਨ ਉਪਰੰਤ ਉਸ ਨੇ ਆਪਣੇ ਪੈਰਾਂ ਤੇ ਖੜ੍ਹਣ ਲਈ ਆਈ.ਟੀ.ਆਈ. ਨਾਭਾ ਤੋਂ ਆਈ.ਟੀ.ਆਈ. ਕਰ ਲਈ ਅਤੇ 28 ਦਸੰਬਰ 1988 ਨੂੰ ਬਿਜਲੀ ਬੋਰਡ ਵਿੱਚ ਬਤੌਰ ਲਾਇਨਮੈਨ ਨਿਯੁਕਤੀ ਹੋਣ ਕਾਰਨ ਸਬ-ਅਰਬਨ ਡਵੀਜ਼ਨ ਮੋਗਾ ਵਿਖੇ ਜੁਆਇਨ ਕਰ ਲਿਆ। ਫਰਵਰੀ 1992 ਵਿੱਚ ਉਹ ਬਦਲੀ ਕਰਵਾ ਕੇ ਡਵੀਜ਼ਨ ਨਾਭਾ ਵਿਖੇ ਸ/ਡ ਚੌਂਦਾ ਵਿਖੇ ਹਾਜ਼ਰੀ ਦਿੱਤੀ। ਉਨ੍ਹਾਂ ਆਂਪਣੀ ਡਿਊਟੀ ਹਮੇਸ਼ਾ ਇਮਾਨਦਾਰੀ ਨਾਲ ਕੀਤੀ। ਉਨ੍ਹਾਂ ਦੀ ਤਰੱਕੀ ਬਤੌਰ ਜੇ.ਈ. ਹੋਣ ਉਪਰੰਤ ਜੁਲਾਈ 2017 ਵਿੱਚ ਸ਼ਹਿਰੀ ਸਬ-ਡਵੀਜ਼ਨ ਨਾਭਾ ਵਿਖੇ ਡਿਊਟੀ ਜੁਆਇਨ ਕੀਤੀ। ਇਥੇ ਉਨ੍ਹਾਂ ਨੇ ਜ਼ਿੰਮੇਵਾਰੀ ਤੋਂ ਵੀ ਵੱਧ ਕੇ ਕੰਮ ਕੀਤਾ। ਇਥੋਂ ਹੀ ਉਹ 31 ਜਨਵਰੀ 2024 ਨੂੰ ਬੇਦਾਗ ਡਿਊਟੀ ਨਿਭਾ ਕੇ ਸੇਵਾ ਮੁਕਤ ਹੋ ਰਹੇ ਹਨ।

ਉਨ੍ਹਾਂ ਦਾ ਵਿਆਹ ਪਿੰਡ ਰੌਣੀ (ਲੁਧਿਆਣਾ) ਵਿਖੇ ਸ੍ਰ. ਨੰਦ ਸਿੰਘ ਦੀ ਸੁਘੜ ਸਿਆਣੀ ਲੜਕੀ ਬਲਬੀਰ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਤਿੰਨ ਹੋਣਹਾਰ ਬੱਚਿਆਂ ਨੇ ਜਨਮ ਲਿਆ। ਵੱਡੀ ਬੇਟੀ ਭਵਨਦੀਪ ਕੌਰ ਐਮ.ਏ.,ਬੀ.ਐਡ (ਇੰਗਲਿਸ ਮਿਸਟ੍ਰੈਸ) ਪਿੰਡ ਅਲੀਪੁਰ ਵਿਖੇ ਗੁਰਦੀਪ ਸਿੰਘ



ਸ.ਸ. ਮਾਸਟਰ ਨਾਲ ਵਿਆਹੀ ਹੋਈ ਹੈ। ਬੇਟਾ ਅਮ੍ਰਿਤਪਾਲ ਸਿੰਘ ਐਮ.ਬੀ.ਏ. ਦੀ ਪੰਜਾਬ ਪੁਲਿਸ ਵਿੱਚ ਨਿਯੁਕਤੀ ਹੋ ਚੁੱਕੀ ਹੈ। ਛੋਟੀ ਬੇਟੀ ਗੁਰਦੀਪ ਕੌਰ ਐਮ.ਏ., ਬੀ.ਐਡ. ਹੈ।

ਹਰਬੰਸ ਸਿੰਘ ਨੂੰ ਛੋਟੇ ਹੁੰਦਿਆਂ ਹੀ ਖੇਡਾਂ 'ਚ ਰੁਚੀ ਸੀ। ਕਬੱਡੀ ਦੇ ਖਿਡਾਰੀ ਵਜੋਂ ਇਲਾਕੇ 'ਚ ਵਧੀਆ ਨਾਮਣਾ ਖੱਟਿਆ। ਪਿੰਡ ਦੰਦਰਾਲਾ ਢੀਂਡਸਾ ਸਪੋਰਟਸ ਕਲੱਬ ਵਲੋਂ ਟੂਰਨਾਮੈਂਟ ਕਰਾਉਣ ਸਮੇਂ ਅਹਿਮ ਅਹੁੱਦੇ ਉੱਪਰ ਰਹਿ ਕੇ ਜੁਆਨੀ ਨੂੰ ਨਸ਼ਿਆਂ, ਗਲਤ ਕੰਮਾਂ ਤੋਂ ਦੂਰ ਰਹਿਣ ਲਈ



ਸਾਰਥਿਕ ਭੂਮਿਕਾ ਨਿਭਾਉਂਦਾ ਰਿਹਾ । ਅੱਜ ਵੀ ਉਹ ਸਰਵਿਸ ਦੌਰਾਣ ਖੇਡਾਂ ਨਾਲ ਜਨੂੰਨੀ ਹੋ ਕੇ ਜੁੜਿਆ ਹੋਇਆ ਹੈ। ਰੇਸਾਂ, ਵਾਲੀਵਾਲ ਵਿੱਚ ਉਸਨੇ 'ਖੇਡਾਂ ਵਤਨ ਪੰਜਾਬ ਦੀਆਂ' 2022 ਅਤੇ 2023 ਵਿੱਚ ਸਟੇਟ ਅਤੇ ਜਿਲ੍ਹਾ ਪੱਧਰ 'ਤੇ 55ਸਾਲਾਂ ਤੱਕ ਮੁਕਾਬਲਿਆਂ 'ਚ ਗੋਲਡ ਮੈਡਲ ਅਤੇ ਸਨਮਾਨ ਪ੍ਰਾਪਤ ਕਰਕੇ ਆਪਣੇ ਮਹਿਕਮੇ ਅਤੇ ਜਿਲ੍ਹੇ ਪਟਿਆਲੇ ਦਾ ਨਾਂ ਉੱਚਾ ਕੀਤਾ। ਉਹ ਸਾਮ ਦੇ ਸਮੇਂ ਬੱਚਿਆਂ ਨੂੰ ਵਾਲੀਵਾਲ ਦੀ ਕੋਚਿੰਗ ਦਿੰਦੇ ਰਹਿੰਦੇ ਹਨ ।

ਡਿਊਟੀ ਦੇ ਨਾਲ-ਨਾਲ ਧਾਰਮਿਕ ਬਿਰਤੀ ਵਾਲੇ ਸ੍ਰ. ਹਰਬੰਸ ਸਿੰਘ ਨੂੰ ਪਿੰਡ ਦੇ ਗੁਰਦੁਆਰਾ ਕਮੇਟੀ ਦੇ ਮੁੱਖ ਸੇਵਾਦਾਰੀ ਦੀ ਜ਼ਿੰਮੇਵਾਰੀ ਇੱਕ ਦਲਿਤ ਭਾਈਚਾਰੇ 'ਚੋਂ ਪਹਿਲੀ ਵਾਰ ਪਿੰਡ ਵਾਸੀਆਂ ਨੇ ਦਿੱਤੀ ਜਿਸ ਨੂੰ ਉਨ੍ਹਾਂ ਬੜੇ ਸਿਦਕ ਨਾਲ ਨਿਭਾਇਆ ਅਤੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਣਾਉਣ ਦਾ ਵੱਡਾ ਕਾਰਜ ਆਰੰਭਿਆ ਜੋ ਪਿੰਡ ਦੇ ਸਹਿਯੋਗ ਨਾਲ, ਦਾਨੀ ਸੱਜਣਾਂ ਅਤੇ ਮਹਿਕਮੇ ਦੇ ਸਹਿਯੋਗ ਨਾਲ ਸ਼ਾਨਦਾਰ ਗੁਰਦੁਆਰਾ ਸਾਹਿਬ ਬਣ ਚੁੱਕਾ ਹੈ ।ਉਸ ਨੇ ਆਪਣੇ ਜੀਵਨ ਨੂੰ ਸਮਾਜ ਸੇਵਾ ਪ੍ਰਤੀ ਸਮਰਪਿਤ ਕੀਤਾ ਹੋਇਆ ਹੈ। ਉਹ ਲੋਕ ਹਿੱਤ ਸੰਘਰਸ਼ਾਂ ਵਿੱਚ ਵੀ ਮੁਹਰੀ ਹੋ ਕੇ ਰੋਲ ਨਿਭਾਉਂਦੇ ਆ ਰਹੇ ਹਨ।

ਕਿਸਾਨੀ ਸੰਘਰਸ਼ਾਂ 'ਚ ਵੀ ਉਨ੍ਹਾਂ ਪੂਰਨ ਯੋਗਦਾਨ ਪਾਇਆ। ਇਸੇ ਸੇਵਾ ਭਾਵਨਾ ਸਦਕਾ ਉਹ ਟੀ.ਐਸ.ਯੂ. ਡਵੀਜ਼ਨ ਪ੍ਰਧਾਨ ਦੀ ਜ਼ਿੰਮੇਵਾਰੀ ਬੜੀ ਸਿਦਕ ਅਤੇ ਅਣਥੱਕ ਯਤਨਾਂ ਨਾਲ ਸਫਲਤਾਪੂਰਵਕ ਮੁਲਾਜਮਾਂ ਦੇ ਮਸਲੇ ਹੱਲ ਕਰਵਾਉਂਦੇ ਆ ਰਹੇ ਹਨ ।ਉਨ੍ਹਾਂ ਨੇ ਤਕਰੀਬਨ 25 ਸਾਲ ਪਿੰਡ ਦੀ ਰਵੀਦਾਸ ਕਮੇਟੀ ਦੀ ਪ੍ਰਧਾਨਗੀ ਦੀ ਸੇਵਾ ਨਿਭਾਈ। ਮਿਲਣਸਾਰ, ਹਲੀਮੀ, ਸਾਦਗੀ, ਈਮਾਨਦਾਰੀ ਅਤੇ ਦ੍ਰਿੜ ਇਰਾਦੇ ਵਾਲਾ ਸ੍ਰ. ਹਰਬੰਸ ਸਿੰਘ ਆਪਣੀ ਸੁਪਤਨੀ ਬਲਬੀਰ ਕੌਰ ਅਤੇ ਬੱਚਿਆਂ ਨਾਲ ਡਿਫੈਂਸ ਕਲੋਨੀ ਨਾਭਾ (ਪਟਿਆਲਾ) ਵਿਖੇ ਰਹਿ ਰਿਹਾ ਹੈ, ਉਸ ਨੇ ਜ਼ਿੰਦਗੀ ਦੀਆਂ ਤੰਗੀਆਂ ਤਰੁਸੀਆਂ ਨੂੰ ਆਢੇ ਹੱਥੀਂ ਲੈਂਦੇ ਹੋਏ ਸਫਲਤਾ ਦੇ ਰਸਤੇ ਤੇ ਚਲਣ ਦਾ ਵਲ ਸਿਖਿਆ ਹੈ। ਵਾਹਿਗੁਰੂ ਜੀ ਉਸਨੂੰ ਹਮੇਸ਼ਾਂ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਲਈ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ਣ।

# ਸੜਕੀ ਘਟਨਾਵਾਂ ਰੋਕਣ ਲਈ ਸਾਰਥਿਕ ਕਾਨੂੰਨ ਬਣਨ



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਹਰ ਸਾਲ ਦੇਸ਼ ਭਰ ਵਿੱਚ ਸੜਕੀ ਦੁਰਘਟਨਾਵਾਂ ਵਿੱਚ ਹੋਣ ਵਾਲੀਆਂ ਮੌਤਾਂ ਦਿਨੋਂ-ਦਿਨ ਵੱਧ ਰਹੀਆਂ ਹਨ। ਸੜਕੀ ਆਵਾਜਾਈ ਅਤੇ ਰਾਜ ਮਾਰਗ ਮੰਤਰਾਲੇ ਦੀ ਸਾਲ 2022 ਦੀ ਇੱਕ ਰੀਪੋਰਟ ਦੇ ਅਨੁਸਾਰ ਭਾਰਤ ਵਿੱਚ ਕੁੱਝ 4,61,312 ਸੜਕੀ ਦੁਰਘਟਨਾਵਾਂ ਦੇ ਮਾਮਲੇ ਸਥਾਨਿਕ ਪੁਲੀਸ ਥਾਣਿਆਂ ਵਿੱਚ ਦਰਜ਼ ਹੋਏ ਸਨ 'ਤੇ ਇਨ੍ਹਾਂ ਸੜਕੀ ਦੁਰਘਟਨਾਵਾਂ ਵਿਚ 1,68,491 ਲੋਕਾਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ ਸਨ।ਸਾਲ 2021 ਦੀ ਤੁਲਨਾ ਮੁਤਾਬਿਕ ਸੜਕੀ ਦੁਰਘਟਨਾਵਾਂ 'ਚ 11.9-ਫੀ ਸਦ ਇਨ੍ਹਾਂ ਵਿਚੋਂ ਮੌਤ ਦਰ 9।3-ਫੀ ਸਦ 'ਤੇ ਸਥਾਈ ਅਪੰਗਤਾ 15।3-ਫੀ ਸਦ ਦੀ ਦਰ ਅੱਗੇ ਨਾਲੋਂ ਵੱਧੀ ਹੈ । ਇਨ੍ਹਾਂ ਦੁਰਘਟਨਾਵਾਂ ਵਿਚ ਮਰਨ ਵਾਲੇ 83।3-ਫੀ ਸਦ ਆਪਣੇ ਪਰਿਵਾਰਾਂ ਨੂੰ ਪਾਲਣ ਪੋਸ਼ਣ ਵਾਲੇ ਤੇ ਕੰਮ ਕਰਨ ਵਾਲੇ ਲੋਕੀ ਸਨ।ਇਸ ਤੋਂ ਬਿਨ੍ਹਾਂ ਜੋ ਕੇਸ ਦਰਜ਼ ਨਹੀਂ ਹੁੰਦੇ ਜਾਂ ਜਿਨ੍ਹਾਂ ਦਾ ਫੈਸਲਾ ਬਾਹਰੋ-ਬਾਹਰ ਹੀ ਹੋ ਜਾਂਦਾ ਹੈ, ਉਹ ਕਿਸੇ ਵੀ ਖਾਤੇ ਵਿਚ ਨਹੀਂ ਆਉਂਦੇ ਹਨ।

ਸੰਯੁਕਤ ਰਾਸ਼ਟਰ ਦੇ 2015 ਦੇ ਸੰਸਾਰ ਘੋਸ਼ਣਾ ਪੱਤਰ ਵਿਚ, ਜਿਸ ਉੱਪਰ ਭਾਰਤ ਨੇ ਵੀ ਦਸਤਖਤ ਕੀਤੇ ਸਨ; ਕਿ ਸਾਲ 2030 ਤੱਕ ਸਾਰੇ ਦੇਸ਼ਾਂ ਵਿਚ ਸੜਕੀ ਦੁਰਘਟਨਾਵਾਂ ਨੂੰ ਘੱਟ ਕਰਕੇ ਇਸ ਵਿਚ ਹੋਣ ਵਾਲੀਆਂ ਮੌਤਾਂ 50-ਫੀ ਸਦ ਘਟਾਉਣ ਦਾ ਟੀਚਾ ਮਿੱਥਿਆ ਗਿਆ ਸੀ। ਇਸ ਵਿੱਚ ਸਿਰਫ ਦੁਨੀਆਂ ਦੇ 108 ਦੇਸ਼ਾਂ ਨੇ ਹੁਣ ਤੱਕ ਸੜਕੀ ਦੁਰਘਟਨਾਵਾਂ ਵਿਚ ਸਿਰਫ 10-ਫੀ ਸਦ ਤੱਕ ਹੀ ਘੱਟ ਕਰਨ ਦੇ ਯਤਨ ਕੀਤੇ ਹਨ। ਜਦ ਕਿ ਇਨ੍ਹਾਂ ਵਿਚ ਸ਼ਾਮਲ 10 ਦੇਸ਼ਾਂ ਨੇ ਹੁਣ ਤੱਕ 50-ਫੀ ਸਦ ਦਰ ਹੀ ਘਟਾਉਣ ਦਾ ਟੀਚਾ ਪ੍ਰਾਪਤ ਕੀਤਾ ਹੈ। ਇਸ ਦੇ ਉਲਟ ਜਦ ਕਿ ਭਾਰਤ ਵਿਚ ਸੜਕੀ ਦੁਰਘਟਨਾਵਾਂ ਹਰ ਸਾਲ ਹੀ 10-ਫੀ ਸਦ ਦੀ ਦਰ ਨਾਲ ਵੱਧ ਰਹੀਆਂ ਹਨ।

ਉਦਾਰੀਵਾਦੀ ਨੀਤੀਆਂ ਦੇ ਚਲਦੇ ਹੋਏ ਕਫ਼ਾਇਤ ਕਰਨ ਦੇ ਦੌਰ ਅੰਦਰ ਤੇਜ਼ ਰਫਤਾਰ ਪੂੰਜੀਵਾਦੀ ਲਾਲਸਾ ਨੇ ਮਨੁੱਖੀ ਸੁੱਰਖਿਆ ਅਤੇ ਕਿਰਤੀ ਦੀ ਹਿਫ਼ਾਜਤ ਕਰਨ ਤੋਂ ਸਦਾ ਪਾਸਾ ਵੱਟਦੇ ਹੋਏ ਲੋਕਾਂ ਦਾ ਘਾਣ ਕੀਤਾ ਜਾ ਰਿਹਾ ਹੈ, ਜਿਸ ਲਈ ਹਾਕਮ ਜਮਾਤਾ ਵੀ ਪੂਰੀ ਤਰ੍ਹਾਂ ਇਸ ਨਾਲ ਇੱਕ-ਮਿੱਕ ਹਨ।ਅੱਜ ਦੀ ਤੇਜ਼ ਪੂੰਜੀਵਾਦੀ ਰਫ਼ਤਾਰ ਅੰਦਰ ਭਾਰਤ ਦੇਸ਼ ਸੜਕੀ ਹਾਦਸਿਆਂ ਦੇ ਮਾਮਲੇ ਵਿਚ ਦੁਨੀਆਂ ਭਰ ਵਿਚ ਤੀਜੇ ਥਾਂ ਤੇ ਹੈ।ਗੱਲ ਕੀ? ਹਰ ਸਾਲ ਸੜਕਾਂ ਉੱਪਰ ਗੱਡੀਆਂ, ਕਾਰਾਂ ਤੇ ਭਾਰੀ ਟਰੱਕਾਂ 'ਚ ਵਾਧਾ ਦਿਨੋਂ- ਦਿਨ ਤੇਜ਼ੀ ਨਾਲ ਤਾਂ ਵੱਧ ਰਿਹਾ ਹੈ, ਜਦ ਕਿ ਸੜਕਾਂ ਦੀ ਚੌੜਾਈ ਉਹੀ ਪੁਰਾਣੀ ਹੈ। ਜੀਰੋ ਫਿਟਨੈਸ 'ਤੇ ਜੁਗਾੜ ਨਾਲ ਚਲਾਉਣ ਵਾਲੇ ਵਾਹਨ ਦੇਸ਼ ਭਰ ਵਿਚ ਚੁਣੌਤੀ ਭਰੇ ਬਣ ਰਹੇ ਹਨ। "ਵਾਹਨ ਉਦਯੋਗ" ਦੀ ਇੱਕ ਰੀਪੋਰਟ ਮੁਤਾਬਿਕ 2030 ਤੱਕ ਭਾਰਤ ਦੀਆਂ ਸੜਕਾਂ ਉੱਪਰ ਚੱਲਣ ਵਾਲੀਆਂ ਗੱਡੀਆਂ ਦੀ ਗਿਣਤੀ ਅੱਜ ਦੇ ਮੁਕਾਬਲੇ ਦੁੱਗਣੀ ਹੋ ਚੁੱਕੀ ਹੋਵੇਗੀ। ਜਦ ਕਿ ਸੜਕਾਂ ਦਾ ਪੁਨਰ ਗਠਨ ਸੇਫਟੀ ਤੇ ਬਚਾਓ ਸਹੂਲਤਾਂ, ਚੌੜਾਈ ਅਤੇ ਵਹੀਕਲਾਂ ਦੀ ਫਿਟਨੈਸ ਉਸ ਦਰ ਨਾਲ ਨਹੀਂ ਵਧੇਗੀ। ਸੜਕੀ ਨਿਯਮ, ਵਹੀਕਲ ਚਾਲਕ ਦੀ ਸਿਖਲਾਈ ਅਤੇ ਸੜਕਾਂ 'ਤੇ ਸੜਕੀ ਪ੍ਰਬੰਧ ਪਹਿਲਾਂ ਨਾਲੋਂ ਵੀ ਨਾਕਾਮ ਸਾਬਿਤ ਹੋ ਰਹੇ ਹਨ?

ਭਾਰਤ ਵਿੱਚ ਜਿਸ ਢੰਗ ਦੇ ਨਾਲ ਤੇਜ਼ੀ ਨਾਲ ਸੜਕਾਂ ਦਾ ਵਿਕਾਸ ਤਾਂ ਹੋ ਰਿਹਾ ਹੈ ਅਤੇ ਤੇਜ਼ੀ ਨਾਲ ਉਸਾਰੀ ਵੀ ਹੋ ਰਹੀ ਹੈ, ਪਰ ਉਸ ਦੇ ਅਨੁਰੂਪ (ਮੁਤਾਬਿਕ) ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਜਦ ਕਿ ਸੜਕਾਂ ਦੇ ਨਿਰਮਾਣ ਵਿਚ ਸਰਕਾਰ ਦੀ ਪਹਿਲ ਕਦਮੀ ਸਿਰਫ਼ ਸਮੇਂ ਨੂੰ ਘੱਟ ਕਰਨ ਦੀ ਹੀ ਹੁੰਦੀ ਰਹੀ ਹੈ। ਸੜਕ ਸੁਰੱਖਿਆ ਦੇ ਲੇਖੇ-ਜੋਖੇ ਵਿਚ ਵੀ ਸਿਰਫ਼ ਸੜਕ ਦੇ ਬਣਾਉਣ ਸਬੰਧੀ ਵੀ ਗੁਣਵੰਤਾ ਨੂੰ ਸਰੋ-ਸਰੀ ਹੀ ਪਰਖਿਆ ਜਾਂਦਾ ਹੈ। ਜਦ ਕਿ ਵਿਸ਼ਵ ਸੜਕ ਗੁਣਵੰਤਾ ਦੇ ਮਾਪਦੰਡ ਦੇ ਮੁਤਾਬਿਕ ਪਹਿਲੀ ਪਹਿਲ ਸੜਕੀ ਦੁਰਘਟਨਾਵਾਂ ਦੀਆਂ ਸੰਭਾਵਨਾਵਾਂ ਨੂੰ ਘੱਟ ਕਰਦੇ ਹੋਏ ਮੌਤਾਂ ਦੀ ਦਰ ਨੂੰ ਸਿਫ਼ਰ ਤੱਕ ਲਿਆਉਣਾ ਹੁੰਦਾ ਹੈ। ਸਿਰਫ਼ ਸਿਫ਼ਰ (ਜ਼ੀਰੋ) ਦੁਰਘਟਨਾ ਡੀਜ਼ਾਈਨ ਦੇ ਆਧਾਰ ਤੇ ਹੀ ਮਾਰਗ ਨਿਰਮਾਣ ਦੀ ਮਨਜ਼ੂਰੀ ਦਾ ਵਿਧਾਨ ਵੀ ਦੇਸ਼ ਵਿਚ ਲਾਜਮੀ ਹੋਣਾ ਚਾਹੀਦਾ ਹੈ। ਸੜਕਾਂ ਦੇ ਬਣਾਉਣ ਸਮੇਂ 'ਮੋੜਾਂ-ਘੇੜਾਂ' ਨੂੰ ਘੱਟ ਕਰਨਾ ਚਾਹੀਦਾ ਹੈ। ਲੰਬੀਆਂ ਸੜਕਾਂ ਬਣਾਉਣੀਆਂ ਚਾਹੀਦੀਆਂ ਹਨ। ਪਰ! ਜੇਕਰ ਦੇਖਿਆ ਜਾਵੇ ਤਾਂ! ਇਸ ਦੇ ਬਾਵਜੂਦ ਵੀ ਦੇਸ਼ ਦੇ ਰਾਜ-ਮਾਰਗਾਂ 'ਤੇ ਰਾਸ਼ਟਰੀ ਰਾਹਾਂ ਤੇ ਥਾਂ-ਥਾਂ ਤੇ ਮੋੜ-ਘੇੜ ਵਾਲੀਆਂ ਸੜਕਾਂ 'ਤੇ ਉੱਚੀਆਂ ਨੀਵੀਆਂ ਸੜਕਾਂ ਹੀ ਦਿਖਾਈ ਦਿੰਦੀਆਂ ਹਨ। ਵੱਡੇ ਤੋਂ ਵੱਡੇ ਕੌਮੀ ਰਸਤਿਆਂ, ਸੜਕਾਂ ਦੇ ਨੇੜੇ ਆਉਂਦੀਆਂ ਸੰਘਣੀਆਂ ਬਸਤੀਆਂ ਵੀ ਇਨ੍ਹਾਂ ਦੁਰਘਟਨਾਵਾਂ ਦਾ ਇੱਕ ਵੱਡਾ ਕਾਰਨ ਹੈ। ਦੇਸ਼ ਵਿਚ ਸੜਕੀ ਦੁਰਘਟਨਾਵਾਂ ਨਾਲ ਮਰਨ ਵਾਲਿਆਂ 'ਚ ਜ਼ਿਆਦਾ ਗਿਣਤੀ ਪੈਦਲ ਚੱਲਣ ਵਾਲੇ ਅਤੇ ਦੋ ਪਹੀਆ ਵਾਹਨ ਚਾਲਕਾਂ ਦੀ ਹੁੰਦੀ ਹੈ। ਦੁਰਘਟਨਾਵਾਂ ਦੇ ਅੰਕੜਿਆਂ ਮੁਤਾਬਿਕ 40.7-ਫੀ ਸਦ ਗਿਣਤੀ ਦੋ ਪਹੀਆਂ ਚਾਲਕਾਂ ਦੀ ਸੀ ਅਤੇ 16.9-ਫੀ ਸਦ ਪੈਦਲ ਚੱਲਣ ਵਾਲੇ ਲੋਕਾਂ ਦੀ ਹੈ! ਜੋ ਇਨ੍ਹਾਂ ਭਾਰੀ ਟਰੱਕਾਂ ਦੀ ਲਪੇਟ 'ਚ ਆਉਂਦੇ ਹਨ। ਜਿਹੜੇ ਲੋਕ ਇਨ੍ਹਾਂ ਗੱਡੀਆਂ ਦੇ ਨਾਲ ਸੜਕਾਂ ਵਿਚ ਦੁਰਘਟਨਾਵਾਂ ਹੋਣ ਨਾਲ ਜਖਮੀ ਹੋ ਜਾਣ 'ਤੇ ਸੜਕ ਦੀ ਨਿਗਰਾਨੀ ਲਈ ਜਨਸੰਖਿਆ ਦੇ ਆਧਾਰ ਤੇ ਦੇਸ਼ ਭਰ ਵਿਚ ਰਾਜ-ਮਾਰਗ (ਆਵਾਜਾਈ ਰਸਤੇ) ਉੱਪਰ ਪੁਲੀਸ ਦੀ ਡਿਊਟੀ 'ਤੇ ਜਖਮੀਆਂ ਦੀ ਦੇਖ-ਭਾਲ ਲਈ ਡਾਕਟਰੀ ਸਹਾਇਤਾ ਅਤੇ ਗੰਭੀਰ ਜਖਮੀਆਂ ਲਈ ਐਬੂੰਲੈਸਾਂ ਦਾ ਹੋਣਾ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ। ਪਰ! ਦੇਖਣ ਵਿਚ ਆ ਰਿਹਾ ਹੈ ਕਿ ਕੇਵਲ ਖਾਨਾ-ਪੂਰਤੀ ਹੀ ਪੂਰੀ ਕੀਤੀ ਜਾ ਰਹੀ ਹੈ ਅਤੇ ਕੀਤੀ ਜਾਂਦੀ ਹੈ।ਕੌਮੀ ਰਸਤਿਆਂ ਤੇ ਪੁਲੀਸ ਦੀ ਗਸ਼ਤ, ਟੋਲ ਪਲਾਜ਼ੇ ਵੀ ਹਨ, ਪਰ! ਗੱਡੀਆਂ ਨੂੰ ਲੰਘਾਉਣ ਦੀਆਂ ਵਿਵਸਥਾਵਾਂ ਵੀ ਪੂਰੀਆ ਨਹੀਂ ਹਨ। ਪਰ! ਦੂਸਰੇ ਪਾਸੇ ਨਾਗਰਿਕਾਂ ਨੂੰ ਪੂਰੀ ਸੁਰੱਖਿਆ ਵੀ ਨਹੀਂ ਮਿਲ ਰਹੀ ਹੈ।ਸਗੋਂ ਤਾਂ ਸੜਕਾਂ ਤੇ ਚੱਲਣ ਵਾਲੀਆਂ ਗੱਡੀਆਂ ਵੱਲੋਂ ਲਾਪਰਵਾਹੀ ਅਤੇ ਸੜਕੀ ਨਿਯਮਾਂ ਨੂੰ ਛਿਕੇ ਤੇ ਟੰਗ ਕੇ ਉਲੰਘਣਾਵਾਂ ਵੀ ਕੀਤੀਆਂ ਜਾ ਰਹੀਆਂ ਹਨ।ਇਨ੍ਹਾਂ ਖਾਮੀਆਂ(ਤਰੁੱਟੀਆਂ) ਕਾਰਨ ਹੀ ਸੜਕੀ ਦੁਰਘਟਨਾਵਾਂ ਨਿੱਤ-ਦਿਨ ਵੱਧ ਰਹੀਆਂ ਹਨ।



ਦੇਸ਼ ਭਰ ਵਿਚ ਸੜਕੀ ਦੁਰਘਟਨਾਵਾਂ ਵਿਚ 40-ਫੀ ਸਦ ਮੌਤਾਂ ਦਾ ਮੁੱਖ ਕਾਰਨ ਜਖਮੀਆਂ ਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਨਾ ਮਿਲਣਾ ਵੀ ਹੈ।ਦੂਸਰਾ ਦੁਰਘਟਨਾਂ ਵਾਲੀ ਜਗ੍ਹਾ ਤੋਂ ਹਸਪਤਾਲਾਂ ਜਾਂ ਮੁੱਢਲੀ ਸਹਾਇਤਾ ਦਾ ਵੀ ਦੂਰ ਹੋਣਾ ਵੀ ਹੈ।ਗੱਡੀ ਦੇ ਚਾਲਕ ਵੱਲੋਂ ਟੱਕਰ ਮਾਰਨ ਤੋਂ ਬਾਅਦ ਦੋਸ਼ੀ ਵੱਲੋਂ ਐਕਸੀਡੈਂਟ ਵਿਚ ਹੋਏ ਜਖਮੀ; ਘਾਇਲ ਨੂੰ ਛੱਡ ਕੇ ਦੌੜ ਜਾਣਾ ਵੀ ਇਕ ਕਾਰਨ ਹੈ। ਤੀਸਰਾ ਕਾਰਨ ਦੋਸ਼ੀ ਵੱਲੋਂ ਦੌੜ ਜਾਣ ਤੋਂ ਬਾਅਦ ਲੋਕਾਂ ਦੇ ਝੁਰਮਟ ਵੱਲੋਂ ਜਖ਼ਮੀ ਨੂੰ ਸਮੇਂ ਸਿਰ ਹਸਪਤਾਲ ਲੈ ਕੇ ਜਾਣ ਦੀ ਬਜਾਏ ਉਸ ਦੀ ਵੀ.ਡੀ.ਓ. ਬਣਾਉਣ ਵਿਚ ਹੀ ਮਗਨ ਰਹਿਣਾ ਹੁੰਦਾ।ਜਿਸ ਨਾਲ ਐਕਸੀਡੈਂਟ ਵਿਚ ਜਖ਼ਮੀ ਹੋਏ ਵਿਅਕਤੀ ਨੂੰ ਸਮੇਂ ਸਿਰ ਇਲਾਜ ਲਈ ਸਹਾਇਤਾ ਨਾ ਮਿਲਣ ਕਰਕੇ ਉਹ ਦਮ ਤੌੜ ਜਾਂਦਾ ਹੈ।ਭਾਵੇਂ! ਸੜਕੀ ਦੁਰਘਟਨਾ ਵਿਚ ਪੁਲੀਸ ਵੱਲੋਂ ਭਾਰਤੀ ਦੰਡ ਸਹਿਤਾ ਦੀ ਧਾਰਾ 279,337 'ਤੇ 338 ਦੇ ਤਹਿਤ ਮਾਮਲਾ ਤਾਂ ਦਰਜ਼ ਕਰ ਲਿਆ ਜਾਂਦਾ ਹੈ, ਪਰ! ਦੋਸ਼ੀ ਨੂੰ ਥਾਣੇ ਵਿਚ ਹੀ ਝੱਟ-ਪੱਟ (ਜਲਦੀ ਨਾਲ) ਪੁਲੀਸ ਵੱਲੋਂ ਜਮਾਨਤ ਦੇ ਦਿੱਤੀ ਜਾਂਦੀ ਹੈ। ਭਾਵੇਂ! ਮਾਮਲਾ ਅਦਾਲਤ ਵਿਚ ਵੀ ਚਲਾ ਜਾਵੇ ਤਾਂ! ਦੋਸ਼ੀ ਨੂੰ ਛੇ ਮਹੀਨੇ ਦੀ ਸਜ਼ਾ ਜਾਂ ਜੁਰਮਾਨਾ ਲਾ ਕੇ ਛੱਡ ਦਿੱਤਾ ਜਾਂਦਾ ਹੈ। ਦੁਰਘਟਨਾ ਵਿਚ ਮੌਤ ਹੋਣ ਦੀ ਸਥਿਤੀ ਵਿਚ ਧਾਰਾ 304 ਤਹਿਤ ਦੋਸ਼ੀ ਨੂੰ ਦੋ ਸਾਲ ਦੀ ਸਜ਼ਾ ਹੁੰਦੀ ਹੈ। 'ਰਾਸ਼ਟਰੀ ਅਪਰਾਧ ਰੀਕਾਰਡ ਬਿਊਰੋ' (ਐਨ.ਸੀ.ਆਰ.ਬੀ) ਦੇ 2022 ਦੇ ਅੰਕੜਿਆਂ ਮੁਤਾਬਿਕ ਸਿਰਫ 47.9-ਫੀ ਸਦ ਕਾਰਨਾਂ ਕਰਕੇ ਦੋਸ਼ੀਆਂ ਵਿਰੁੱਧ ਅਪਰਾਧ ਸਿੱਧ ਹੋਏ ਹਨ। ਸੜਕੀ ਦੁਰਘਟਨਾਵਾਂ ਵਿਚ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਦਰ 50-ਫੀ ਸਦ ਤੱਕ ਰਹਿੰਦੀ ਹੈ।ਭਾਵ! 50- ਫੀ ਸਦ ਟੱਕਰ ਮਾਰਨ ਵਾਲੇ ਦੋਸ਼ੀ ਚਾਲਕ ਆਸਾਨੀ ਨਾਲ ਬਰੀ ਹੋ ਜਾਂਦੇ ਹਨ।

ਇੱਕ ਵਿਡੰਵਨਾ ਇਹ ਵੀ ਹੈ, ਕਿ ਸੜਕੀ ਦੁਰਘਟਨਾਵਾਂ ਦੀ ਪੁਲੀਸ ਰੀਪੋਰਟ ਵਿਚ ਘਟਨਾ ਵਾਲੀ ਸੜਕ ਦੀ ਹਾਲਤ, ਦੁਰਘਟਨਾਂ ਵਿੱਚ ਸ਼ਾਮਲ ਗੱਡੀ ਦੀ ਫਿਟਨੈਸ ਤੇ ਸਪੀਡ ਕਿੰਨੀ ਸੀ ਦੀ ਕੋਈ ਵੀ ਜਾਣਕਾਰੀ ਜਾਂ ਹਵਾਲਾ ਹੀ ਨਹੀਂ ਦਿੱਤਾ ਜਾਂਦਾ ਹੈ। ਜਦ ਕਿ ਮਾਣਯੋਗ ਸੁਪਰੀਮ ਕੋਰਟ ਨੂੰ ਹਰ ਵਾਰੀ ਪੁਲੀਸ ਦੀਆਂ ਇੰਨ੍ਹਾਂ ਰੀਪੋਰਟਾਂ ਵਿਚ ਉਪਰੋਕਤ ਜਾਣਕ-ਾਰੀ ਦੇਣ ਲਈ ਕਿਹਾ ਗਿਆ ਹੈ। "ਹਿੱਟ ਐਂਡ ਰਨ" ਦੇ ਮਾਮਲੇ ਵਿਚ ਗੰਭੀਰ ਰੂਪ ਵਿਚ ਜ਼ਖਮੀ ਜਾਂ ਘਾਇਲ ਦੇ ਕੋਲ ਮੁਫ਼ਤ ਇਲਾਜ਼ ਵਾਲਾ "ਆਯੂਮਾਨ ਕਾਰਡ ਜਾਂ ਚਕਿਸਤਾ ਬੀਮਾ" ਨਹੀਂ ਹੈ, ਤਾਂ! ਇਲਾਜ਼ ਦਾ ਸਾਰਾ ਖਰਚਾ ਜ਼ਖਮੀ ਨੂੰ ਆਪਣੇ ਕੋਲੋਂ ਹੀ ਖਰਚ ਕਰਨਾ ਪੈਂਦਾ ਹੈ।ਜ਼ਖਮੀ ਦੀ ਮੌਤ ਹੋ ਜਾਣ ਦੀ ਸਥਿਤੀ ਵਿਚ ਵੀ ਪਰਿਵਾਰ ਨੂੰ ਕੋਈ ਆਰਥਿਕ ਮਦਦ ਨਹੀਂ ਦਿੱਤੀ ਜਾਂਦੀ 'ਤੇ ਨਾ ਹੀ ਮਿਲਦੀ ਹੈ। ਸਰਕਾਰੀ ਬੇਰੁਖੀ ਕਿੰਨੀ ਹੈ?

ਦੇਸ਼ ਭਰ ਵਿਚ ਸੜਕੀ ਹਾਦਸਿਆਂ ਵਿਚ ਸ਼ਿਕਾਰ ਹੋਣ ਵਾਲੇ 18 ਤੋਂ 45 ਸਾਲ ਦੇ 66.5- ਫੀ ਸਦ ਨੌਜਵਾਨ ਹਨ। ਜਦ ਕਿ ਇਨ੍ਹਾਂ ਵਿਚੋਂ ਮਰਨ ਵਾਲਿਆਂ ਵਿਚ 83.4-ਫੀ ਸਦ ਲੋਕ ਕੰਮ-ਕਾਜੀ ਵਰਗ ਵਿਚੋਂ ਹੁੰਦੇ ਹਨ। ਇਨ੍ਹਾਂ ਹਾਲਾਤਾਂ ਵਿਚ ਮਰਨ ਵਾਲੇ ਵਿਅਕਤੀ ਦਾ ਪਰਿਵਾਰ ਗੰਭੀਰ ਆਰਥਿਕ ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ 'ਤੇ ਬੱਚਿਆਂ ਦਾ ਭੱਵਿਖ ਵੀ ਬਰਬਾਦ ਹੋ ਜਾਂਦਾ ਹੈ। ਇਸ ਦੇ ਨਾਲ ਹੀ ਕੰਮ-ਕਾਜੀ ਅਤੇ ਨੌਜਵਾਨਾ ਦੀ ਇਹੋ ਜਿਹੀ ਮੌਤ ਦੇ ਨਾਲ ਦੇਸ਼ ਦੀ ਜੀ.ਡੀ.ਪੀ. ਵਿਚ ਹਰ ਸਾਲ 6-ਫੀ ਸਦ ਦਾ ਨੁਕਸਾਨ ਹੁੰਦਾ ਹੈ। ਮੋਟਰ ਵਾਹਨ ਦੁਰਘਟਨਾ ਦੇ ਨਿਯਮਾਂ ਦੇ ਉੱਪਬੰਧ 104 (2) ਵਿਚ 'ਹਿੱਟ ਐਂਡ ਰਨ' ਵਿਚ ਸ਼ਾਮਲ ਦੋਸ਼ੀ ਚਾਲਕ ਦੀਆਂ ਕੁੱਝ ਮਨੁੱਖਤਾਵਾਦੀ ਜਿੰਮੇਦਾਰੀਆਂ ਤੈਅ ਕਰਨ ਦੇ ਨਾਲ-ਨਾਲ ਦੰਡ(ਸਜ਼ਾ) ਦਾ ਵਿਧਾਨ ਵੀ ਕੀਤਾ ਗਿਆ ਹੈ। ਪ੍ਰਤੂੰ! ਇਨ੍ਹਾਂ ਸੜਕੀ ਹਾਦਸਿਆਂ ਵਿਚ ਜ਼ਖਮੀ ਅਤੇ ਮੌਤ ਹੋਣ ਤੋਂ ਬਾਅਦ ਪਰਿਵਾਰ ਨੂੰ ਮੁਫ਼ਤ ਇਲਾਜ ਅਤੇ ਗੁਜਾਰੇ ਜੋਗੀ ਆਰਥਿਕ ਮਦਦ ਦੇਣ ਦੀ ਵੀ ਕੋਈ ਵਿਵਸਥਾ ਨਹੀਂ ਹੈ। ਮ੍ਰਿਤਕ ਦੇ ਪਰਿਵਾਰ ਨੂੰ ਦੋ ਲੱਖ ਅਤੇ ਜਖ਼ਮੀ ਹੋਣ ਵਾਲੇ ਨੂੰ ਸਿਰਫ਼ 50,000/- ਰੁਪਏ ਦੀ ਆਰਥਿਕ ਮਦਦ, ਇਸ ਮਹਿੰਗਾਈ ਦੇ ਦੌਰ ਵਿਚ ਦੇਣ ਦਾ ਨਾ ਤਾਂ ਕੋਈ ਵਿਧਾਨ ਹੈ, 'ਤੇ ਨਾ ਹੀ ਉਚਿੱਤ ਸਮਝਿਆ ਗਿਆ ਹੈ।

ਸੜਕਾਂ ਦਾ ਗਲਤ ਡੀਜ਼ਾਈਨ, ਧਾਰਮਿਕ ਅਸਥਾਨ ਅਤੇ ਸੜਕਾਂ ਦੇ ਕਿਨਾਰਿਆਂ ਤੇ ਖੜੇ ਅਣਗਿਣਤ ਵਾਹਨ (ਗੱਡੀਆਂ) ਨਾਲ ਹੋਣ ਵਾਲੇ ਹਾਦਸਿਆਂ ਵਿਚ ਜਖ਼ਮੀ (ਘਾਇਲ) 'ਤੇ ਪੀੜਤਾਂ ਦੇ ਪਰਿਵਾਰਾਂ ਨੂੰ ਆਰਥਿਕ ਮੁਅਵਜ਼ੇ ਦੇਣ ਵਿਚ ਸਰਕਾਰ ਫੇਲ੍ਹ ਰਹੀ ਹੈ। ਦੇਸ਼ ਦੀ ਖੇਤੀ ਪ੍ਰਧਾਨ ਸੂਬੇ (ਰਾਜ) ਪੰਜਾਬ, ਹਰਿਆਣਾ, ਮੱਧ-ਪ੍ਰਦੇਸ਼, ਛੱਤੀਸਗੜ 'ਤੇ ਉੱਤਰ ਪ੍ਰਦੇਸ਼ ਵਿਚ ਸੜਕੀ ਹਾਦਸਿਆਂ ਦਾ ਮੁੱਖ ਕਾਰਨ ਖੇਤੀ-ਬਾੜੀ ਫਸਲ ਦੀ ਢੋਆ-ਢੋਆਈ 'ਚ ਸਿਰਫ਼ ਟਰੈਕਟਰ-ਟਰਾਲੀ ਦਾ ਵਰਤਣਾ ਹੀ ਹੈ। ਕਈ ਵਾਰੀ ਟਰਾਲੀ ਉੱਪਰ ਲਾਲ ਬੱਤੀ ਨਾ ਹੋਣ ਕਾਰਨ ਰਾਤ ਦੇ ਸਮੇਂ ਇਹੋ ਜਿਹੇ ਹਾਦਸੇ ਜ਼ਿਆਦਾ ਵਾਪਰਦੇ ਹਨ।ਪਰ! ਅਫਸੋਸ ਹੈ, ਕਿ ਪੇਂਡੂ ਖਿੱਤਿਆਂ ਵਿਚੋਂ ਜਾਣ ਵਾਲੇ ਕਿਸਾਨ ਜਦੋਂ ਰਾਸ਼ਟਰੀ ਤੇ ਰਾਜ ਮਾਰਗੀ ਰਸਤਿਆਂ ਤੇ ਜਾਂਦੇ ਹਨ ਤਾਂ ਇਹੋ ਜਿਹੇ ਸਮੇਂ ਤੇ ਲਗਾਤਾਰ ਹਾਦਸੇ ਹੁੰਦੇ ਹਨ। ਪਰ ਇਹੋ ਜਿਹੇ ਲਗਾਤਾਰ ਹੋਣ ਵਾਲੇ ਹਾਦਸਿਆਂ ਦੇ ਬਾਵਜੂਦ ਵੀ ਸਰਕਾਰ ਵੱਲੋਂ ਇਨ੍ਹਾਂ ਰਾਜ ਮਾਰਗਾਂ ਦੀ ਹਿਫਾਜਤ ਲਈ ਕੋਈ ਉਚੇਚਾ ਕਦਮ ਨਹੀਂ ਚੁੱਕਿਆ ਹੈ ਅਤੇ ਨਾ ਹੀ ਸਰਕਾਰ ਨੇ ਕਦੀ ਇਸ ਪਾਸੇ ਵੱਲ ਧਿਆਨ ਹੀ ਦਿੱਤਾ ਹੈ।ਜਿਸ ਨਾਲ ਹੋ ਰਹੀਆ ਸੜਕੀ ਦੁਰਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਨ੍ਹਾਂ ਹਾਦਸਿਆਂ ਨੂੰ ਰੋਕਣ ਲਈ ਸਰਕਾਰਾਂ ਵੱਲੋਂ ਉਚੇਚਾ ਧਿਆਨ ਦੇਣਾ ਪਏਗਾ।

ਅੱਜ ਦੇਸ਼ ਭਰ ਵਿਚ ਸ਼ਰਾਬ ਪੀ ਕੇ ਤੇ ਨਸ਼ੀਲੀਆਂ ਦਵਾਈਆਂ ਖਾ ਕੇ, ਗੱਡੀ ਚਲਾਉਂਦਿਆ, ਵੀ।ਡੀ।ਓ। ਬਣਾਉਣੀ, ਛੋਟੇ-ਛੋਟੇ ਬੱਚਿਆਂ ਵਲੋਂ ਕਾਰਾਂ 'ਤੇ ਦੋ ਪਹੀਏ ਵਾਹਨ ਚਲਾਉਣ ਵਾਲੀਆਂ ਗੱਡੀਆਂ ਦੇ ਡਰਾਈਵਰਾਂ ਕਾਰਨ ਹੀ 1.9-ਫੀ ਸਦ ਦੁਰਘਟਨਾਵਾਂ ਹੁੰਦੀਆਂ ਹਨ। ਪਰ ਸੂਬਿਆਂ ਦੀਆਂ ਸਰਕਾਰਾਂ ਦੀ ਪੁਲੀਸ ਇਹੋ ਜਿਹੇ ਲੋਕਾਂ ਨੂੰ ਸਿੱਖਿਅਤ ਕਰਨ ਦੀ ਥਾਂ, ਸੱਖਤੀ ਨਾਲ ਇਨ੍ਹਾਂ ਤੇ ਦਬਾਓ ਪਾ ਕੇ ਇਹੋ ਜਿਹੇ ਅਨੁਸਰਾਂ ਨੂੰ ਕਾਬੂ ਕਰਨ ਦੇ ਅੰਕੜੇ ਜਾਰੀ ਕਰ ਦਿੰਦੀ ਹੈ। ਭਾਵੇਂ! ਰਾਜ ਮਾਰਗਾਂ ਤੇ ਸ਼ਰਾਬ ਦੀ ਹੋ ਰਹੀ ਵਿਕਰੀ 'ਤੇ ਸਰਕਾਰਾਂ ਕਹਿੰਦੀਆਂ ਹਨ ਕਿ ਅਸੀਂ ਰੋਕ ਲਾ ਲਈ ਹੈ, ਪਰ! ਫਿਰ ਵੀ ਚੋਰੀ ਛਿਪੇ ਇਹ ਧੰਦਾ ਜੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ।ਸਗੋਂ ਤੇ ਸੜਕਾਂ ਤੇ ਢਾਬਿਆਂ ਅਤੇ ਦੁਕਾਨਾਂ ਤੇ ਆਮ ਸ਼ਰਾਬ ਮਿਲ ਰਹੀ ਹੈ।

2021 ਦੀ ਰੀਪੋਰਟ ਮੁਤਾਬਿਕ ਗੱਡੀ ਵਿਚ ਸੀਟ ਬੈਲਟ ਨਾ ਲਾਉਣ ਕਾਰਨ 39,231 ਲੋਕ ਇਨ੍ਹਾਂ ਘਟਨਾਵਾਂ ਦਾ ਸ਼ਿਕਾਰ ਹੋਏ ਹਨ। ਜਦ ਕਿ ਬਗੈਰ ਹੈਲਮਿਟ ਦੇ ਕਾਰਨ 93,763 ਲੋਕ ਜਖਮੀ ਹੋਏ ਹਨ।ਆਪਣੇ ਆਪ ਦੀ ਜਿੰਦਗੀ ਦੀ ਲਾਪਰਵਾਹੀ 'ਤੇ ਪੁਲੀਸ ਪ੍ਰਸ਼ਾਸਨ ਦੀ ਅਣਦੇਖੀ ਕਾਰਨ ਦੇਸ਼ ਵਿਚ ਸੜਕ ਸੁਰੱਖਿਆ ਕਾਨੂੰਨ ਨਾਲ ਲਗਾਤਾਰ ਖਿਲਵਾੜ ਹੋ ਰਿਹਾ ਹੈ। ਸੈਲ-ਫੋਨ ਲਾ ਕੇ ਗੱਡੀ ਚਲਾਉਣੀ ਅਪਰਾਧ ਹੈ; ਪਰ! ਹਰ ਪਾਸੇ ਇਹ ਵਰਤਾਰਾ ਚੱਲ ਰਿਹਾ ਹੈ, ਜਦ ਕਿ ਜਿੰਮੇਦਾਰ ਨਾਗਰਿਕਾਂ ਵਲੋਂ 'ਤੇ ਸੰਗਠਿਨ ਲੋਕਾਂ ਵਲੋਂ ਨਿਆਪਾਲਿਕਾਂ ਅਤੇ ਰਾਜਤੰਤਰ ਪਾਸੋਂ ਜਨਹਿਤ ਪਟੀਸ਼ਨਾਂ ਰਾਹੀਂ ਸੜਕੀ ਦੁਰਘਟਨਾਵਾਂ ਰੋਕਣ 'ਤੇ ਸੜਕੀ ਨਿਯਮਾਂ ਦਾ ਪਾਲਣ ਕਰਾਉਣ ਦੀ ਮੰਗ ਕਰਦੇ ਆ ਰਹੇ ਹਨ, ਪਰ! ਅਦਾਲਤੀ ਆਦੇਸ਼ 'ਤੇ ਇੱਕ ਦੋ ਹਫਤਿਆਂ ਬਾਅਦ ਉਸ ਤੋਂ ਪਾਸਾ ਵੱਟ ਲਿਆ ਜਾਂਦਾ ਹੈ।ਭਾਵੇਂ! ਹਾਕਮਾ ਨੇ "ਹਿੱਟ ਐਂਡ ਰਨ" ਨਾਲ ਜੁੜੇ ਹੋਏ ਸੜਕ ਸੁਰੱਖਿਆ ਪ੍ਰਤੀ ਹੋਣ ਵਾਲੀਆਂ ਦੁਰਘਟਨਾਵਾਂ ਨੂੰ ਇਕਤਰਫਾ ਰੋਕਣ ਲਈ ਭਾਰਤੀ ਦੰਡ, ਵਿਧਾਨ ਨਿਆ ਸਹਿੰਤਾ ਕਾਨੂੰਨ ਜਲਦੀ-ਜਲਦੀ ਬਿਨ੍ਹਾਂ ਚਰਚਾ ਕਰਵਾਏ ਸੰਸਦ ਵਿਚ ਕੇਂਦਰ ਸਰਕਾਰ ਨੇ ਪਾਸ ਕਰਵਾ ਲਿਆ ਹੈ। ਜੋ ਚੋਖੀ ਬਹਿਸ ਦਾ ਵਿਸ਼ਾ ਸੀ; ਪਰ! ਸੜਕਾਂ 'ਤੇ ਦੇਸ਼ ਦੀ ਆਰਥਿਕਤਾ ਨੂੰ ਇਕ ਥਾਂ ਤੋਂ ਦੂਸਰੀ ਥਾਂ ਪਹੁੰਚਾਉਣ ਵਾਲੀ ਕਿਰਤ ਸ਼ਕਤੀ ਨੂੰ ਵੀ ਬਾਕੀ ਲੋਕ ਵਿਰੋਧੀ ਕਾਨੂੰਨਾਂ ਵਾਂਗ "ਹਿੱਟ ਐਂਡ ਰਨ ਕਾਨੂੰਨ" ਪਾਸ ਕਰਕੇ ਇਸ ਕਿਰਤ ਸ਼ਕਤੀ ਨੂੰ ਵੀ ਨੱਥ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ! ਸੜਕ ਕਿਰਤ ਸ਼ਕਤੀ ਦੀ ਏਕਤਾ ਨੇ ਹਾਕਮਾਂ ਨੂੰ ਕੁਝ ਦਿਨਾਂ ਅੰਦਰ ਹੀ ਆਪਸੀ ਏਕਤਾ ਦੇ ਬਲ-ਬੂਤੇ ਇਸ ਕਿਰਤ ਸ਼ਕਤੀ ਦੇ ਵਿਰੁੱਧ ਬਣੇ ਕਾਨੂੰਨ ਨੂੰ ਰੋਕਣ ਲਈ ਕੇਂਦਰ ਸਰਕਾਰ ਨੂੰ ਮਜਬੂਰ ਕਰ ਦਿੱਤਾ ਅਤੇ ਸਰਕਾਰ ਨੂੰ ਉਨ੍ਹਾਂ ਅੱਗੇ ਝੁਕਣਾ ਪਿਆ।ਕਾਨੂੰਨ ਲੋਕ ਪੱਖੀ ਅਤੇ ਲੋਕ ਸਹਿਮਤੀ ਨਾਲ ਬਣਾਉਣੇ ਚਾਹੀਦੇ ਹਨ ਨਾ ਕੇ ਲੋਕਾਂ ਨੂੰ ਨਰੜ ਕਰਨ ਲਈ।

ਚਾਹੀਦਾ ਤਾਂ ਇਹ ਹੈ, ਕਿ ਦੇਸ਼ ਅੰਦਰ ਸੜਕੀ ਆਵਾਜਾਈ, ਪਰਵਹਿਣ, ਰਾਜਤੰਤਰ ਅਤੇ ਸੜਕੀ ਨਿਯਮ, ਜੋ ਲੋਕ ਅਨੁਕੂਲ ਹੋਣ, ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨ ਵਾਲਾ ਢਾਂਚਾ ਹੋਵੇ ਅਤੇ ਫਿਰ ਸੜਕੀ ਕਿਰਤ ਸ਼ਕਤੀ ਨਾਲ ਗੱਲਬਾਤ ਕਰਕੇ ਸਰਕਾਰ ਨੂੰ ਅੱਗੇ ਵੱਧਣਾ ਚਾਹੀਦਾ ਸੀ।ਪਰ! ਸਰਕਾਰ ਵਲੋਂ ਇਕ ਤਰਫਾ ਪੁੱਟਿਆ ਕਦਮ ਨਾ ਤਾਂ ਪਹਿਲਾਂ ਹੀ ਤੇ ਨਾ ਹੀ ਹੁਣ ਕੁੱਝ ਹਾਂ ਪੱਖੀ ਨਤੀਜੇ ਕੱਢੇਗਾ?

ਇਹ 'ਹਿੱਟ ਐਂਡ ਰਨ' ਸੰਹਿਤਾ ਕਾਨੂੰਨ ਜੋ ਹਾਕਮਾ ਨੇ ਸੰਸਦ ਵਿਚ ਪੇਸ਼ ਕੀਤਾ ਹੈ, ਇਹ ਇਕ ਤਰਫ਼ਾ ਕਾਨੂੰਨ ਸੀ।ਟਰੱਕ ਮਾਲਕਾਂ, ਕਿਰਤੀਆਂ ਅਤੇ ਇਸ ਕਿੱਤੇ ਵਿਚ ਸ਼ਾਮਲ ਲੋਕਾਂ ਨੇ ਬੜੀ ਗੰਭੀਰਤਾ ਅਤੇ ਅਹਿਮੀਅਤ ਨੂੰ ਸਮਝਦੇ ਹੋਏ ਲੋਕਾਂ ਦੇ ਹਿੱਤ 'ਚ ਕਦਮ ਪੁੱਟਿਆ ਹੈ। ਪਰ! ਹੁਣ ਪਾਲਾ ਹਾਕਮਾਂ ਪਾਸੇ ਹੈ, ਕਿ ਕੀ ਉਹ ਸੜਕੀ ਦੁਰਘਟਨਾਵਾਂ ਰੋਕਣ ਲਈ ਕਿਹੋ ਜਿਹਾ ਲੋਕ ਪੱਖੀ ਕਦਮ ਪੁੱਟਦੇ ਹਨ, ਜੋ ਪੁਰਾਣੇ ਬਸਤੀਵਾਦੀ ਵਿਰੋਧੀ ਅਤੇ ਜਨਪੱਖ਼ੀ ਹੋਵੇਗਾ? ਲੋਕ ਰਾਏ ਇਹ ਹੈ ਕਿ ਆਮ ਲੋਕਾਂ ਨੂੰ ਪੇਸ਼ ਹੋ ਰਹੀਆਂ ਪੇਚੀਦਗੀਆਂ ਦਾ ਹੱਲ ਹੋਣਾ ਚਾਹੀਦਾ ਹੈ।ਨਾ ਕਿ 2024 ਲਈ ਰਾਜਨੀਤਕ ਲਾਭ ਲਈ ਇਕ ਚਾਲ ਜੋ ਚੋਣਾਂ ਜਿੱਤਣ ਲਈ ਹੋਵੇ। ਇਸ ਪ੍ਰਤੀ ਲੋਕਾਂ ਨੂੰ ਤੇ ਆਮ ਕਿਰਤੀਆਂ ਨੂੰ ਜਾਗਰਿਤ ਕਰਨਾ ਜ਼ਰੂਰੀ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਕਬੱਡੀ ਦੇ ਰਹਿਬਰ ਦੇਵੀ ਦਿਆਲ ਨੂੰ ਨਹੀਂ ਮਿਲੀ ਸੱਚੀ ਸਰਧਾਜਲੀ?

## ਪੰਜਾਬ ਸਰਕਾਰ ਦੇਵੀ ਦਿਆਲ ਦੇ ਨਾਮ ਤੇ ਸਟੇਟ ਖੇਡ ਐਵਾਰਡ ਸ਼ੁਰੂ ਕਰੇ

ਸਰਕਲ ਸਟਾਈਲ ਕਬੱਡੀ ਖੇਡ ਦਾ ਭੀਸ਼ਮ ਪਿਤਾਮਾ, ਅੰਤਰ-ਰਾਸ਼ਟਰੀ ਖਿਡਾਰੀ , ਕੋਚ ਸਾਹਿਬ ਅਤੇ ਕਬੱਡੀ ਦੇ ਰਹਿਬਰ ਬਲਦੇਵੀ ਦਿਆਲ ਸ਼ਰਮਾ ਕੁੱਬੇ ਜੋ ਬੀਤੀ 16 ਜਨਵਰੀ ਵੀ 2024 ਨੂੰ ਇਸ ਦੁਨੀਆ ਤੋਂ ਰੁਖਸਤ ਹੋ ਗਏ ਸਨ। ਉਹਨਾਂ ਦੇ ਨਮਿੱਤ ਸ਼ਰਧਾਂਜਲੀ ਸਮਾਰੋਹ 25 ਜਨਵਰੀ ਨੂੰ ਪਿੰਡ ਕੁੱਬੇ ਦੇ ਖੇਡ ਸਟੇਡੀਅਮ ਵਿਖੇ ਹੋਇਆ । ਜਿੱਥੇ ਕੋਚ ਸਾਹਿਬ ਦੇਵੀ ਦਿਆਲ ਦੇ ਪਰਿਵਾਰਕ ਮੈਂਬਰ , ਰਿਸ਼ਤੇਦਾਰਾ ਤੋਂ ਇਲਾਵਾ ਵੱਖ-ਵੱਖ ਕਬੱਡੀ ਫੈਡਰੇਸ਼ਨਾ , ਖੇਡ ਪ੍ਰੇਮੀ, ਰਾਜਨੀਤਿਕ ਅਤੇ ਸਮਾਜਿਕ ਆਗੂਆਂ ਨੇ ਉਸ ਮਹਾਨ ਰੂਹ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਸ ਨੂੰ ਸਦਾ ਲਈ ਇਸ ਦੁਨੀਆ ਤੋਂ ਅਲਵਿਦਾ ਕੀਤਾ।





ਬਹੁਤ ਸਾਰੇ ਰਾਜਨੀਤਿਕ ਅਤੇ ਖੇਡ ਬੁਲਾਰਿਆਂ ਨੇ ਕੋਚ ਦੇਵੀ ਦਿਆਲ ਜੀ ਨੂੰ ਆਪਣੀਆਂ ਸ਼ਰਧਾਂਜਲੀਆ ਭੇਟ ਕੀਤੀਆਂ ਬਹੁਤ ਸਾਰੇ ਬੁਲਾਰਿਆਂ ਨੇ ਉਹਦੀਆਂ ਬੀਤੇ ਸਮੇਂ ਦੀ ਖੇਡ ਪ੍ਰਾਪਤੀਆਂ, ਉਹਦੇ ਗੁਣਾਂ ਨੂੰ , ਓਹਦੇ ਨਾਲ ਬਤਾਈਆ ਯਾਦਾਂ ਦਾ ਹੀ ਵਰਨਣ ਕੀਤਾ ਪਰ ਉਸ ਦੀ ਯਾਦ ਨੂੰ ਕਿਵੇਂ ਸੰਭਾਲਣਾ , ਜਾ ਉਸਦੇ ਅਧੂਰੇ ਕਾਰਜਾਂ ਨੂੰ ਅੱਗੇ ਕਿਵੇਂ ਚਲਾਉਣਾ ਤੇ ਉਹ ਕਿਸੇ ਵੀ ਬੁਲਾਰੇ ਨੇ ਆਪਣੇ ਭਾਸਣ ਵਿੱਚ ਜ਼ਿਕਰ ਨਹੀਂ ਕੀਤਾ । ਮੈਨੂੰ ਇੰਝ ਲੱਗਿਆ ਕਿ ਦੇਵੀ ਦਿਆਲ ਬਸ ਅੰਤਿਮ ਅਰਦਾਸ ਤੱਕ ਹੀ ਸਾਡੇ ਵਿੱਚ ਸੀਮਤ ਸੀ। ਅੱਜ ਤੋਂ ਬਾਅਦ ਉਸਨੂੰ ਸਦਾ ਲਈ ਵਿਸਾਰ ਚਲੇ ਹਾਂ।

ਪਹਿਲਾਂ ਤਾਂ ਦੁਖਦਾਈ ਪੱਖ ਇਹ ਸੀ ਕਿ ਪੰਜਾਬ ਸਰਕਾਰ ਵੱਲੋਂ ਕੋਈ ਵੀ ਮੰਤਰੀ, ਸੰਤਰੀ ਜਾਂ ਖੇਡ ਵਿਭਾਗ ਉਸਨੇ ਲੰਬਾ ਅਰਸਾ ਸੇਵਾ ਕੀਤੀ ਹੈ ਦਾ ਨੁਮਾਇੰਦਾ ਇਸ ਮਹਾਨ ਖਿਡਾਰੀ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਲਈ ਨਹੀਂ ਪੁੱਜਿਆ। ਜੇਕਰ ਕਬੱਡੀ ਜਗਤ ਵਾਲੇ ਸਮਝਦੇ ਹਨ ਕਿ ਕੋਚ ਸਾਹਿਬ ਦੇਵੀ ਦਿਆਲ ਦੀ ਕਬੱਡੀ ਅਤੇ ਖੇਡ ਜਗਤ ਨੂੰ ਬਹੁਤ ਵੱਡੀ ਦੇਣ ਸੀ ਤਾਂ ਉਹਨਾਂ ਨੂੰ ਸ਼ਰਧਾਂਜਲੀ ਇਹ ਬਣਦੀ ਸੀ ਕਿ ਸਭ ਤੋਂ ਪਹਿਲਾਂ ਤਾਂ ਜੇਕਰ ਕੋਚ ਸਾਹਿਬ ਦੇਵੀ ਦਿਆਲ ਸ਼ਰਮਾ ਦੇ ਪਰਿਵਾਰ ਨੂੰ ਕੋਈ ਵੀ ਆਰਥਿਕ ਜਾਂ ਸਮਾਜਿਕ ਤੌਰ ਤੇ ਸਮੱਸਿਆ ਆਉਂਦੀ ਹੈ ਤੇ ਉਸ ਦੀ ਸਹਾਇਤਾ ਕਿੱਦਾਂ ਕਰਨੀ ਹੈ । ਇਸ ਬਾਰੇ ਕੋਈ ਵਿਚਾਰ ਨਹੀਂ ਹੋਈ ।

ਦੂਸਰਾ ਕੋਚ ਸਾਹਿਬ ਦੇਵੀ ਦਿਆਲ ਵੱਲੋਂ ਜੋ ਪਿੰਡ ਕੁੱਬੇ ਦੇ ਖੇਡ ਸਟੇਡੀਅਮ ਵਿਖੇ ਕਬੱਡੀ ਸੈਂਟਰ ਚਲਾਇਆ ਜਾ ਰਿਹਾ ਹੈ ਅਤੇ ਉਹ ਸੈਂਟਰ ਕਬੱਡੀ ਦੇ ਭਵਿੱਖ ਦੀ ਆਸ ਦੀ ਕਿਰਨ ਹੈ ਉਸ ਨੂੰ ਕਿਵੇਂ ਚਲਾਉਣਾ ਹੈ। ਕੁਬੇ ਕਬੱਡੀ ਸੈਂਟਰ ਦਾ ਹੁਣ ਵਾਲੀ ਵਾਰਸ ਕੌਣ ਹੋਵੇਗਾ ? ਉਸ ਸੈਂਟਰ ਦੀ ਮਦਦ ਕੌਣ ਕਰੇਗਾ , ਇਹ ਵਿਚਾਰ ਹੋਣੀ ਜਰੂਰੀ ਸੀ।

ਤੀਸਰੀ ਵਿਚਾਰ ਇਹ ਜਰੂਰੀ ਬਣਦੀ ਸੀ ਕਿ ਜੇਕਰ ਖੇਡ ਜਗਤ ਵਿੱਚ ਕਬੱਡੀ ਦੇ ਰਹਿਬਰ ਦੇ ਦੇਵੀ ਦਿਆਲ ਨੂੰ ਸਦਾ ਲਈ ਜਿੰਦਾ ਰੱਖਣਾ ਹੈ ਤਾਂ ਪੰਜਾਬ ਸਰਕਾਰ ਉਹਨਾਂ ਦੇ ਨਾਂ ਤੇ ਇੱਕ ਸਟੇਟ ਖੇਡ ਐਵਾਰਡ ਸ਼ੁਰੂ ਕਰੇ ਜੋ ਕਿਸੇ ਉਭਰਦੇ ਨਾਮੀ ਕਬੱਡੀ ਖਿਡਾਰੀ ਨੂੰ ਦਿੱਤਾ ਜਾਵੇ। ਇਹ ਖੇਡ ਐਵਾਰਡ ਸ਼ੁਰੂ ਕਰਨਾ ਪੰਜਾਬ ਸਰਕਾਰ ਲਈ ਚੁਟਕੀ ਜਿਹਾ ਕੰਮ ਹੈ , ਕਿਉਂਕਿ ਜੇਕਰ ਅਜਿਹਾ ਐਵਾਰਡ ਸ਼ੁਰੂ ਹੋ ਜਾਂਦਾ ਤਾਂ ਉਸ ਨਾਲ ਜਿੱਥੇ ਐਵਾਰਡ ਜੇਤੂ ਕਬੱਡੀ ਖਿਡਾਰੀ ਨੂੰ ਆਰਥਿਕ ਤੌਰ ਤੇ ਵੱਡੀ ਸਹਾਇਤਾ ਮਿਲੇਗੀ, ਸਮਾਜ ਵਿੱਚ ਵਿਲੱਖਣ ਪਹਿਚਾਣ ਮਿਲੇਗੀ ਤਾਂ ਉੱਥੇ ਦੇਵੀ ਦਿਆਲ ਨਾਮ ਵੀ ਹਮੇਸ਼ਾ ਲਈ ਇਸ ਦੁਨੀਆ ਵਿੱਚ ਅਮਰ ਰਹੇਗਾ।



ਹਾਲਾਂਕਿ ਇਸ ਸਬੰਧੀ ਪਰਮਜੀਤ ਸਿੰਘ ਡਾਲਾ ਨੇ ਪੰਜਾਬ ਕਬੱਡੀ ਐਸੋਸੀਏਸ਼ਨ ਵੱਲੋਂ ਐਵਾਰਡ ਸ਼ੁਰੂ ਕਰਨ ਦਾ ਐਲਾਨ ਤਾਂ ਕੀਤਾ ਹੈ ਪਰ ਵੱਡਾ ਫਰਜ ਪੰਜਾਬ ਸਰਕਾਰ ਦਾ ਬਣਦਾ ਹੈ। ਸਰਕਾਰਾਂ ਦੇ ਦਿੱਤੇ ਐਵਾਰਡ ਦੀ ਕਦਰ ਕੁਝ ਵੱਖਰੀ ਹੀ ਹੁੰਦੀ ਹੈ।

ਇਸ ਸ਼ਰਧਾਂਜਲੀ ਸਮਾਗਮ ਦੇ ਇਕੱਠ ਵਿੱਚ ਸਾਡੇ ਮਿੱਤਰ,ਕਬੱਡੀ ਦੇ ਸਾਬਕਾ ਅੰਤਰਰਾਸ਼ਟਰੀ ਖਿਡਾਰੀ ਅਤੇ ਹੁਣ ਦੇ ਮੌਜੂਦਾ ਵਿਧਾਇਕ ਗੁਰਲਾਲ ਸਿੰਘ ਘਨੌਰ ਜੋ ਪੰਜਾਬ ਸਰਕਾਰ ਦੀ ਨੁਮਾਇੰਦਗੀ ਕਰਦੇ ਹਨ ਨੂੰ ਬੇਨਤੀ ਕਰਨੀ ਬਣਦੀ ਸੀ ਤੇ ਉਹਨਾਂ ਦਾ ਵੀ ਫਰਜ਼ ਹੈ ਕਿ ਉਹ ਪੰਜਾਬ ਵਿਧਾਨ ਸਭਾ ਵਿੱਚ ਇਸ ਮਾਮਲੇ ਨੂੰ ਉਠਾਉਣ ਤਾਂ ਜੋ ਉਸ ਮਹਾਨ ਖਿਡਾਰੀ ਨੂੰ ਦੀ ਯਾਦ ਨੂੰ ਹਮੇਸ਼ਾ ਲਈ ਸੰਭਾਲਿਆ ਜਾਵੇ । ਜੇਕਰ ਪੰਜਾਬ ਸਰਕਾਰ ਦੇਵੀ ਦਿਆਲ ਦੇ ਨਾਂ ਤੇ ਸਟੇਟ ਖੇਡ ਐਵਾਰਡ ਸ਼ੁਰੂ ਕਰ ਦਿੰਦੀ ਹੈ ਤਾਂ ਕਬੱਡੀ ਖੇਡ ਦੇ ਬੇਹਤਰੀ ਲਈ ਅਤੇ ਖਿਡਾਰੀਆਂ ਦੀ ਯਾਦ ਨੂੰ ਸੰਭਾਲਣ ਲਈ ਇੱਕ ਵਧੀਆ ਮੌਕਾ ਬਣ ਜਾਵੇਗਾ ।

ਬਾਕੀ ਬੀਤੇ ਸਮੇਂ ਦੀਆਂ ਜਿੰਨੀਆਂ ਮਰਜ਼ੀ ਗੱਲਾਂ ਕਰੀ ਚੱਲੋ, ਬੀਤੇ ਵਕਤ ਦੀਆਂ ਤਾਰੀਫਾਂ ਦੇ ਗੁਣਗਾਨ ਕਰੀ ਚੱਲੋ ਉਹਨਾਂ ਨਾਲ ਕੁਝ ਨਹੀਂ ਬਣਨਾ , ਜੇਕਰ ਅਜੇ ਵੀ ਕਬੱਡੀ ਵਾਲਿਆਂ ਨੇ ਕੁਝ ਕੋਚ ਦੇਵੀ ਦਿਆਲ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨੀ ਹੈ ਤਾਂ ਪੰਜਾਬ ਸਰਕਾਰ ਤੇ ਦਬਾਅ ਪਾਉਣ ਕਿ ਉਹਨਾਂ ਕਬੱਡੀ ਖੇਡ ਸੈਂਟਰ ਕੁੱਬੇ ਨੂੰ ਕੋਈ ਸਲਾਨਾ ਗਰਾਂਟ ਮਿਲੇ ਅਤੇ ਉਹਨਾਂ ਦੇ ਨਾਮ ਤੇ ਪੰਜਾਬ ਸਰਕਾਰ ਸਟੇਟ ਐਵਾਰਡ ਕਬੱਡੀ ਖਿਡਾਰੀ ਨੂੰ ਦੇਵੇ ਜੇਕਰ ਅਜਿਹਾ ਹੋ ਜਾਂਦਾ ਹੈ ਇਹ ਗੱਲ ਕਬੱਡੀ ਖੇਡ ਲਈ ਸੋਨੇ ਤੇ ਸੁਹਾਗਾ ਹੋਵੇਗੀ, ਤਾਂ ਹੀ ਕੋਚ ਦੇਵੀ ਦਿਆਲ ਜੀ ਨੂੰ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ । ਫੇਰ ਕੋਚ ਦੇਵੀ ਦਿਆਲ ਦਾ ਪਰਿਵਾਰ ਵੀ, ਇਲਾਕਾ ਵੀ ਅਤੇ ਕਬੱਡੀ ਜਗਤ ਫ਼ਖਰ ਮਹਿਸੂਸ ਕਰੇਗਾ। ਬਾਕੀ ਇਹ ਮੇਰੇ ਦਿਲ ਦਾ ਉਬਾਲ ਸੀ , ਮੈਂ ਤਾਂ ਇਹ ਗੱਲਾਂ ਸ਼ਰਧਾਂਜਲੀ ਸਮਾਰੋਹ ਦੇ ਵਿੱਚ ਹੀ ਕਹਿਣੀ ਚਾਹੁੰਦਾ ਸੀ , ਮੌਕਾ ਨਹੀਂ ਮਿਲਿਆ ਮੈਂ ਆਪਣੀ ਲਿਖਤ ਰਾਹੀਂ ਕਹਿ ਦਿੱਤਾ। ਕਬੱਡੀ ਲਈ ਗੁਰੂ ਭਲੀ ਕਰੇ, ਰੱਬ ਰਾਖਾ।

**ਜਗਰੂਪ ਸਿੰਘ ਜਰਖੜ**
**ਖੇਡ ਲੇਖਕ**
**ਫੋਨ ਨੰਬਰ** 98143-00722

# ਅਮਿਟ ਪੈੜਾਂ ਛੱਡ ਗਿਆ ਪਲਸ ਮੰਚ ਦਾ 41ਵਾਂ ਨਾਟ ਕਵੀ ਸਮਾਗਮ

ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦਾ 41ਵਾਂ ਨਾਟ ਅਤੇ ਕਵੀ ਦਰਬਾਰ ਸਮਾਗਮ ਅੱਜ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਮੁਲਕ ਦੀ ਇਤਿਹਾਸਕ, ਰਾਜਨੀਤਕ, ਸਮਾਜਕ ਅਤੇ ਸਭਿਆਚਾਰਕ ਪੱਖੋਂ ਅਣਗੌਲੀ ਕੀਤੀ ਜਾ ਰਹੀ ਝਾਕੀ ਪੇਸ਼ ਕਰਨ ਅਤੇ ਕਾਲ਼ੀ ਰਾਤ ਦਾ ਹਨੇਰਾ ਭਵਿੱਖ 'ਚ ਹੋਰ ਗਾੜ੍ਹਾ ਹੋਣ ਦੇ ਖ਼ਦਸ਼ੇ ਤਹਿਤ ਖੜ੍ਹੇ ਹੋ ਕੇ ਇਹ ਅਹਿਦ ਕਰਦਿਆਂ ਬੁਲੰਦੀਆਂ ਛੋਹ ਗਿਆ; 'ਏਥੇ ਜੇ ਵਗਦੀਆਂ ਰਹਿਣੀਆਂ ਪੌਣਾਂ ਕੁਪੱਤੀਆਂ, ਤੂੰ ਜਗਾ ਦੇ ਮੋਮਬੱਤੀਆਂ'।



ਦੇਸ਼ ਭਗਤ ਯਾਦਗਾਰ ਕਮੇਟੀ, ਸਾਹਿਤਕ/ ਸਭਿਆਚਾਰਕ, ਤਰਕਸ਼ੀਲ ਜਮਹੂਰੀ ਅਤੇ ਲੋਕ-ਪੱਖੀ ਜਨਤਕ ਜੱਥੇਬੰਦੀਆਂ ਦੇ ਸਰਗਰਮ ਸਹਿਯੋਗ ਨਾਲ ਹੋਏ ਇਸ ਯਾਦਗਾਰੀ ਸਾਹਿਤਕ ਸਮਾਗਮ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੰਧਰਵ ਸੈਨ ਕੋਛੜ ਦੇ ਜਨਮ ਦਿਹਾੜੇ ਮੌਕੇ ਉਹਨਾਂ ਦੀ ਕਰਨੀ ਨੂੰ ਸਿਜਦਾ ਕੀਤਾ। ਪੰਜਾਬ ਦੀ ਵੰਡ ਵੇਲੇ ਮਾਰੇ ਗਏ ਬੇਗੁਨਾਹ ਲੋਕਾਂ ਨੂੰ ਯਾਦ ਕੀਤਾ। ਸੁਰਿੰਦਰ ਕੁਮਾਰੀ ਕੋਛੜ ਨੇ ਸ਼ਮ੍ਹਾਂ ਰੌਸ਼ਨ ਕੀਤੀ। ਸਮਾਗਮ ਦੇ ਉਹ ਪਲ ਬੇਹੱਦ ਭਾਵਪੂਰਤ ਸਨ ਜਦੋਂ ਲੇਖਕਾਂ, ਕਵੀਆਂ, ਰੰਗ ਕਰਮੀਆਂ, ਸਹਿਯੋਗੀ ਲੋਕ-ਜੱਥੇਬੰਦੀਆਂ ਦੇ ਦਰਜਣਾਂ ਨੁਮਾਇੰਦਿਆਂ ਨੇ ਮੰਚ 'ਤੇ ਖੜ੍ਹੇ ਹੋ ਕੇ ਹੱਥਾਂ 'ਚ ਮੋਮਬੱਤੀਆਂ ਜਗਾ ਕੇ ਇੱਕਸੁਰ ਹੋ ਕੇ ਕਵੀ ਸੁਰਜੀਤ ਪਾਤਰ ਦੇ ਇਹਨਾਂ ਬੋਲਾਂ ਨਾਲ ਅਹਿਦ ਲਿਆ:

ਏਥੇ ਜੇ ਵਗਦੀਆਂ ਰਹਿਣੀਆਂ
ਪੌਣਾਂ ਕੁਪੱਤੀਆਂ,
ਤੂੰ ਜਗਾ ਦੇ ਮੋਮਬੱਤੀਆਂ

ਇਸ ਮੌਕੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਕਿਹਾ ਕਿ ਇਨ੍ਹਾਂ ਦਿਨਾਂ 'ਚ ਜੋ ਗਾੜ੍ਹੇ ਬੱਦਲ ਫਿਕਰ, ਚਿੰਤਾ ਅਤੇ ਭਵਿੱਖ਼ 'ਚ ਮੁਲਕ ਅੰਦਰ ਕੀ ਹੋਣਾ ਵਾਲਾ ਹੈ ਦੇ ਸੁਆਲ ਪੌਣਾਂ 'ਚ ਲਟਕ ਰਹੇ ਹਨ ਤਾਂ ਇਹ ਸਮਾਂ ਗੁਰਸ਼ਰਨ ਭਾਅ ਜੀ ਦੇ ਸੁਨੇਹੇ ਨੂੰ ਬੁਲੰਦ ਕਰਨ ਦਾ ਹੈ; 'ਜੇ ਰੰਗ ਮੰਚ ਨੇ ਕੋਈ ਸੁਆਲ ਹੀ ਨਹੀਂ ਕਰਨਾ, ਫਿਰ ਰੰਗ ਮੰਚ ਕਰਨਾ ਹੀ ਕਾਹਦੇ ਲਈ ਹੈ?' ਉਨ੍ਹਾਂ ਕਿਹਾ ਕਿ ਇਸ ਵੇਲ਼ੇ ਹਰ ਵਿਅਕਤੀ, ਹਰ ਸੰਸਥਾ ਨੂੰ ਚੰਦਰੀਆਂ ਹਵਾਵਾਂ ਦਾ ਰੁਖ਼ ਬਦਲਕੇ ਗ਼ਦਰੀ ਦੇਸ਼ ਭਗਤਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਗਲਵੱਕੜੀ ਪਾਉਣ ਦੀ ਲੋੜ ਹੈ। ਇਸ ਸਮਾਗਮ 'ਚ ਹੋਏ ਕਵੀ ਦਰਬਾਰ 'ਚ ਸ਼ਬਦੀਸ਼, ਮਦਨ ਵੀਰਾ, ਜਾਗੀਰ ਜੋਸਣ, ਰਿੰਪਲਪ੍ਰੀਤ, ਸੋਹਣ ਸਹਿਜਲ ਫਗਵਾੜਾ, ਸੁਰਿੰਦਰ ਸਿੰਘ ਸੁੰਨੜ, ਕੁਲਵੰਤ ਕੌਰ ਨਗਰ, ਜਗਵਿੰਦਰ ਜੋਧਾ ਅਤੇ ਸੁਰਜੀਤ ਜੱਜ ਦੀਆਂ ਨਜ਼ਮਾਂ ਨੇ ਬਹੁਤ ਹੀ ਸਹਿਜਤਾ, ਸੁਹਜਤਾ, ਸਮਾਜੀ ਸਰੋਕਾਰਾਂ ਅਤੇ ਮੁਲਕ ਦੇ ਅੰਬਰ 'ਤੇ ਫਾਸ਼ੀ ਝੱਖੜਾਂ ਦੇ ਫ਼ਿਕਰਾਂ ਨੂੰ ਸਮੋਂਦੇ ਹੋਏ ਦਰਸਾਇਆ ਕਿ,'ਅਸੀਂ ਲੜਾਂਗੇ, ਜਦੋਂ ਤੱਕ ਰਾਤ ਬਾਕੀ ਹੈ। ਨਵੀਆਂ ਕਲਮਾਂ ਕਵੀ ਦਰਬਾਰ 'ਚ ਨਵੀਂ ਰੌਸ਼ਨ ਕਿਰਨ ਬਿਖੇਰ ਗਈਆਂ। ਮੰਚ ਸੰਚਾਲਨ ਦੀ ਭੂਮਿਕਾ ਵਿਦਵਾਨ ਲੇਖਕ ਅਤੇ ਕਵੀ ਹਰਵਿੰਦਰ ਭੰਡਾਲ ਨੇ ਬਾਖ਼ੂਬੀ ਅਦਾ ਕੀਤੀ।

41ਵੇਂ ਨਾਟ ਸਮਾਗਮ ਦਾ ਸਫ਼ਲ ਸਿਖ਼ਰ ਹੋ ਨਿਬੜਿਆ ਸ਼ਬਦੀਸ਼ ਦਾ ਰਚਿਆ ਅਨੀਤਾ ਸ਼ਬਦੀਸ਼ ਦੁਆਰਾ ਨਿਰਦੇਸ਼ਤ ਸੁਚੇਤਕ ਰੰਗ ਮੰਚ ਮੁਹਾਲੀ ਦਾ ਨਾਟਕ,'ਮਨ ਮਿੱਟੀ ਦਾ ਬੋਲਿਆ'। ਅਨੀਤਾ ਸ਼ਬਦੀਸ਼ ਦੀ ਅਦਾਕਾਰੀ ਨੇ ਲੋਕਾਂ ਨੂੰ ਕੀਲ ਲਿਆ, ਦਰਸ਼ਕ ਸਾਹ ਰੋਕਕੇ, ਟਿਕਟਿਕੀ ਲਗਾ ਕੇ ਸਵਾ ਘੰਟਾ ਨਾਟਕ ਦੇ ਪਾਤਰ ਹੀ ਹੋ ਨਿੱਬੜੇ। ਬਿਲਕੀਸ, ਮੁਖ਼ਤਾਰਾਂ, ਪਹਿਲਵਾਨ ਧੀਆਂ, ਮਨੀਪੁਰ ਦੀਆਂ ਕੁੜੀਆਂ, ਫ਼ਲਸਤੀਨ ਦੀਆਂ ਜੂਝਦੀਆਂ ਧੀਆਂ ਦੀ ਆਵਾਜ਼ ਹੋ ਨਿਬੜਿਆ ਨਾਟਕ, ਮਨ ਮਿੱਟੀ ਦਾ ਬੋਲਿਆ।

ਇਸ ਮੌਕੇ ਪਲਸ ਮੰਚ ਦੇ ਸੂਬਾ ਵਿੱਤ ਸਕੱਤਰ ਕਸਤੂਰੀ ਲਾਲ, ਜਸਵਿੰਦਰ ਪੱਪੀ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਮੈਂਬਰ ਗੁਰਮੀਤ, ਰਣਜੀਤ ਸਿੰਘ ਔਲਖ, ਪ੍ਰੋ. ਗੋਪਾਲ ਬੁੱਟਰ, ਦਰਜਣਾਂ ਹੀ ਜਨਤਕ ਜੱਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਡਾਇਟ ਸ਼ੇਖ਼ੂਪੁਰਾ ਕਪੂਰਥਲਾ ਦੇ ਵਿਦਿਆਰਥੀ ਵੱਡੀ ਗਿਣਤੀ 'ਚ ਸਮਾਗਮ 'ਚ ਸ਼ਾਮਲ ਹੋਏ। ਸੁਰਿੰਦਰ ਕੁਮਾਰੀ ਕੋਛੜ ਨੇ ਸਭ ਲਈ ਪ੍ਰੀਤੀ ਭੋਜਨ ਦਾ ਪ੍ਰਬੰਧ ਕੀਤਾ।

# ਹਿਮਾਚਲ ਪ੍ਰਦੇਸ਼ ਸਰਕਾਰ ਸ਼ਿਮਲੇ ਦਾ ਵਿਕਾਸ ਕਿਵੇਂ ਕਰੇ?

ਸੁਪਰੀਮ ਕੋਰਟ ਨੇ ਹਿਮਾਚਲ ਪ੍ਰਦੇਸ਼ ਸਰਕਾਰ ਦੇ ਸ਼ਿਮਲਾ ਡਿਵੈੱਲਮੈਂਟ ਪਲਾਨ ਵਿਜ਼ਨ-2041 ਦੇ ਸੰਬੰਧ ਵਿੱਚ ਨੈਸ਼ਨਲ ਗਰੀਨ ਟ੍ਰਿਬਿਊਨਲ ਦੁਆਰਾ 17 ਗਰੀਨ ਬੈਲਟਾਂ ਅਤੇ ਕੋਰ ਖੇਤਰ ਉੱਤੇ ਉਸਾਰੀ ਲਾਗਈ ਪਾਬੰਦੀ ਨੂੰ ਹਟਾਉਣ ਦੀ ਆਗਿਆ ਦੇ ਦਿੱਤੀ ਹੈ। ਸੁਪਰੀਮ ਕੋਰਟ ਨੇ ਆਪਣੇ ਹੁਕਮਾਂ ਵਿੱਚ ਸਪੱਸ਼ਟ ਤੌਰ ਉੱਤੇ ਕਿਹਾ ਹੈ ਕਿ ਹਿਮਾਚਲ ਪ੍ਰਦੇਸ਼ ਸਰਕਾਰ ਸ਼ਿਮਲਾ ਡਿਵੈੱਲਮੈਂਟ ਪਲਾਨ ਵਿਜ਼ਨ-2041 ਦੇ ਤਹਿਤ ਸ਼ਿਮਲੇ ਦਾ ਵਿਕਾਸ ਅਤੇ ਇੱਥੋਂ ਦੀ ਆਬਾਦੀ ਦੀਆਂ ਵਧ ਰਹੀਆਂ ਲੋੜਾਂ ਨੂੰ ਪੂਰੀਆਂ ਕਰਦਿਆਂ ਹੋਇਆ ਸ਼ਿਮਲੇ ਦੇ ਵਾਤਾਵਰਨ ਦੀ ਸਾਂਭ-ਸੰਭਾਲ, ਸੁਰੱਖਿਆ ਅਤੇ ਈਕੋਸਿਸਟਮਜ਼ ਦੇ ਸੰਤੁਲਨ ਨੂੰ ਵੀ ਯਕੀਨੀ ਬਣਾਵੇ। ਸੁਪਰੀਮ ਕੋਰਟ ਨੇ ਕਿਹਾ ਕਿ ਸ਼ਿਮਲਾ ਡਿਵੈੱਲਮੈਂਟ ਪਲਾਨ ਵਿਜ਼ਨ-2041 ਭਾਵੇਂ ਮਾਹਿਰਾਂ ਨਾਲ ਵਿਸਥਾਰ-ਪੂਰਵਕ ਚਰਚਾ ਅਤੇ ਉੱਚਿਤ ਪ੍ਰਕਿਰਿਆ ਤੋਂ ਬਾਅਦ ਹੀ ਤਿਆਰ ਕੀਤੀ ਗਈ ਹੈ, ਪਰ ਫਿਰ ਵੀ ਜੇਕਰ ਕਿਸੇ ਨਾਗਰਿਕ ਨੂੰ ਸ਼ਿਕਾਇਤ ਹੈ ਕਿ ਕੋਈ ਵਿਕਾਸ ਕਾਰਜ ਵਾਤਾਵਰਨ ਜਾਂ ਈਕੋਸਿਸਟਮ ਸੰਤੁਲਨ ਵਿੱਚ ਵਿਗਾੜ ਪੈਦਾ ਕਰ ਸਕਦਾ ਹੈ ਤਾਂ ਉਸ ਨੂੰ ਚੁਣੌਤੀ ਦੇਣ ਦੀ ਖੁੱਲ੍ਹ ਹੈ।

16 ਨਵੰਬਰ 2017 ਨੂੰ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਸ਼ਿਮਲੇ ਦੀਆਂ 17 ਗਰੀਨ ਬੈਲਟਾਂ ਅਤੇ ਸ਼ਹਿਰ ਦੇ ਕੋਰ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਕਰਨ ਉੱਤੇ ਪੂਰਨ ਤੌਰ ਉੱਤੇ ਪਾਬੰਦੀ ਲਗਾ ਦਿੱਤੀ ਸੀ, ਸ਼ਿਮਲੇ ਦੇ ਪੂਰੇ ਪਲੈਨਿੰਗ ਖੇਤਰ ਵਿੱਚ ਉਸਾਰੀ ਨੂੰ ਢਾਈ ਮੰਜ਼ਲਾਂ ਤੱਕ ਸੀਮਤ ਕਰ ਦਿੱਤਾ ਸੀ। 16 ਅਪ੍ਰੈਲ 2022 ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਕੋਰ ਖੇਤਰ ਅਤੇ ਗਰੀਨ ਬੈਲਟਾਂ ਅਤੇ ਸ਼ਿਮਲੇ ਦੇ ਬਾਕੀ ਖੇਤਰਾਂ ਵਿੱਚ ਵਿਕਾਸ ਕਰਨ ਲਈ ਸ਼ਿਮਲਾ ਪਲੈਨਿੰਗ ਏਰੀਆ ਦੇ ਅੰਤਰਗਤ 22,450 ਹੈਕਟੇਅਰ ਖੇਤਰ ਵਿੱਚ ਸੜਕਾਂ ਦੇ ਨੇੜੇ ਸਾਢੇ ਤਿੰਨ ਮੰਜ਼ਲਾਂ ਅਤੇ ਪਾਰਕਿੰਗ ਦੀ ਸਹੂਲਤ ਵਾਲੀਆ ਇਮਾਰਤਾਂ ਬਣਾਉਣ ਦੀ ਯੋਜਨਾ ਪਾਸ ਕੀਤੀ ਸੀ, ਪਰ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਇਸ ਯੋਜਨਾ ਉੱਤੇ ਵੀ 12 ਮਈ 2022 ਨੂੰ ਪਾਬੰਦੀ ਲਗਾ ਦਿੱਤੀ ਸੀ।

ਨੈਸ਼ਨਲ ਗਰੀਨ ਟ੍ਰਿਬਿਊਨਲ ਅਨੁਸਾਰ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿੱਚ ਉਸਾਰੀ ਹੋਣ ਕਾਰਨ ਕੁਦਰਤੀ ਆਫ਼ਤਾਂ ਤੋਂ ਹੋਣ ਵਾਲੇ ਨੁਕਸਾਨ ਵਿੱਚ ਵਾਧਾ ਹੁੰਦਾ ਹੈ ਜਿਸ ਦੇ ਨਤੀਜੇ ਵਜੋਂ ਜਨਤਾ ਦੇ ਹਿੱਤਾਂ ਨੂੰ ਖੋਰਾ ਲੱਗਦਾ ਹੈ ਅਤੇ ਇਸ ਨਾਲ ਟਿਕਾਊ ਵਿਕਾਸ ਦਾ ਸਿਧਾਂਤ ਵੀ ਅਣਗੌਲਿਆ ਹੁੰਦਾ ਹੈ। ਇਸ ਲਈ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਸ਼ਿਮਲੇ ਦੇ ਡਿਵੈੱਲਮੈਂਟ ਪਲਾਨ ਉੱਤੇ ਦੋਵੇਂ ਬਾਰ ਪਾਬੰਦੀ ਲਗਾ ਦਿੱਤੀ ਸੀ। ਸੁਪਰੀਮ ਕੋਰਟ ਨੇ ਹੁਣ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਲਗਾਈਆਂ ਗਈਆਂ ਦੋਵੇਂ ਪਾਬੰਦੀਆਂ ਹਟਾ ਦਿੱਤੀਆਂ ਹਨ ਅਤੇ ਉਸਾਰੀਆਂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਸ਼ਿਮਲਾ ਪਲੈਨਿੰਗ ਖੇਤਰ ਨੂੰ ਧਰਾਤਲ, ਵਾਤਾਵਰਨ, ਅਤੇ ਆਬਾਦੀ ਦੇ ਭਾਰ ਨੂੰ ਸਹਿਣ ਦੀ ਸਮਰੱਥਾ ਦੇ ਹਿਸਾਬ ਨਾਲ ਕੋਰ, ਨੋਨ-ਕੋਰ, ਗਰੀਨ ਬੈਲਟ, ਖਿਸਕਣ ਅਤੇ ਗਰਕਣ ਵਾਲੇ ਖੇਤਰਾਂ ਵਿੱਚ ਵੰਡਿਆ ਗਿਆ ਹੈ। ਕੋਰ ਖੇਤਰ ਵਿੱਚ ਵਿਕਟਰੀ ਸੁਰੰਗ ਤੋਂ ਸ਼ੁਰੂ ਹੋ ਕੇ ਮਾਲ ਰੋਡ, ਲੱਕੜ ਬਾਜ਼ਾਰ, ਜਾਖੂ ਦੀਆਂ ਪਹਾੜੀਆਂ ਅਤੇ ਸਮਰਹਿਲਜ਼ ਦੇ ਕੁਝ ਹਿੱਸੇ ਸ਼ਾਮਲ ਹਨ। ਸੁਪਰੀਮ ਕੋਰਟ ਅਨੁਸਾਰ ਕੋਰ ਖੇਤਰ ਵਿੱਚ ਵਾਹਨ ਆਵਾਜਾਈ ਦੇ ਨੇੜੇ ਪਾਰਕਿੰਗ ਸਹੂਲਤ ਸਹਿਤ ਸਿਰਫ਼ ਢਾਈ ਮੰਜ਼ਲਾਂ ਵਾਲੀ ਇਮਾਰਤ ਬਣਾਉਣ ਦੀ ਇਜਾਜ਼ਤ ਹੈ।

ਗਰੀਨ ਬੈਲਟਾਂ ਦੇ ਖੇਤਰ ਵਿੱਚ ਸਿਰਫ਼ ਡੇਢ ਮੰਜ਼ਲ ਵਾਲੀ ਇਮਾਰਤ ਬਣਾਉਣ ਦੀ ਇਜ਼ਾਜ਼ਤ ਦਿੱਤੀ ਗਈ ਹੈ। ਜੇਕਰ ਪਲਾਟ ਆਵਾਜਾਈ ਵਾਲੀ ਸੜਕ ਦੇ ਨਾਲ ਹੈ ਤਾਂ ਇੱਕ ਪਾਰਕਿੰਗ ਏਰੀਆ ਵੀ ਬਣਾਇਆ ਜਾ ਸਕਦਾ ਹੈ। ਪੁਰਾਣੀਆਂ ਬਣੀਆਂ ਹੋਈਆਂ ਇਮਾਰਤਾਂ ਢਾਹ ਕੇ ਦੁਬਾਰਾ ਬਣਾਉਣ ਦੀ ਇਜ਼ਾਜ਼ਤ ਤਾਂ ਹੈ, ਪਰ ਉਸ ਨੂੰ ਉੱਨੇ ਹੀ ਰਕਬੇ ਵਿੱਚ ਬਣਾਇਆ ਜਾ ਸਕਦਾ ਹੈ ਜਿੰਨੇ ਵਿੱਚ ਪਹਿਲਾਂ ਬਣਾਇਆ ਹੋਇਆ ਸੀ, ਉਸ ਵਿੱਚ ਕੋਈ ਵਾਧਾ ਨਹੀਂ ਹੋਣਾ ਚਾਹੀਦਾ। ਗਰੀਨ ਬੈਲਟਾਂ ਵਾਲੇ ਖੇਤਰ ਵਿੱਚੋਂ ਕੋਈ ਵੀ ਦਰਖ਼ਤ ਵੱਢਣ ਦੀ ਇਜਾਜ਼ਤ ਨਹੀਂ ਹੈ। ਫੋਰੈੱਸਟ ਕੰਜਰਵੇਸ਼ਨ ਐਕਟ ਅਨੁਸਾਰ ਕੇਂਦਰ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਜੰਗਲੀ ਖੇਤਰ ਵਿੱਚ ਕੋਈ ਵੀ ਉਸਾਰੀ ਕਰਨ ਦੀ ਇਜਾਜ਼ਤ ਨਹੀਂ ਹੈ। ਬਾਕੀ ਦੇ ਪਲੈਨਿੰਗ ਖੇਤਰ ਵਿੱਚ ਸਾਢੇ ਤਿੰਨ ਮੰਜਲਾ ਇਮਾਰਤਾਂ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਜੇਕਰ ਪਲਾਟ ਵਾਹਨ ਆਵਾਜਾਈ ਵਾਲੀ ਸੜਕ ਉੱਤੇ ਸਥਿਤ ਹੈ ਤਾਂ ਇੱਕ ਪਾਰਕਿੰਗ ਏਰੀਆ ਵੀ ਬਣਾਇਆ ਜਾ ਸਕਦਾ ਹੈ।



ਭਾਵੇਂ ਸੁਪਰੀਮ ਕੋਰਟ ਨੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਕੋਰ ਖੇਤਰ ਵਿੱਚ ਉਸਾਰੀ ਕਰਨ ਦੀ ਇਜ਼ਾਜ਼ਤ ਦੇ ਦਿੱਤੀ ਹੈ ਜਿਸ ਵਿੱਚ ਵਿਕਟਰੀ ਸੁਰੰਗ, ਮਾਲ ਰੋਡ, ਲੱਕੜ ਬਾਜ਼ਾਰ, ਜਾਖੂ ਦੀਆਂ ਪਹਾੜੀਆਂ ਅਤੇ ਸਮਰਹਿੱਲਜ਼ ਦੇ ਕੁਝ ਖੇਤਰ ਸ਼ਾਮਲ ਹਨ। ਇਸ ਖੇਤਰ ਵਿੱਚ ਸਿਰਫ਼ ਢਾਈ ਮੰਜ਼ਲਾਂ ਇਮਾਰਤਾਂ ਹੀ ਬਣ ਸਕਦੀਆਂ ਹਨ, ਪਰ ਹਿਮਾਚਲ ਪ੍ਰਦੇਸ ਸਰਕਾਰ ਲਈ ਹੁਣ ਇੱਕ ਵੱਡੀ ਮੁਸ਼ਕਿਲ ਆ ਸਕਦੀ ਹੈ ਜੋ ਇਮਾਰਤਾਂ ਪਹਿਲਾਂ ਹੀ ਢਾਈ ਮੰਜਲਾਂ ਤੋਂ ਉੱਪਰ ਬਣੀਆਂ ਹੋਈਆਂ ਉਨ੍ਹਾਂ ਇਮਾਰਤਾਂ ਦਾ ਉਹ ਕੀ ਕਰੇਗੀ। ਇਸ ਕੋਰ ਖੇਤਰ ਵਿੱਚ ਕੁਝ ਬਹੁਮੰਜ਼ਲਾਂ ਵਾਲੇ ਹੋਟਲ ਅਤੇ ਰਿਹਾਇਸ਼ੀ ਇਮਾਰਤਾਂ ਵੀ ਬਣੀਆਂ ਹੋਈਆਂ ਹਨ। ਕੀ ਇਨ੍ਹਾਂ ਹੋਟਲਾਂ ਅਤੇ ਰਿਹਾਇਸ਼ੀ ਇਮਾਰਤਾਂ ਦੀਆਂ ਸਿਰਫ਼ ਢਾਈ ਮੰਜ਼ਲਾਂ ਰੱਖ ਕੇ ਬਾਕੀ ਢਾਹ ਦਿੱਤੀਆਂ ਜਾਣਗੀਆਂ? ਇਨ੍ਹਾਂ ਤੋਂ ਇਲਾਵਾ ਜਿਹੜੀਆਂ ਇਮਾਰਤਾਂ 45 ਡਿਗਰੀ ਢਲਾਨ ਤੋਂ ਵੱਧ ਬਰਸਾਤੀ ਨਾਲੇ ਦੇ ਨੇੜੇ ਜਾਂ ਜ਼ਮੀਨ ਖਿਸਕਣ ਵਾਲੇ ਖੇਤਰਾਂ ਵਿੱਚ ਬਣੀਆਂ ਹਨ ਉਨ੍ਹਾਂ ਇਮਾਰਤਾਂ ਦਾ ਸਰਕਾਰ ਕੀ ਕਰੇਗੀ? ਸ਼ਿਮਲੇ ਦੀਆਂ ਬਹੁਤ ਸਾਰੀਆਂ ਇਮਾਰਤਾਂ ਵਾਤਾਵਰਨ ਨਿਯਮਾਂ ਉੱਤੇ ਪੂਰੀਆਂ ਨਹੀਂ ਉੱਤਰਦੀਆਂ ਹਨ ਉਹ ਹਿਮਾਚਲ ਪ੍ਰਦੇਸ ਸਰਕਾਰ ਲਈ ਸ਼ਿਮਲਾ ਡਿਵੈੱਲਮੈਂਟ ਪਲਾਨ ਵਿਜ਼ਨ-2041 ਨੂੰ ਲਾਗੂ ਕਰਨ ਸੰਬੰਧੀ ਸਮੱਸਿਆਵਾਂ ਖੜ੍ਹੀਆਂ ਕਰ ਸਕਦੀਆਂ ਹਨ।

ਵਿਕਾਸ ਕਾਰਜਾਂ ਦੀ ਮਨਜ਼ੂਰੀ ਨਾ ਮਿਲਣ ਕਰ ਕੇ ਕਿਸੇ ਵੀ ਰਾਜ ਦਾ ਵਿਕਾਸ ਪਿਛਾਂਹ ਪੈ ਜਾਂਦਾ ਹੈ। ਸੁਪਰੀਮ ਕੋਰਟ ਨੇ ਸ਼ਿਮਲਾ ਡਿਵੈੱਲਮੈਂਟ ਪਲਾਨ ਵਿਜ਼ਨ-2041 ਨੂੰ ਲਾਗੂ ਕਰਨ ਉੱਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਲਗਾਈਆਂ ਪਾਬੰਦੀਆਂ ਨੂੰ ਹਟਾ ਕੇ ਭਾਵੇਂ ਇੱਕ ਸ਼ਲਾਘਾਯੋਗ ਫ਼ੈਸਲਾ ਦਿੱਤਾ ਹੈ, ਪਰ ਹਿਮਾਚਲ ਪ੍ਰਦੇਸ਼ ਸਰਕਾਰ ਹੁਣ ਸ਼ਿਮਲੇ ਦਾ ਵਿਕਾਸ ਕਿਸ ਤਰ੍ਹਾਂ ਕਰਦੀ ਹੈ ਇਹ ਆਉਣ ਵਾਲਾ ਸਮਾਂ ਦੱਸੇਗਾ। ਹਿਮਾਚਲ ਪ੍ਰਦੇਸ਼ ਰਾਜ ਇੱਕ ਪਹਾੜੀ, ਭੂਚਾਲ-ਸੰਵੇਦਨਸ਼ੀਲ, ਜੰਗਲਾਂ, ਅਤੇ ਬਰਫ਼ ਵਾਲਾ ਰਾਜ ਹੈ। ਇੱਥੇ ਕਿਸੇ ਵੀ ਤਰ੍ਹਾਂ ਦਾ ਵਿਕਾਸ ਕਰਨ ਤੋਂ ਪਹਿਲਾਂ ਭੂ-ਵਿਗਿਆਨੀਆਂ, ਵਾਤਾਵਰਨ ਮਾਹਿਰਾਂ, ਅਤੇ ਸਥਾਨਕ ਲੋਕਾਂ ਦਾ ਰਾਇ ਲੈਣੀ ਜ਼ਰੂਰੀ ਬਣਦੀ ਹੈ। ਪਹਾੜੀ ਖੇਤਰਾਂ ਵਿੱਚ ਵਿਕਾਸ ਕਾਰਜਾਂ ਲਈ ਜੰਗਲ ਕੱਟਣੇ ਅਤੇ ਪਹਾੜ ਤੋੜਨੇ ਪੈਂਦੇ ਹਨ। ਪਹਾੜਾਂ ਨੂੰ ਤੋੜਨ ਜਾਂ ਉਨ੍ਹਾਂ ਦੀ ਲੋੜੋਂ ਵੱਧ ਕਟਾਈ ਹੋਣ ਨਾਲ ਉਨ੍ਹਾਂ ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਉਨ੍ਹਾਂ ਦਾ ਥੱਲੇ ਨੂੰ ਖਿਸਕਣਾ ਸ਼ੁਰੂ ਹੋ ਜਾਂਦਾ ਹੈ, ਜੰਗਲਾਂ ਦੀ ਅਣਹੋਂਦ ਕਾਰਨ ਜ਼ਮੀਨ ਖੁਰਨ ਲੱਗ ਜਾਂਦੀ ਹੈ। ਜ਼ਮੀਨ ਖੁਰਨ, ਪਹਾੜ ਖਿਸਕਣ, ਜ਼ਮੀਨ ਗਰਕਣ ਆਦਿ ਵਾਲੀਆਂ ਥਾਵਾਂ ਉੱਤੇ ਕਿਸੇ ਵੀ ਤਰ੍ਹਾਂ ਦੀ ਉਸਾਰੀ ਖ਼ਤਰਨਾਕ ਹੋ ਸਕਦੀ ਹੈ। 2023 ਵਿੱਚ ਜੁਲਾਈ ਅਤੇ ਅਗਸਤ ਦੇ ਮਹੀਨਿਆਂ ਵਿੱਚ ਸ਼ਿਮਲੇ ਦੇ ਕੋਰ ਖੇਤਰ ਵਿੱਚ ਵੱਸੇ ਸਮਰਹਿਲ ਅਤੇ ਕ੍ਰਿਸ਼ਨਾ ਨਗਰ ਵਿੱਚ ਪਹਾੜ ਖਿਸਕਣ ਨਾਲ ਭਾਰੀ ਤਬਾਹੀ ਹੋਈ ਸੀ।

ਦਿ ਜੀਓਲੋਜ਼ੀਕਲ ਸਰਵੇ ਆਫ਼ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ ਹਿਮਾਚਲ ਪ੍ਰਦੇਸ਼ ਵਿੱਚ 17,120 ਥਾਵਾਂ ਅਜਿਹੀਆਂ ਹਨ ਜਿੱਥੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ ਅਤੇ ਇਨ੍ਹਾਂ ਵਿੱਚ 1357 ਥਾਵਾਂ ਸ਼ਿਮਲਾ ਵਿੱਚੋਂ ਹੀ ਹਨ।

ਨੈਸ਼ਨਲ ਗਰੀਨ ਟ੍ਰਿਬਿਊਨਲ ਅਨੁਸਾਰ ਇਮਾਰਤਾਂ ਦੀ ਉਸਾਰੀ ਪਹਾੜੀ ਖੇਤਰਾਂ ਵਿੱਚ 45 ਡਿਗਰੀ ਤੋਂ ਜ਼ਿਆਦਾ ਢਲਾਨ ਉੱਤੇ ਨਹੀਂ ਹੋਣੀ ਚਾਹੀਦੀ, ਪਰ ਮੌਜੂਦਾ ਸਮੇਂ ਵਿੱਚ ਸ਼ਿਮਲਾ ਦੇ ਕੁਝ ਖੇਤਰਾਂ ਵਿੱਚ ਇਮਾਰਤਾਂ 70 ਤੋਂ 75 ਡਿਗਰੀ ਢਲਾਨ ਉੱਤੇ ਵੀ ਬਣੀਆਂ ਹਨ।

2011 ਵਿੱਚ ਸ਼ਿਮਲਾ ਦੀ ਆਬਾਦੀ 1,69,578 ਸੀ ਜਿਸ ਦਾ 2023 ਵਿੱਚ 2,32,000 ਹੋਣ ਦਾ ਅਨੁਮਾਨ ਹੈ। ਸ਼ਿਮਲਾ ਡਿਵੈੱਲਮੈਂਟ ਪਲਾਨ ਵਿਜ਼ਨ-2041 ਅਨੁਸਾਰ 2041 ਤੱਕ ਇਸ ਦਾ 6.52 ਲੱਖ ਹੋ ਜਾਣ ਦਾ ਅਨੁਮਾਨ ਹੈ। ਇਸ ਲਈ ਹਿਮਾਚਲ ਪ੍ਰਦੇਸ਼ ਸਰਕਾਰ ਨੇ ਸ਼ਿਮਲੇ ਦੇ ਆਉਣ ਵਾਲੇ ਸਮੇਂ ਵਿੱਚ ਆਬਾਦੀ ਵਿੱਚ ਹੋਣ ਵਾਲੇ ਵਾਧੇ ਨੂੰ ਦੇਖਦੇ ਹੋਏ ਅਤੇ ਉਸ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਨੂੰ ਧਿਆਨ ਵਿੱਚ ਰੱਖ ਕੇ ਇਹ ਵਿਕਾਸ ਯੋਜਨਾ ਤਿਆਰ ਕੀਤੀ ਹੈ। ਸ਼ਿਮਲਾ ਸ਼ਹਿਰ 1864 ਵਿੱਚ ਬ੍ਰਿਟਿਸ਼ ਰਾਜ ਵੇਲੇ ਅੰਗਰੇਜ਼ਾਂ ਨੇ ਭਾਰਤ ਦੀ ਗਰਮੀਆਂ ਦੀ ਰਾਜਧਾਨੀ ਦੇ ਤੌਰ ਉੱਤੇ ਵਸਾਇਆ ਸੀ। ਇਹ ਸ਼ਹਿਰ ਸਿਰਫ਼ 16,000 ਲੋਕਾਂ ਦੀਆਂ ਲੋੜਾਂ ਹੀ ਪੂਰੀਆਂ ਕਰ ਸਕਦਾ ਸੀ, ਪਰ ਹੁਣ ਇਸ ਦੀ ਆਬਾਦੀ ਉਸ ਤੋਂ 14.5 ਗੁਣਾ ਵਧ ਚੁੱਕੀ ਹੈ। ਹਿਮਾਚਲ ਪ੍ਰਦੇਸ਼ ਸਰਕਾਰ ਦਾ ਵਿਚਾਰ ਕਰਨਾ ਬਣਦਾ ਹੈ ਕਿ ਸ਼ਿਮਲੇ ਦੇ ਕੁਦਰਤੀ ਸਾਧਨ ਅਤੇ ਇੱਥੋਂ ਦੇ ਪਹਾੜ ਆਉਣ ਵਾਲੇ ਸਮੇਂ ਵਿੱਚ ਇੰਨੀ ਵੱਧ ਜ਼ਿਆਦਾ ਆਬਾਦੀ ਦਾ ਭਾਰ ਢੋ ਸਕਣਗੇ। 2023 ਵਿੱਚ ਭਾਰੀ ਮੀਂਹ ਅਤੇ ਜ਼ਮੀਨ ਖਿਸਕਣ ਨਾਲ ਹੋਈ ਬਰਬਾਦੀ ਨੇ ਇਹ ਪਰਤੱਖ ਰੂਪ ਵਿੱਚ ਦਿਖਾ ਦਿੱਤਾ ਹੈ ਕਿ ਸ਼ਿਮਲਾ ਹੋਰ ਜ਼ਿਆਦਾ ਆਬਾਦੀ ਦਾ ਭਾਰ ਨਹੀਂ ਸਹਿ ਸਕਦਾ। ਜੇਕਰ ਜ਼ਿਆਦਾ ਮੀਂਹ ਪੈਣ ਨਾਲ ਇੰਨੀ ਜ਼ਿਆਦਾ ਬਰਬਾਦੀ ਹੋ ਸਕਦੀ ਹੈ ਤਾਂ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਇਹ ਗੱਲ ਵੀ ਧਿਆਨ ਵਿੱਚ ਰੱਖਣੀ ਬਣਦੀ ਹੈ ਕਿ ਸ਼ਿਮਲਾ ਭੂਚਾਲ-ਸੰਵੇਦਨਸ਼ੀਲ ਖੇਤਰ ਵਿੱਚ ਪੈਂਦਾ ਹੈ, ਭੂਚਾਲ ਆਉਣ ਦੀ ਸੂਰਤ ਸ਼ਿਮਲੇ ਦਾ ਕੀ ਬਣੇਗਾ।



ਡਾ. ਗੁਰਿੰਦਰ ਕੌਰ
001-408-493-9776

ਹਿਮਾਚਲ ਪ੍ਰਦੇਸ਼ ਸਰਕਾਰ ਸ਼ਿਮਲੇ ਸ਼ਹਿਰ ਦਾ ਵਿਕਾਸ ਵਧੇਰੇ ਕਰ ਕੇ ਸੈਲਾਨੀਆਂ ਨੂੰ ਖਿੱਚਣ ਦੀ ਲਈ ਕਰ ਰਹੀ ਹੈ। ਸੈਲਾਨੀ ਸ਼ਿਮਲੇ ਦੀ ਕੁਦਰਤੀ ਸੁੰਦਰਤਾ ਅਤੇ ਇੱਥੋਂ ਦੇ ਠੰਡੇ ਤਾਪਮਾਨ ਕਰ ਕੇ ਆਉਂਦੇ ਹਨ। ਜੇਕਰ ਇੱਥੋਂ ਦੇ ਉੱਚੇ ਉੱਚੇ ਦਰਖ਼ਤਾਂ ਨੂੰ ਕੱਟ ਕੇ ਕੰਕਰੀਟ ਦੇ ਜੰਗਲ ਵਿੱਚ ਬਦਲ ਦਿੱਤਾ ਗਿਆ ਅਤੇ ਇੱਥੋਂ ਦਾ ਤਾਪਮਾਨ ਜਿਹੜਾ ਪਹਿਲਾਂ ਹੀ ਤੇਜ਼ੀ ਨਾਲ ਵਧ ਰਿਹਾ ਹੈ ਸਰਕਾਰ ਦੀਆਂ ਕਾਰਗੁਜ਼ਾਰੀ ਕਾਰਨ ਹੋਰ ਵਧ ਗਿਆ ਤਾਂ ਸੈਲਾਨੀ ਸ਼ਿਮਲੇ ਕੀ ਕਰਨ ਆਉਣਗੇ?

ਜੇਕਰ ਹਿਮਾਚਲ ਪ੍ਰਦੇਸ਼ ਸਰਕਾਰ ਨੇ ਸ਼ਿਮਲੇ ਦਾ ਅਸਲ ਵਿੱਚ ਵਿਕਾਸ ਕਰਨਾ ਤਾਂ ਇੱਥੇ ਹੋਰ ਉਸਾਰੀਆਂ, ਕਾਊਂਟਰ ਮੈਗਨੇਟ ਅਤੇ ਸੈਟੇਲਾਈਟ ਸ਼ਹਿਰ ਵਸਾਉਣ ਦੀ ਥਾਂ ਉੱਤੇ ਇੱਥੋਂ ਦੇ ਰਵਾਇਤੀ ਪਿੰਡਾਂ ਨੂੰ ਸਹੂਲਤਾਂ ਮੁਹੱਈਆ ਕਰਵਾਏ ਅਤੇ ਉਨ੍ਹਾਂ ਨੂੰ ਸੋਹਣਾ ਅਤੇ ਸਾਫ਼ ਰੱਖਣ ਵਿੱਚ ਮੱਦਦ ਕਰੇ। ਹਰੀਆਂ ਪੱਟੀਆਂ ਨੂੰ ਕੰਕਰੀਟ ਦੇ ਜੰਗਲ ਬਣਾਉਣ ਦੀ ਥਾਂ ਉੱਤੇ ਉਨ੍ਹਾਂ ਨੂੰ ਪਗਡੰਡੀਆਂ ਰਾਹੀਂ ਰਿੱਜ, ਮਾਲ ਰੋਡ ਆਦਿ ਥਾਵਾਂ ਨਾਲ ਜੋੜੇ, ਮਾਲ-ਰੋਡ ਅਤੇ ਰਿੱਜ ਤੋਂ ਥੱਲੇ ਜੋਂਦ ਰਾਹ ਅਤੇ ਪਗਡੰਡੀਆਂ ਨੂੰ ਤੁਰਨ ਯੋਗ ਬਣਾਵੇ, ਸ਼ਿਮਲੇ ਦੀ ਆਬਾਦੀ ਵਧਾਉਣ ਦੀ ਥਾਂ ਉੱਤੇ ਸ਼ਿਮਲੇ ਦਾ ਵਿਕਾਸ ਯੋਜਨਾਬੰਦ ਤਰੀਕੇ ਨਾਲ ਭੂ-ਵਿਗਿਆਨੀਆਂ, ਅਤੇ ਵਾਤਾਵਰਨ ਮਾਹਿਰਾਂ ਦੀ ਰਾਇ ਦੇ ਅਨੁਸਾਰ ਕਰੇ।

ਪਹਾੜੀ ਖੇਤਰਾਂ ਦਾ ਵਿਕਾਸ ਪਹਾੜਾਂ ਦੀ ਭੂਗੋਲਿਕ ਸਥਿਤੀ, ਇੱਥੋਂ ਦੇ ਧਰਾਤਲ, ਅਤੇ ਜ਼ਮੀਨੀ ਹਾਲਾਤ ਅਨੁਸਾਰ ਹੋਣਾ ਚਾਹੀਦਾ ਹੈ। ਸ਼ਿਮਲੇ ਸ਼ਹਿਰ ਦੇ ਵਿਕਾਸ ਦੀ ਪਲਾਨ ਵੀ ਮੈਦਾਨੀ ਖੇਤਰਾਂ ਵਿੱਚ ਹੋ ਰਹੇ ਸ਼ਹਿਰੀ ਵਿਕਾਸ ਦੀ ਤਰਜ਼ ਉੱਤੇ ਬਣਾਈ ਗਈ ਹੈ ਜੋ ਪਹਾੜੀ ਖੇਤਰਾਂ ਲਈ ਨੁਕਸਾਨਦੇਹ ਹੋ ਸਕਦੀ ਹੈ। ਹਿਮਾਚਲ ਪ੍ਰਦੇਸ਼ ਨੂੰ ਤਾਂ ਵਿਕਾਸ ਉੱਥੋਂ ਦੇ ਬਣਾਏ ਨਾਅਰੇ 'ਹਰ ਘਰ ਕੁਝ ਕਹਿਤਾ ਹੈ' ਦੀ ਤਰਜ ਉੱਤੇ ਹੀ ਕਰਨਾ ਚਾਹੀਦਾ ਹੈ।

## ਬਸੰਤ ਦਾ ਗੀਤ



ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਧਰਤੀ ਦੁਲਹਨ ਵਾਂਗ ਸਜਾ ਕੇ ਆਈ ਫੇਰ ਬਸੰਤ ।
ਖੁਸ਼ਬੂਆਂ ਦੇ ਅਲੰਕਾਰ ਸੁਸ਼ੋਭਿਤ ਵਿੱਚ ਹਵਾਵਾਂ ਦੇ ।
ਸਰਸਵਤੀ ਦੇ ਉਤਸਵ ਚਾਰ ਚੁਫ਼ੇਰੇ ਰਾਵ੍ਹਾਂ ਦੇ ।
ਬਨਸਪਤੀ ਦੇ ਵਿਚ ਨਹਾ ਕੇ ਆਈ ਫੇਰ ਬਸੰਤ
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਅਠਖੇਲੀਆਂ ਦੇ ਮਨਮੌਜੀ ਦ੍ਰਿਸ਼-ਦਰਸ਼ਨ ਲੈ ਕੇ ।
ਮੌਸਮ ਪਰਿਵਰਤਨ ਵਾਲੇ ਨਿੱਘ ਅਰਪਨ ਲੈ ਕੇ ।
ਨਿਰਮਲਤਾ ਦਾ ਸੰਤੋਖ ਉਠਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਫਸਲਾਂ, ਫੁੱਲਾਂ ਦੇ ਜੋਬਨ 'ਤੇ ਬੇਪਰਵਾਹ ਸਵਾਗਤ ।
ਕੁਦਰਤ ਨੇ ਹਸਤਾਖਰ ਕਰਕੇ ਲਿਖ ਦਿੱਤੀ ਈਬਾਦਤ ।
ਧੁੱਪਾਂ ਛਾਵਾਂ ਨਾਲ ਨਹਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਭੁੱਗਾ, ਰੌ, ਗੁੜ, ਰਿਉੜੀ, ਗਚਕ ਪਤੀਸਾ ਮੂੰਗਫਲੀ।
ਖਿਚੜੀ, ਸਾਗ, ਦਹੀਂ, ਮੱਖਣ, ਘਿਓ, ਮਿਸ਼ਰੀ ਦੀ ਡਲੀ ।
ਜ਼ਾਇਕੇਦਾਰ ਤਿਉਹਾਰ ਬਣਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ
ਆਈ ਫੇਰ ਬਸੰਤ ।
ਸਾਂਝਾਂ ਦੀ ਵਾਰਿਸ, ਰੁੱਤਾਂ ਦੀ
ਰਾਣੀ ਕਹਿਲਾ ਕੇ ।
ਅਭਿਵਾਦਨ ਕਰਦੀ ਫੁਲਕਾਰੀ ਦਾ
ਘੁੰਡ ਉਠਾ ਕੇ ।
ਚੰਚਲਤਾ ਦੇ ਵਿੱਚ ਸ਼ਰਮਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਅੰਬਰ ਵਿਚ ਕੀਤੀ ਚਿੱਤਰਕਾਰੀ ਡੋਰ ਪਤੰਗਾਂ ਨੇ ।
ਇੱਕ ਅਲੌਕਿਕ ਸੁੰਦਰ ਤੋਹਫ਼ਾ ਦਿੱਤਾ ਰੰਗਾਂ ਨੇ ।
ਖੁਸ਼ੀਆਂ ਦੀ ਉਪਮਾ ਅਪਣਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।
ਮਾਨਵਤਾ ਦੀ ਆਸ਼ਾ ਚਰਿੱਤਰ ਅੰਗੀਕਾਰ ਬਣੇ ।
ਘਰ-ਘਰ ਦੇ ਵਿਚ 'ਬਾਲਮ' ਪਿਆਰ ਬਣੇ ਸਤਿਕਾਰ ਬਣੇ।
ਰੰਗਾਂ, ਧਰਮਾਂ ਨੂੰ ਸਮਝਾ ਕੇ ਆਈ ਫੇਰ ਬਸੰਤ ।
ਜੰਨਤ ਦਾ ਪਹਿਰਾਵਾ ਪਾ ਕੇ ਆਈ ਫੇਰ ਬਸੰਤ ।

ਬਲਵਿੰਦਰ ਬਾਲਮ 91-98156-25409

## 'ਪੈਦਾ ਹੋਣ ਦਾ ਸਭ ਦਾ ਢੰਗ ਇਕੋ'

ਕਈਆ ਦਾ 'ਜ਼ਾਤ' ਕਰਕੇ 'ਸਨਮਾਨ' ਹੁੰਦਾ।
ਕਈਆ ਦਾ 'ਜ਼ਾਤ' ਕਰਕੇ 'ਅਪਮਾਨ' ਹੁੰਦਾ।

ਜਦ ਪੈਦਾ ਹੋਣ ਦਾ ਸਭਦਾ ਢੰਗ ਇਕੋ,
ਫਿਰ ਬਰਾਬਰ ਕਿਉਂ ਨਹੀਂ ਹਰ ਇਨਸਾਨ ਹੁੰਦਾ?

ਨੀਵੇਂ ਹੋਣ ਦਾ ਸ਼ਾਇਦ ਨਾ ਕੋਈ 'ਗਮ' ਰਹਿੰਦਾ
ਜੇ ਉੱਚਾ ਹੋਣ ਦਾ ਨਾ ਕਿਸੇ ਨੂੰ ਗੁਮਾਨ ਹੁੰਦਾ।

ਹਰ ਪਲ਼ ਮਾੜੀ ਸੋਚ ਰੱਖਣ ਵਾਲਾ,
ਹੋਵੇ ਕੋਈ ਵੀ ਵੱਡਾ ਬੇਈਮਾਨ ਹੁੰਦਾ ।

ਉਹ ਮਾੜੀ ਸੋਚ ਤੋਂ ਮੁੱਖ ਮੋੜ ਲੈਂਦਾ,
ਜਿਸ ਦੇ ਅੰਦਰ ਚੰਗਾ ਗਿਆਨ ਹੁੰਦਾ।

'ਮੇਜਰ' ਜੋ ਇਨਸਾਨ ਗਿਆਨਵਾਨ ਹੁੰਦਾ
ਉਸ ਲਈ ਇਨਸਾਨ ਬਸ ਇਨਸਾਨ ਹੁੰਦਾ।

- ਮੇਜਰ ਸਿੰਘ ਬੁਢਲਾਡਾ 94176 42327



# ਸੰਤ ਅਤਰ ਸਿੰਘ ਜੀ ਮਸਤੂਆਣਾ ਜਿਨ੍ਹਾਂ ਦੀ ਬਰਸੀ 'ਤੇ ਗੁਰਦੁਆਰਾ ਮਸਤੂਆਣਾ ਸਾਹਿਬ ਸੰਗਰੂਰ ਵਿੱਖੇ 30 ਜਨਵਰੀ ਤੋਂ 1 ਫ਼ਰਵਰੀ ਤੀਕ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਨੂੰ ਸਮਰਪਿਤ



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਸੰਤ ਅਤਰ ਸਿੰਘ ਜੀ ਦਾ ਜਨਮ 28 ਮਾਰਚ 1866 ਨੂੰ ਸ. ਕਰਮ ਸਿੰਘ ਤੇ ਮਾਤਾ ਭੋਲੀ ਦੇ ਗ੍ਰਹਿ ਵਿਖੇ ਪਿੰਡ ਚੀਮਾ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਮਾਇਕ ਹਾਲਤ ਠੀਕ ਨਾ ਹੋਣ ਕਰਕੇ ਆਪ ਨੂੰ ਪਿੰਡ ਦੇ ਭਾਈ ਰਾਮ ਸਿੰਘ ਦੇ ਨਿਰਮਲੇ ਡੇਰੇ ਜਿਸਦਾ ਮੁੱਖੀ ਉਸ ਸਮੇਂ ਭਾਈ ਬੂਟਾ ਸਿੰਘ ਸੀ, ਕੋਲ ਭੇਜ ਦਿੱਤਾ। ਇੱਥੋਂ ਆਪ ਨੇ ਗੁਰਬਾਣੀ ਤੇ ਸਿੱਖ ਧਰਮ ਨਾਲ ਸੰਬੰਧਿਤ ਗ੍ਰੰਥਾਂ ਤੋਂ ਗਿਆਨ ਪ੍ਰਾਪਤ ਕੀਤਾ। ਆਪ 17 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਗਏ। ਉਸ ਸਮੇਂ ਭਰਤੀ ਸਮੇਂ ਅੰਮ੍ਰਿਤ ਛਕਾਇਆ ਜਾਂਦਾ ਸੀ। ਆਪ ਨੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪਾਨ ਕੀਤਾ। ਕੋਹਾਟ ਛਾਉਣੀ ਦੇ ਤੋਪਖਾਨੇ ਵਿੱਚ 1 ਸਾਲ ਸਿਖਲਾਈ ਪ੍ਰਾਪਤ ਕਰਨ ਤੋਂ ਪਿੱਛੋਂ ਆਪ ਦੀ ਬਦਲੀ 54 ਸਿੱਖ ਰੈਜਮੈਂਟ ਵਿਚ ਕਰ ਦਿੱਤੀ ਗਈ।

ਪਿਤਾ ਦੇ ਸਵਰਗਵਾਸ ਹੋਣ 'ਤੇ ਆਪ ਪਿੰਡ ਵਾਪਿਸ ਆ ਗਏ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਖਤਮ ਹੋਣ ਉਪਰੰਤ ਸਿੱਖ ਧਰਮ ਗਿਰਾਵਟ ਜਾਣ ਲੱਗ ਪਿਆ। ਲੋਕ ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ ਦਾ ਸ਼ਿਕਾਰ ਹੋ ਰਹੇ ਸਨ। ਆਪ ਨੇ ਸਿੱਖੀ ਦਾ ਪ੍ਰਚਾਰ ਕਰਨ ਦਾ ਬੀੜਾ ਚੁੱਕਿਆ। ਸਿੱਖੀ ਦੇ ਲੜ ਲਾਉਣ ਲਈ ਅੰਮ੍ਰਿਤ ਪਾਨ ਕਰਾਉਣਾ ਸ਼ੁਰੂ ਕੀਤਾ। ਬਹੁਤ ਸਾਰੇ ਸਿਰਕੱਢ ਸਿੱਖ ਆਗੂਆਂ ਜਿਨ੍ਹਾਂ ਵਿੱਚ ਮਾਸਟਰ ਤਾਰਾ ਸਿੰਘ, ਭਾਈ ਜੋਧ ਸਿੰਘ, ਮਲਿਕ ਮੋਹਨ ਸਿੰਘ, ਭਾਈ ਹਰਿ ਕ੍ਰਿਸ਼ਨ ਸਿੰਘ, ਸ. ਹਰਦਿੱਤ ਸਿੰਘ ਮਲਿਕ, ਪ੍ਰੋ. ਪੂਰਨ ਸਿੰਘ, ਪ੍ਰੋ. ਸਾਹਿਬ ਸਿੰਘ, ਸ. ਸੇਵਾ ਸਿੰਘ ਠੀਕਰੀਵਾਲਾ, ਸੰਤ ਤੇਜਾ ਸਿੰਘ, ਸੰਤ ਨਿਰੰਜਨ ਸਿੰਘ ਮੋਹੀ, ਸੰਤ ਬਿਸ਼ਨ ਸਿੰਘ, ਸੰਤ ਗੁਲਾਬ ਸਿੰਘ ਆਦਿ ਦੇ ਵਿਸ਼ੇਸ਼ ਨਾਂ ਵਰਣਨਯੋਗ ਹਨ।

ਅਪ ਨੇ ਮਸਤੂਆਣਾ ਨੂੰ ਭਾਰਤੀ ਅਧਿਆਤਮਿਕ ਵਿਦਿਆ ਅਤੇ ਪੱਛਮੀ ਮੁਲਕਾਂ ਦੀ ਸਾਇੰਸ ਤੇ ਤਕਨੀਕੀ ਵਿਦਿਆ ਦਾ ਸਾਂਝਾ ਕੇਂਦਰ ਬਨਾਉਣ ਲਈ ਆਪਣੇ ਸੇਵਕ ਸੰਤ ਤੇਜਾ ਸਿੰਘ ਨੂੰ ਇੰਗਲੈਂਡ, ਅਮਰੀਕਾ ਤੇ ਪੱਛਮੀ ਮੁਲਕਾਂ ਵਿੱਚ ਭੇਜਿਆ। ਆਪ ਨੇ ਲਾਇਲਪੁਰ ਵਿਖੇ ਹਾਈ ਸਕੂਲ ਦੀ ਨੀਂਹ ਮਹਾਰਾਜਾ ਪਟਿਆਲਾ ਸ. ਭੁਪਿੰਦਰ ਸਿੰਘ ਦੀ ਬੇਨਤੀ 'ਤੇ ਰੱਖੀ।ਆਪ ਨੇ 23 ਫਰਵਰੀ 1907 ਨੂੰ ਉਪਦੇਸ਼ਕ ਕਾਲਜ ਗੁੱਜਰਾਂਵਾਲਾ ਦੀ ਨੀਂਹ ਰੱਖੀ। ਸੰਗਤਾਂ ਦੀ ਬੇਨਤੀ 'ਤੇ ਛੇਵੇਂ ਪਾਤਸ਼ਾਹ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਥਾਂ ਕਾਂਝਲਾ ਵਿਖੇ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ। 18 ਮਈ 1914 ਨੂੰ ਪੰਡਤ ਮੋਹਨ ਮਾਲਵੀਆ ਵੀ ਸੰਤਾਂ ਦੇ ਦਰਸ਼ਨਾਂ ਲਈ ਮਸਤੂਆਣਾ ਸਾਹਿਬ ਆਏ ਤੇ ਉਨ੍ਹਾਂ ਦੀ ਬੇਨਤੀ 'ਤੇ 24 ਦਸੰਬਰ 1914 ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਤੇ ਕੁੱਲ ਆਲਮ ਨੂੰ ਮਾਨਵਤਾ ਦੀ ਭਲਾਈ ਦਾ ਸੰਦੇਸ਼ ਦਿੱਤਾ। ਇੱਥੇ ਹੀ ਮਦਨ ਮੋਹਨ ਮਾਲਵੀਆ ਜੀ ਨੇ ਹਿੰਦੂ ਪਰਿਵਾਰ ਅੰਦਰ ਇੱਕ ਬੱਚੇ ਨੂੰ ਸਿੱਖ ਬਣਾਉਣ ਦਾ ਅਹਿਦ ਕਰਨ ਲਈ ਪ੍ਰੇਰਿਆ।ਆਪ ਨੇ 23 ਫਰਵਰੀ 1907 ਨੂੰ ਉਪਦੇਸ਼ਕ ਕਾਲਜ ਗੁੱਜਰਾਂਵਾਲਾ ਦੀ ਨੀਂਹ ਆਪਣੇ ਕਰ-ਕਮਲਾਂ ਨਾਲ ਰੱਖੀ। ਸੰਗਤਾਂ ਦੀ ਬੇਨਤੀ 'ਤੇ ਛੇਵੇਂ ਪਾਤਸ਼ਾਹ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਥਾਂ ਕਾਂਝਲਾ ਵਿਖੇ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ।

ਜਲੰਧਰ ਵਿਖੇ ਸਿੱਖ ਐਜੂਕੇਸ਼ਨ ਕਾਨਫਰੰਸ ਦੌਰਾਨ ਵਿਦਿਅਕ ਸੰਸਥਾਵਾਂ ਤੇ ਆਸ਼ਰਮਾਂ ਦੀ ਉਸਾਰੀ ਦਾ ਸੱਦਾ ਦਿੱਤਾ। ਫਿਰੋਜਪੁਰ ਵਿਖੇ ਸੰਨ 1915 ' ਚ ਹੋਈ ਤਿੰਨ ਰੋਜਾ ਅੱਠਵੀਂ ਸਿੱਖ ਵਿਦਿਅਕ ਕਾਨਫਰੰਸ ਦੀ ਪ੍ਰਧਾਨਗੀ ਕੀਤੀ । ਚੀਫ ਖਾਲਸਾ ਦੀਵਾਨ ਵੱਲੋਂ ਇਸ ਕਾਨਫਰੰਸ ਵਿਚ ਆਪ ਨੂੰ ਸੰਤ ਦੀ ਉਪਾਧੀ ਦਾ ਖਿਤਾਬ ਦੇ ਕੇ ਨਿਵਾਜਿਆ ਗਿਆ। 1919 'ਚ ਆਪਜੀ ਨੇ ਸੰਗਤਾਂ ਨਾਲ ਗੁਰਮਤਾ ਕਰਕੇ ਅਕਾਲ ਕਾਲਜ ਦੀ ਇਮਾਰਤ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਅਤੇ ਪੰਜ ਪਿਆਰਿਆਂ ਪਾਸੋਂ ਨੀਂਹ ਰਖਵਾਈ। ਅਕਾਲ ਕਾਲਜ ਕੌਂਸਲ ਦੇ ਪਹਿਲੇ ਪ੍ਰਧਾਨ ਸੇਵਾ ਸਿੰਘ ਠੀਕਰੀਵਾਲਾ ਬਣੇ। ਅਕਾਲ ਕਾਲਜ ਕੌਂਸਲ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਸੰਸ਼ਥਾਵਾਂ 70 ਏਕੜ ਦੇ ਰਕਬੇ 'ਚ ਫੈਲੀਆਂ ਹੋਈਆਂ ਹਨ ਅਤੇ ਇੱਥੇ 5 ਹਜਾਰ ਦੇ ਲੱਗਭਗ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ।ਪ੍ਰਬੰਧਕੀ ਕਾਰਜਾਂ ਨੂੰ ਚਲਾਉਣ ਲਈ ਸੰਨ 1946 'ਚ ਅਕਾਲ ਕਾਲਜ ਕੌਂਸਲ ਦਾ ਪੁਨਰ ਨਿਰਮਾਣ ਕੀਤਾ ਗਿਆ।

21 ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋਇਆ। ਸੰਤ ਅੱਤਰ ਸਿੰਘ ਨੇ ਕਾਲੀ ਦਸਤਾਰ ਸਜਾ ਕੇ ਰੋਸ ਵੀ ਪ੍ਰਗਟਾਇਆ ਤੇ ਸ਼ਰਧਾਂਜਲੀ ਵੀ ਭੇਟ ਕੀਤੀ। ਉਨ੍ਹਾਂ ਅੰਗਰੇਜ਼ੀ ਰਾਜ ਖਿਲਾਫ ਆਪਣੀ ਗੱਲ ਪੂਰੇ ਦਾਈਏ ਨਾਲ ਆਖੀ। ਸੰਨ 1923 'ਚ ਸੰਤ ਜੀ ਨੇ ਗੁਰੂ ਕਾਂਸੀ ਦਮਦਮਾ ਸਾਹਿਬ ਦੀ ਸੇਵਾ ਆਰੰਭ ਕਰਵਾਈ ਅਤੇ ਗੁਰੂਸਰ ਸਾਹਿਬ ਦੇ ਕੱਚੇ ਟੋਭੇ ਨੂੰ ਪੱਕਾ ਕਰਕੇ ਸਰੋਵਰ ਦਾ ਨਿਰਮਾਣ ਕੀਤਾ। ਸੰਨ 1926 'ਚ ਜੈਤੋਂ ਦਾ ਮੋਰਚਾ ਸਰ ਹੋਣ ਤੋਂ ਬਾਅਦ ਆਪ ਜੀ ਨੇ ਸ੍ਰੀ ਗੰਗਸਰ ਸਾਹਿਬ, ਜੈਤੋਂ ਵਿਖੇ 101 ਅਖੰਡ ਪਾਠ ਆਰੰਭ ਕੀਤੇ ਅਤੇ ਦੀਵਾਨ ਸਜਾਕੇ ਸੰਗਤਾਂ ਨੂੰ ਨਿਹਾਲ ਕੀਤਾ। ਸੰਨ 1923 'ਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਾਵਨ ਸਰੋਵਰ ਦੀ ਕਾਰਸੇਵਾ ਦਾ ਸ਼ੁੱਭ- ਆਰੰਭ ਸੰਤ ਅਤਰ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਗੁਰਦੁਆਰਾ ਸ੍ਰੀ ਗੁਰਸਾਗਰ ਮਸਤੂਆਣਾ ਸਾਹਿਬ ਦੇ ਲੰਗਰ ਵਾਸਤੇ ਅਠ ਧਾਤੂਆਂ ਦੀ ਦੇਗਾਂ ਬਣਵਾਈਆਂ। ਇਹ ਅਸ਼ਟਧਾਤੂ ਦੇਗ ਵੇਖਣਯੋਗ ਹੈ। ਇਹ ਦੇਗ ਸੰਨ 1923 'ਚ ਵਿਸ਼ੇਸ ਤੌਰ 'ਤੇ ਗੁੱਜਰਾਂਵਾਲਾ ਤੋਂ ਤਿਆਰ ਕਰਵਾਈ ਗਈ ਸੀ, ਜਿਸ 'ਚ ਇੱਕੋ ਸਮੇਂ 80 ਪੀਪੇ ਪਾਣੀ, 2 ਕੁਇੰਟਲ ਚੀਨੀ, 4 ਕੁਇੰਟਲ ਚਾਵਲ ਅਤੇ 30 ਕਿਲੋ ਘੀ ਮਿਲਾ ਕੇ ਚਾਵਲ ਪਕਾਏ ਜਾ ਸਕਦੇ ਹਨ ਅਤੇ ਇਸ ਅਸ਼ਟਧਾਤੂ ਦੇਗ 'ਚ ਇਕੋ ਸਮੇਂ ਤਿਆਰ ਕੀਤੇ ਚਾਵਲ 40 ਹਜਾਰ ਸੰਗਤਾਂ ਨੂੰ ਛਕਾਏ ਜਾ ਸਕਦੇ ਹਨ।



ਜਨਵਰੀ 1927 ਵਿਚ ਆਪਣੇ ਅੰਤਿਮ ਸਮੇਂ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਕੀਰਤਨ ਕਰ ਰਹੇ ਸਨ। ਅੰਗੂਠੇ ਤੇ ਉਂਗਲ ਵਿਚਕਾਰ ਇਕ ਛਾਲਾ ਹੋ ਗਿਆ। ਇਸ ਤੋਂ ਬਾਅਦ ਮਸਤੂਆਣਾ ਵਾਪਸ ਚਲੇ ਗਏ। ਉਹ ਸ. ਗੋਬਿੰਦਰ ਸਿੰਘ ਦੀ ਕੋਠੀ ਵਿਚ ਠਹਿਰੇ, ਜਿਸ ਨੂੰ ਅੱਜ-ਕਲ੍ਹ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜਿੱਥੇ ਬੰਗਾਲੀ ਡਾਕਟਰ ਚੈਟਰ ਜੀ ਨੇ ਇਨ੍ਹਾ ਦਾ ਇਲਾਜ ਕਰਨ ਦੀ ਭਰਪੂਰ ਕੋਸ਼ਿਸ਼ ਵੀ ਕੀਤੀ ਪਰ 17 ਮਾਘ (ਜਨਵਰੀ 1927) ਦੀ ਰਾਤ ਨੂੰ ਸੰਤ ਅਤਰ ਸਿੰਘ ਜੋਤੀ ਜੋਤ ਸਮਾ ਗਏ। ਸੰਤਾਂ ਦਾ ਅੰਤਿਮ ਸੰਸਕਾਰ ਮਸਤੂਆਣਾ ਸਾਹਿਬ ਵਿਖੇ ਹੋਇਆ। ਇਸ ਥਾਂ ਗੁਰਦੁਆਰਾ ਅੰਗੀਠਾ ਸਾਹਿਬ ਸੁਸ਼ੋਭਿਤ ਹੈ। ਸੰਤ ਅਤਰ ਸਿੰਘ ਜੀ ਜੀ ਦੀ ਮਿੱਠੀ ਅਤੇ ਨਿੱਘੀ ਯਾਦ 'ਚ ਹਰ ਸਾਲ ਸਲਾਨਾ ਜੋੜ ਮੇਲਾ 30, 31 ਜਨਵਰੀ ਅਤੇ 1 ਫਰਵਰੀ (16,17 ਅਤੇ 18 ਮਾਘ) ਤਕ ਮਸਤੂਆਣਾ ਸਾਹਿਬ ਵਿਖੇ ਸਰਧਾਪੂਰਵਕ ਮਨਾਇਆ ਜਾਂਦਾ ਹੈ।

ਸੰਤਾਂ ਜੀਦੇ ਅਕਾਲ ਚਲਾਣੇ ਤੌਂ ਬਾਦ ਕਈ ਵਿਦਿਅਕ ਅਦਾਰੇ ਖੋਲੇ ਗਏ ਤੇ ਗੁਰਦਆਰੇ ਵੀ ਬਣਾਏ ਗਏ।ਹਜੁਰ ਸਾਹਿਬ ਵਿਖੇ ਗੋਦਾਵਰੀ ਕੰਢੇ ਆਪ ਜੀ ਦੀ ਯਾਦ ਵਿਚ ਗੁਰਦੁਆਰਾ ਭਜਨਗੜ ਸਾਹਿਬ ਅਜੇ ਵੀ ਹੈ। ਸੰਤ ਜੀ ਦੀ ਮਾਤਾ ਜੀ ਦੀ ਯਾਦ ਵਿਚ ਮਸਤੂਆਣੇ ਵਿਚ ਬਣੇ ਗੁਰੂਦਵਾਰਾ ਸਹਿਬ ਦਾ ਨਾ ਗੁਰਦੁਆਰਾ ਮਾਤਾ ਭੋਲੀ ਜੀ ਮਸਤੂਆਣਾ ਸਾਹਿਬ ਹੈ 1ਸੰਨ 1945 ਵਿਚ 'ਸੰਤ ਅਤਰ ਸਿੰਘ ਗੁਰਸਾਗਰ ਮਸਤੂਆਣਾ ਟਰੱਸਟ' ਹੋਂਦ 'ਚ ਆਇਆ, ਇਹ ਟਰੱਸਟ ਹੀ ਗੁਰਦੁਆਰਾ ਸ੍ਰੀ ਗੁਰਸਾਗਰ ਮਸਤੂਆਣਾ ਸਾਹਿਬ ਦੀ ਸਮੁੱਚੀ ਚੱਲ-ਅਚੱਲ ਜਾਇਦਾਦ ਅਤੇ ਵਿਦਿਅਕ ਸੰਸ਼ਥਾਵਾਂ ਦਾ ਕਸਟੋਡੀਅਨ ਹੈ।ਅਕਾਲ ਸੀਨੀਅਰ ਸੈਕੰਡਰੀ ਸਕੂਲ, ਮਸਤੂਆਣਾ- ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਜੀ ਵੱਲੋਂ ਸ਼ੁਰੂ ਕੀਤੀ ਸਭ ਤੋਂ ਪਹਿਲੀ ਵਿਦਿਅਕ ਸ਼ੰਸਥਾ ਹੈ, ਜੋ ਅੱਜਕਲ ਅਕਾਲ ਕਾਲਜ ਕੌਂਸਲ ਦੇ ਪ੍ਰਬੰਧ ਅਧੀਨ ਬਹਾਦਰਪੁਰ ਜਿਲ੍ਹਾ ਸੰਗਰੂਰ ਵਿਖੇ ਚੱਲ ਰਹੀ ਹੈ। ਅਕਾਲ ਡਿਗਰੀ ਕਾਲਜ ਮਸਤੂਆਣਾ 13 ਅਪ੍ਰੈਲ 1920 ਨੂੰ ਸ਼ੁਰੂ ਹੋਇਆ ਸੀ ਇਸ ਕਾਲਜ 'ਚ ਹੁਣ ਬੀਏ, ਬੀਸੀਏ, ਪੀਜੀਡੀਸੀਏ,ਬੀਬੀਏ,ਬੀਐਸਸੀ (ਮੈਡੀਕਲ/ਨਾਨ ਮੈਡੀਕਲ), ਐਮਐਸਸੀ (ਆਈਟੀ), ਸਪੋਕਨ ਇੰਗਲਿਸ ਆਦਿ ਕੋਰਸ ਚੱਲ ਰਹੇ ਹਨ। ਸੰਤ ਅਤਰ ਸਿੰਘ ਅਕਾਡਮੀ ਮਸਤੂਆਣਾ- ਸੰਨ 1983 'ਚ ਸਥਾਪਤ ਕੋ-ਐਜੂਕੇਸ਼ਨ, ਅੰਗਰੇਜੀ ਮਾਧਿਅਮ ਰਾਹੀਂ ਪੇਂਡੂ ਖੇਤਰ ਦੇ ਬੱਚਿਆਂ ਨੂੰ ਸਹਿਰਾਂ ਦੇ ਸਕੂਲਾਂ ਵਾਂਗ ਅਤਿ ਅਧੁਨਿਕ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ ਹੋਂਦ 'ਚ ਆਈ ਸੀ, ਜੋ ਸਫਲਤਾ ਪੁਰਵਕ ਚੱਲ ਰਹੀ ਹੈ। ਇਸ ਅਕਾਦਮੀ 'ਚ ਇਲਾਕੇ ਦੇ 60 ਪਿੰਡਾਂ 'ਚੋਂ ਬੱਚੇ ਸਿੱਖਿਆ ਪ੍ਰਾਪਤੀ ਲਈ ਆਉਂਦੇ ਹਨ ਅਤੇ ਇਸ ਵਿੱਚ ਨਰਸਰੀ ਤੋਂ ਲੈ ਕੇ ਬਾਰਵੀਂ (ਸਇੰਸ ਗਰੁੱਪ) ਤੱਕ ਪੜਾਈ ਹੁੰਦੀ ਹੈ।

ਅਕਾਲ ਕਾਲਜ਼ ਆਫ ਫਾਰਮੇਸੀ ਐਂਡ ਟੈਕਨੀਕਲ ਐਜੂਕੇਸ਼ਨ, ਸ੍ਰੀ ਮਸਤੂਆਣਾ ਸਾਹਿਬ-ਵਿਚ ਫਾਰਮੇਸੀ ਦੇ ਨਾਲ ਨਾਲ ਫਾਰਮੇਸੀ ਮੁਤਲਕ ਟੇਕਨੀਕੇਲਿਟੀ ਬਾਰੇ ਵੀ ਗਿਆਨ ਦਿਤਾ ਜਾਂਦਾ ਹੈ 1 ਅਕਾਲ ਕਾਲਜ ਆਫ਼ ਐਜੂਕੇਸ਼ਨ ਵਿਚ ਬੀ ਐਡ, ਐਮ ਐਡ ਤੇ ਐਮ .ਏ ਐਜੂਕੇਸ਼ਨ ਕੋਰਸ ਕਰਵਾਏ ਜਾਂਦੇ ਹਨ ਸਿੱਖ ਧਰਮ ਦੇ ਪ੍ਰਚਾਰ ਹਿੱਤ ਅਤੇ ਧਾਰਮਿਕ ਖੇਤਰ 'ਚ ਲੋੜੀਦੇ ਗ੍ਰੰਥੀ, ਕੀਰਤਨਏ, ਕਥਾਕਾਰ ਆਦਿ ਓਪਲੱਬਧ ਕਰਾਉਣ ਦੇ ਮੰਤਵ ਨਾਲ ਸੰਨ 2004 'ਚ ਸੰਤ ਅਤਰ ਸਿੰਘ ਗੁਰਮਤਿ ਕਾਲਜ ਸ੍ਰੀ ਮਸਤੂਆਣਾ ਸਾਹਿਬ ਹੋਂਦ 'ਚ ਆਇਆ ਅਤੇ ਬਾਅਦ 'ਚ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਜੁੜਕੇ ਸਿੱਖ ਪ੍ਰਚਾਰ ਲਈ ਸੰਜੀਦਾ ਯਤਨ ਕਰ ਰਿਹਾ ਹੈ। ਕਿਸੇ ਵਿਦਿਆਰਥੀ ਪਾਸੋਂ ਕੋਈ ਦਾਖਲਾ ਫੀਸ ਨਹੀਂ ਲਈ ਜਾਂਦੀ ਅਤੇ ਖਾਣੇ/ਰਹਾਇਸ ਦਾ ਮੁਫਤ ਪ੍ਰਬੰਧ ਕੀਤਾ ਜਾਂਦਾ ਹੈ ਪਰ ਵਿਦਿਆਰਥੀ ਦਾ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ।

ਇਥੇ ਸਿੱਖ ਰਹਿਤ ਮਰਿਆਦਾ, ਗੁਰਮਤਿ ਸੰਗੀਤ, ਤਬਲਾ, ਅਤੇ ਗੱਤਕੇ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ। ਅਕਾਲ ਕਾਲਜ ਆਫ ਫਿਜੀਕਲ ਐਜੂਕੇਸ਼ਨ, ਸ੍ਰੀ ਮਸਤੂਆਣਾ ਸਾਹਿਬ-ਸੰਨ 2006 ਤੋਂ ਸ਼ੁਰੂ ਹੋਏ ਇਸ ਕਾਲਜ 'ਚ ਬੀਪੀਐਡ, ਡੀਪੀਐਡ, ਬੀਪੀਈ ਆਦਿ ਕੋਰਸ ਕਰਵਾਏ ਜਾਂਦੇ ਹਨ। ਇਸਦੇ ਵਿਦਿਆਰਥੀਆਂ ਨੇ ਪੜਾਈ ਅਤੇ ਖੇਡਾਂ ਦੇ ਖੇਤਰ 'ਚ ਯੂਨੀਵਰਸਿਟੀ, ਨੈਸਨਲ ਅਤੇ ਅੰਤਰ-ਯੂਨੀਵਰਸਿਟੀ ਪੱਧਰ 'ਤੇ ਸ਼ਾਨਦਾਰ ਪ੍ਰਾਪਤੀਆਂ ਕਰਕੇ ਮੈਡਲ ਪ੍ਰਾਪਤ ਕੀਤੇ ਹਨ।

(ਵਧੇਰੇ ਜਾਣਕਾਰੀ ਲੈਣ ਲਈ ਪੜ੍ਹੋ : 1 ਸਿੱਖ ਹਿਸਟਰੀ ਡਾਟ ਇਨ, 2 ਪੀਏ ਡਾਟ ਵਿਕੀਪੀਡਿਆਆਰਗ/ ਵਿਕੀ )

# ਨਵਜੋਤ ਸਾਹਿਤ ਸੰਸਥਾ ਦੀ ਚੋਣ ਸਰਬਸੰਮਤੀ ਨਾਲ ਹੋਈ, ਗੁਰਨੇਕ ਸ਼ੇਰ ਨੂੰ ਪ੍ਰਧਾਨ ਤੇ ਸੁਰਜੀਤ ਮਜਾਰੀ ਨੂੰ ਮੁੱਖ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ

**ਔੜ (ਰੇਸ਼ਮ ਕਰਨਾਣਵੀ)** -ਨਵਜੋਤ ਸਾਹਿਤ ਸੰਸਥਾ ਔੜ (ਰਜਿ.) ਦੀ ਸਲਾਨਾ ਚੋਣ ਅੱਜ ਸਰਬਸੰਮਤੀ ਨਾਲ ਕੀਤੀ ਗਈ। ਇਸ ਸਬੰਧੀ ਸੰਸਥਾ ਦੇ ਦਫ਼ਤਰ 'ਚ ਇਕੱਤਰ ਮੈਂਬਰਾਂ ਨੇ ਸਰਬਸੰਮਤੀ ਨਾਲ ਗੁਰਨੇਕ ਸਿੰਘ ਸ਼ੇਰ ਨੂੰ ਪ੍ਰਧਾਨ ਅਤੇ ਸੁਰਜੀਤ ਮਜਾਰੀ ਨੂੰ ਮੁੱਖ ਸਕੱਤਰ ਚੁਣਿਆ। ਇਸ ਚੋਣ 'ਤੇ ਧੰਨਵਾਦ ਕਰਦਿਆਂ ਗੁਰਨੇਕ ਸਿੰਘ ਸ਼ੇਰ ਅਤੇ ਸੁਰਜੀਤ ਮਜਾਰੀ ਨੇ ਕਿਹਾ ਕਿ ਉਹ ਇਸ ਵਰ੍ਹੇ ਸੰਸਥਾ ਦੀਆਂ ਸਾਹਿਤਕ ਪਿਰਤਾਂ ਨੂੰ ਹੋਰ ਪ੍ਰਫੁੱਲਤ ਕਰਨ ਲਈ ਤਨਦੇਹੀ ਨਾਲ ਯਤਨ ਕਰਨਗੇ।

ਸੰਸਥਾ ਦੀ ਬਾਕੀ ਕਾਰਜਕਾਰਨੀ ਵਿੱਚ ਮੈਡਮ ਰਜਨੀ ਸ਼ਰਮਾ ਨੂੰ ਮੁੱਖ ਸਲਾਹਕਾਰ, ਅਮਰ ਜਿੰਦ ਨੂੰ ਸੀਨੀਅਰ ਮੀਤ ਪ੍ਰਧਾਨ, ਸੁੱਚਾ ਰਾਮ ਜਾਡਲਾ ਨੂੰ ਮੀਤ ਪ੍ਰਧਾਨ, ਦਵਿੰਦਰ ਸਕੋਹਪੁਰੀ ਨੂੰ ਸਕੱਤਰ, ਨੀਰੂ ਜੱਸਲ ਨੂੰ ਸਹਾਇਕ ਸਕੱਤਰ, ਹਰਬੰਸ ਕੌਰ ਨੂੰ ਖਜਾਨਚੀ, ਚਮਨ ਮੱਲਪੁਰੀ ਨੂੰ ਸਹਾਇਕ ਖਜ਼ਾਨਚੀ, ਰਵਿੰਦਰ ਮੱਲ੍ਹਾ ਬੇਦੀਆਂ ਨੂੰ ਦਫ਼ਤਰ ਸਕੱਤਰ, ਹਰਮਿੰਦਰ ਹੈਰੀ ਨੂੰ ਪ੍ਰੈਸ ਸਕੱਤਰ, ਰੇਸ਼ਮ ਕਰਨਾਣਵੀ ਨੂੰ ਆਡੀਟਰ ਅਤੇ ਹਰੀ ਕ੍ਰਿਸ਼ਨ ਪਟਵਾਰੀ, ਪਿਆਰਾ ਲਾਲ ਬੰਗੜ਼, ਦਵਿੰਦਰ ਬੇਗ਼ਮਪੁਰੀ, ਸੁਰਿੰਦਰ ਭਾਰਤੀ, ਕਸ਼ਮੀਰੀ ਕੈਂਥ, ਕੇਵਲ ਰਾਮ, ਸਤਿੰਦਰ



ਸੋਢੀ, ਰਾਜਿੰਦਰ ਜੱਸਲ, ਮੱਖਣ ਬਖਲੌਰ, ਪ੍ਰਹਲਾਦ ਸਿੰਘ ਅਟਵਾਲ ਰਾਮ ਨਾਥ ਕਟਾਰੀਆ ਆਦਿ ਨੂੰ ਕਾਰਜਕਾਰੀ ਮੈਂਬਰ ਵਜੋਂ ਸ਼ਾਮਲ ਕੀਤਾ। ਇਹ ਚੋਣ ਪ੍ਰਕਿਰਿਆ ਰੌਸ਼ਨ ਕਲਾ ਕੇਂਦਰ ਗੱਜਰ ਦੇ ਸੰਚਾਲਕ ਕਮਲਜੀਤ ਕੰਵਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜ਼ਿਲ੍ਹਾ ਪ੍ਰਧਾਨ ਦੇਸ ਰਾਜ ਬਾਲੀ ਦੀ ਅਗਵਾਈ ਵਿੱਚ ਕੀਤੀ ਗਈ।

ਚੁਣੀ ਗਈ ਨਵੀਂ ਟੀਮ ਨੂੰ ਸੰਸਥਾ ਦੇ ਸਰਪ੍ਰਸਤ ਗੁਰਦਿਆਲ ਰੌਸ਼ਨ, ਪ੍ਰੋ। ਸੰਧੂ ਵਰਿਆਣਵੀ, ਸਤਪਾਲ ਸਾਹਲੋਂ ਨੇ ਸ਼ੁੱਭ ਕਾਮਨਾਵਾਂ ਦਿੱਤੀਆਂ ਹਨ। ਇਸ ਮੌਕੇ ਗੀਤਕਾਰ ਰਾਮ ਸ਼ਰਨ ਜੋਸ਼ੀਲਾ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਹਾਜ਼ਰੀਨ ਵਲੋਂ ਸੰਸਥਾ ਦੇ ਮੁੱਢਲੇ ਮੈਂਬਰਾਂ 'ਚ ਸ਼ਾਮਲ ਸਤਪਾਲ ਸਾਹਲੋਂ, ਪਿਆਰਾ ਲਾਲ ਬੰਗੜ਼, ਸੁਰਿੰਦਰ ਭਾਰਤੀ, ਚਮਨ ਮੱਲਪੁਰੀ ਅਤੇ ਬਿੰਦਰ ਮੱਲਾ ਬੇਦੀਆਂ ਦਾ ਵਿਸ਼ੇਸ਼ ਸਨਮਾਨ ਕਰਨ ਲਈ ਮਤਾ ਵੀ ਪਾਇਆ ਗਿਆ। ਇਹ ਸਨਮਾਨ ਰਸਮ ਸੰਸਥਾ ਦੀ ਮਹੀਨਾਵਾਰ ਮੀਟਿੰਗ ਤਹਿਤ ਫਰਵਰੀ ਵਿੱਚ ਨਿਭਾਈ ਜਾਵੇਗੀ ਅਤੇ ਇਹ ਰਸਮ ਨਿਭਾਉਣ ਵਾਲਿਆਂ ਵਿੱਚ ਵਿਨੇ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ।

# ਖਾਹਿਸ਼ਾਂ ਦਾ ਚੱਕਰਵਿਊ ਅਤੇ ਪੁਰਸਕੂਨ ਜ਼ਿੰਦਗੀ ਦੀ ਭਾਲ



ਡਾ. ਅਰਵਿੰਦਰ ਸਿੰਘ ਭੱਲਾ
91-94630-62603

ਇਨਸਾਨ ਦੇ ਖ਼ਵਾਬਾਂ ਅਤੇ ਹਸਰਤਾਂ ਦੀ ਫਹਿਰਿਸਤ ਬੜੀ ਲੰਮੀ ਹੁੰਦੀ ਹੈ। ਸੁੱਖ ਅਤੇ ਖੁਸ਼ੀ ਦੇ ਅਸਲ ਅਰਥਾਂ ਤੋਂ ਬੇਖ਼ਬਰ ਮਨੁੱਖ ਨੂੰ ਉਸ ਦੀ ਬੇਕਰਾਰੀ ਨਾ ਤਾਂ ਕਿਤੇ ਠਹਿਰਨ ਦਿੰਦੀ ਹੈ ਅਤੇ ਨਾ ਹੀ ਉਸ ਨੂੰ ਆਪਣੇ ਨੁਕਤਾ-ਏ-ਨਿਗਾਹ ਅਤੇ ਅਮਲਾਂ ਨੂੰ ਦੁਰਸਤ ਕਰਨ ਦਿੰਦੀ ਹੈ। ਜਦੋਂ ਕੋਈ ਸ਼ਖ਼ਸ ਖ਼ਵਾਹਿਸ਼ਾਂ ਦੀ ਮੰਝਧਾਰ ਵਿਚ ਫ਼ਸਣ ਪਿਛੋਂ ਸਕੂਨ ਦੇ ਸਾਹਿਲ ਦੀ ਖੋਜ ਵਿਚ ਨਿਕਲਦਾ ਹੈ ਤਾਂ ਖ਼ਵਾਬਾਂ ਦੇ ਚੱਕਰਵਿਊ ਵਿਚੋਂ ਬਾਹਰ ਨਿਕਲਣ ਦੇ ਹੁਨਰ ਤੋਂ ਅਣਜਾਣ ਮਨੁੱਖ ਆਪਣੇ ਆਪ ਨੂੰ ਬੇਬੱਸ ਅਤੇ ਲਾਚਾਰ ਮਹਿਸੂਸ ਕਰਦਾ ਹੈ। ਆਪਣੀ ਹਯਾਤੀ ਦੌਰਾਨ ਅਧੂਰੇਪਣ ਦਾ ਸੰਤਾਪ ਹੰਢਾਉਂਦੇ ਹੋਏ ਮਨੁੱਖ ਆਪਣੀ ਤਕਦੀਰ ਦੀ ਪਹਿਲਾਂ ਤੋਂ ਤੈਅਸ਼ੁਦਾ ਤਹਿਰੀਰ ਨੂੰ ਬਦਲਣ ਦੀ ਜੁਸਤਜੂ ਵਿਚ ਭਟਕਦੇ ਹੋਏ ਤਉਮਰ ਦਰਬਦਰ ਜ਼ਲੀਲ-ਓ-ਖ਼ੁਆਰ ਹੁੰਦਾ ਹੈ।

ਮਿਰਗ ਤ੍ਰਿਸ਼ਨਾ ਦਾ ਸ਼ਿਕਾਰ ਮਨੁੱਖ ਅਣਜਾਣ ਖੁਸ਼ੀਆਂ ਦੇ ਕਿਸੇ ਜਜ਼ੀਰੇ ਦੀ ਤਲਾਸ਼ ਵਿਚ ਆਪਣੇ ਹੱਥੀਂ ਆਪਣਾ ਸਹਿਜ ਤੇ ਸਕੂਨ ਭੰਗ ਕਰਕੇ ਕਦੇ ਆਪਣੇ ਆਸ-ਪਾਸ ਦੇ ਲੋਕਾਂ, ਕਦੇ ਦੋਸਤਾਂ, ਕਦੇ ਰਕੀਬਾਂ, ਕਦੇ ਮੁਕੱਦਰਾਂ ਅਤੇ ਕਦੇ ਫ਼ਿਰ ਆਪਣੇ ਉਸ ਸੋਹਣੇ ਰੱਬ ਨੂੰ ਦੋਸ਼ ਦਿੰਦਾ ਹੈ। 'ਦੁਨੀਆਂ ਭਰ ਦੀਆਂ ਖੁਸ਼ੀਆਂ ਉਸ ਦੀ ਦਸਤਰਸ ਵਿਚ ਹੋਣ' ਬਸ ਮਨੁੱਖ ਦੀ ਇਹ ਹੀ ਸੋਚ ਇਕ ਦਿਨ ਉਸ ਦੇ ਜ਼ਵਾਲ ਦਾ ਕਾਰਨ ਬਣਦੀ ਹੈ। ਜੇਕਰ ਸਾਰੇ ਵਰਤਾਰੇ ਨੂੰ ਜ਼ਰਾ ਕੁ ਗੌਰ ਨਾਲ ਵਿਚਾਰਿਆ ਜਾਵੇ ਤਾਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕੋਈ ਜਰੂਰੀ ਨਹੀਂ ਹੈ ਕਿ ਇਨਸਾਨ ਦੀ ਛੋਟੀ ਜਿਹੀ ਝੋਲੀ ਵਿਚ ਇਸ ਕਾਇਨਾਤ ਦੇ ਸਾਰੇ ਸੁੱਖ-ਅਰਾਮ ਅਤੇ ਖੁਸ਼ੀਆਂ ਸਮਾ ਜਾਣ ਤੇ ਇਹ ਵੀ ਇਕ ਸਦੀਵੀਂ ਸੱਚਾਈ ਹੈ ਕਿ ਇਸ ਜ਼ਿੰਦਗੀ ਵਿਚ ਬਹੁਤ ਕੁਝ ਹਾਸਲ ਕਰਨ ਪਿਛੋਂ ਵੀ ਹੋਰ ਬਹੁਤ ਕੁਝ ਹਾਸਲ ਕਰਨ ਦੀ ਤਮੰਨਾ ਰਹਿੰਦੀ ਹੈ ਅਤੇ ਇਸੇ ਤਰ੍ਹਾਂ ਹਸਰਤਾਂ ਦੇ ਸੈਲਾਬ ਦੇ ਬੇਰਹਿਮ ਵਹਾਉ ਵਿਚ ਵਹਿੰਦੇ ਹੋਏ ਇਨਸਾਨ ਇਕ ਦਿਨ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਕੂਚ ਕਰ ਜਾਂਦਾ ਹੈ।

ਹਰ ਪੁਰਕਸ਼ਿਸ਼ ਸ਼ੈਅ ਨੂੰ ਭੋਗਣ ਜਾਂ ਆਪਣੀ ਗਿਰਫ਼ਤ ਵਿਚ ਰੱਖਣ ਦੀ ਬੇਲਗਾਮ ਆਰਜ਼ੂ ਇਨਸਾਨ ਅੰਦਰ ਇਕ ਅਜਿਹੇ ਖ਼ਲਾਅ ਨੂੰ ਜਨਮ ਦਿੰਦੀ ਹੈ ਕਿ ਜਿਸ ਦੀ ਭਰਪਾਈ ਕਦੇ ਵੀ ਕਿਸੇ ਸੂਰਤ ਵਿਚ ਮੁਮਕਿਨ ਦਿਖਾਈ ਨਹੀਂ ਦਿੰਦੀ ਹੈ। ਇਨਸਾਨ ਹਸਰਤਾਂ ਦੇ ਜੰਗਲ ਵਿਚ ਤਨਹਾ ਭਟਕਦੇ ਹੋਏ ਹੌਲੀ-ਹੌਲੀ ਹਰੇਕ ਖੁਸ਼ੀ, ਸਕੂਨ ਅਤੇ ਇਨਸਾਨੀ ਰਿਸ਼ਤਿਆਂ ਤੋਂ ਖੁਦ ਨੂੰ ਮਹਿਰੂਮ ਕਰ ਲੈਂਦਾ ਹੈ। ਮਨੁੱਖ ਇਹ ਭੁੱਲ ਹੀ ਜਾਂਦਾ ਹੈ ਹਵਸ ਦੀ ਭੱਠੀ ਵਿਚ ਉਸ ਨੂੰ ਇਕਲਿਆਂ ਹੀ ਨਹੀਂ ਸੜਣਾ ਨਹੀਂ ਪੈਂਦਾ ਹੈ, ਸਗੋਂ ਉਹ ਆਪਣੇ ਨਾਲ ਆਪਣੀ ਅਤੇ ਆਪਣੇ ਨਾਲ ਜੁੜੇ ਹੋਏ ਲੋਕਾਂ ਦੀ ਜ਼ਿੰਦਗੀ ਦੇ ਬੇਸ਼ੁਮਾਰ ਬੇਸ਼ਕੀਮਤੀ ਕਹਿਕਹਿਆਂ, ਛੋਟੀਆਂ-ਛੋਟੀਆਂ ਖੁਸ਼ੀਆਂ ਅਤੇ ਅਨਮੋਲ ਲਮਹਿਆਂ ਨੂੰ ਵੀ ਇਸ ਭੱਠੀ ਵਿਚ ਝੋਕ ਦਿੰਦਾ ਹੈ। ਇਹ ਆਪਣੇ ਆਪ ਵਿਚ ਕਿੰਨੀ ਹੈਰਤ ਦੀ ਗੱਲ ਹੈ ਕਿ ਸਾਡੇ ਤਾਲੀਮੀ ਅਦਾਰਿਆਂ, ਮਜ਼ਹਬੀ ਤਨਜ਼ੀਮਾਂ ਅਤੇ ਮੁਕੱਦਸ ਸਥਾਨਾਂ ਤੋਂ ਇਨਸਾਨ ਨੂੰ ਆਪਣੇ ਤਰਜ਼-ਏ-ਅਮਲ ਵ.ਲ ਗੌਰ ਕਰਦੇ ਹੋਏ ਆਪਣੀ ਤਰਜ਼-ਏ-ਜ਼ਿੰਦਗੀ ਨੂੰ ਅਕਸਰ ਇਸ ਤਰ੍ਹਾਂ ਸੇਧ ਦੇਣ ਦਾ ਦਰਸ ਦਿਤਾ ਜਾਂਦਾ ਹੈ ਕਿ ਮਨੁੱਖ ਨੂੰ ਆਪਣੀ ਜ਼ਿੰਦਗੀ ਦੇ ਕਿਸੇ ਵੀ ਪੜਾਅ ਉੱਤੇ ਕਦੇ ਵੀ ਨਿਦਾਮਤ ਦੇ ਹੰਝੂ ਨਾ ਵਹਾਉਣੇ ਪੈਣ। ਸਾਨੂੰ ਤਾਂ ਬਚਪਨ ਤੋਂ ਹੀ ਇਹ ਸਬਕ ਪੜ੍ਹਾਇਆ ਜਾਂਦਾ ਹੈ ਕਿ ਅਸੀਂ ਹਰ ਹਾਲ ਵਿਚ ਖੁਸ਼ ਅਤੇ ਪੁਰਸਕੂਨ ਰਹਿੰਦੇ ਹੋਏ ਹਰ ਪਲ ਖੁਦ ਨੂੰ ਮੁਤਮੀਨ ਮਹਿਸੂਸ ਕਰੀਏ, ਲੇਕਿਨ ਅਫ਼ਸੋਸ ਕਿ ਇਨਸਾਨ ਨਿੱਤ ਨਵੇਂ ਬਹੁਤ ਸਾਰੇ ਸਬਕ ਹਾਸਲ ਕਰਨ ਮਗਰੋਂ ਵੀ ਆਪਣੀ ਜ਼ਹਾਲਤ ਦਾ ਸ਼ਿਕਾਰ ਹੋ ਕੇ ਅਜਿਹੀਆਂ ਬੰਦ ਗਲੀਆਂ ਵੱਲ ਅੱਗੇ ਵਧਣ ਵਿਚ ਖੁਸ਼ੀ ਮਹਿਸੂਸ ਕਰਦਾ ਹੈ, ਜੋ ਉਸ ਨੂੰ ਕਿਤੇ ਵੀ ਨਹੀਂ ਪਹੁੰਚਾ ਪਾਉਂਦੀਆਂ ਹਨ। ਅਸਲ ਵਿਚ ਇਨਸਾਨ ਦੀ ਇਹ ਬੁਨਿਆਦੀ ਫ਼ਿਤਰਤ ਹੈ ਕਿ ਉਹ ਉੱਚੇ ਤੋਂ ਉੱਚਾ ਮਰਤਬਾ ਹਾਸਲ ਕਰਕੇ ਵੀ ਜਾਂ ਫਿਰ ਦੁਨੀਆਂ ਭਰ ਦੀ ਦੌਲਤ ਇਕੱਠੀ ਕਰਕੇ ਵੀ ਆਪਣੇ ਆਪ ਨੂੰ ਖਾਲੀ ਹੱਥ ਹੀ ਮਹਿਸੂਸ ਕਰਦਾ ਹੈ। ਉਸ ਦੀ ਦੌਲਤ, ਸ਼ੋਹਰਤ, ਤਾਕਤ, ਵੱਕਾਰ ਅਤੇ ਮਰਤਬਾ ਦੂਜਿਆਂ ਨਾਲੋਂ ਉਸ ਨੂੰ ਕਿਸੇ ਹੱਦ ਤੱਕ ਵਕਤੀ ਤੌਰ ਉੱਪਰ ਮੁਨਫ਼ਰਿਦ ਮੁਕਾਮ ਤਾਂ ਪ੍ਰਦਾਨ ਕਰਦਾ ਹੈ, ਲੇਕਿਨ ਇਹ ਹਰਗਿਜ਼ ਜ਼ਰੂਰੀ ਨਹੀਂ ਕਿ ਇਹ ਸਭ ਕੁਝ ਹਾਸਲ ਕਰਨ ਮਗਰੋਂ ਇਨਸਾਨ ਦੇ ਅੰਦਰ ਵਿਸਮਾਦ ਜਾਂ ਖੇੜਾ ਵੀ ਪੈਦਾ ਹੋਵੇ। ਦਰਅਸਲ ਇਨਸਾਨ ਜਿਹਨਾਂ ਮਨਸੂਈ ਖੁਸ਼ੀਆਂ ਨੂੰ ਹਾਸਲ ਕਰਨ ਲਈ ਤੜਪਦਾ ਰਹਿੰਦਾ ਹੈ, ਅਸਲ ਵਿਚ ਵਿਚ ਇਹ ਹੀ ਮਨਸੂਈ ਖੁਸ਼ੀਆਂ ਉਸ ਦੇ ਧੁਰ ਅੰਦਰ ਮਹਿਰੂਮੀਅਤ ਅਤੇ ਗਮ ਦਾ ਅਹਿਸਾਸ ਪੈਦਾ ਕਰਦੀਆਂ ਹਨ। ਇਹਨਾਂ ਛਿੰਨ ਭਰ ਦੀਆ ਦਿਲ ਫ਼ਰੇਬ ਖ਼ੁਸ਼ੀਆਂ ਦੀ ਤਲਬ ਤੇ ਤਲਾਸ਼ ਮਨੁੱਖ ਨੂੰ ਨਾ ਤਾਂ ਕਦੇ ਆਰਾਮ ਨਾਲ ਬੈਠਣ ਦਿੰਦੀ ਹੈ ਅਤੇ ਨਾ ਹੀ ਉਸ ਨੂੰ ਉਹਨਾਂ ਖੁਸ਼ੀਆਂ ਨੂੰ ਮਾਨਣ ਦਿੰਦੀ ਹੈ, ਜਿਹਨਾਂ ਨੂੰ ਹਾਸਲ ਕਰਨ ਲਈ ਪਤਾ ਨਹੀਂ ਉਹ ਕਿੰਨਾ ਤੜਪਿਆ, ਉਦਾਸ ਅਤੇ ਪ੍ਰੇਸ਼ਾਨ ਰਿਹਾ ਹੁੰਦਾ ਹੈ।



ਜ਼ਰਾ ਸੋਚੋ ਕਿ ਜੇਕਰ ਅਸੀਂ ਲੋਕ ਸਾਰੀ ਉਮਰ ਆਪਣੀਆਂ ਖ਼ਵਾਹਿਸ਼ਾਂ ਦੇ ਇਸੇ ਤਰ੍ਹਾਂ ਗੁਲਾਮ ਬਣੇ ਰਹਾਂਗੇ ਤਾਂ ਫਿਰ ਜ਼ਿੰਦਗੀ ਨੂੰ ਕਦੋਂ ਜੀਉਂ ਪਾਵੇਂਗੇ? ਜੇਕਰ ਇਸੇ ਤਰ੍ਹਾਂ ਅਸੀਂ ਸਾਰੀ ਉਮਰ ਆਪਣੇ ਅਧੂਰੇ ਖ਼ਵਾਬਾਂ ਦਾ ਮਾਤਮ ਮਨਾਉਂਦੇ ਰਹਾਂਗੇ ਤਾਂ ਫਿਰ ਉਸ ਪਰਵਦਗਾਰ ਦੀਆਂ ਦਾਤਾਂ ਦਾ ਸ਼ੁਕਰਾਨਾ ਕਦੋਂ ਕਰਾਂਗੇ? ਜੇਕਰ ਇਸੇ ਤਰ੍ਹਾਂ ਸਾਡੀ ਜ਼ਿੰਦਗੀ ਹੇਰਵਿਆਂ, ਵਸਵਸਿਆਂ ਅਤੇ ਅੰਦੇਸ਼ਿਆਂ ਵਿਚ ਗੁਜ਼ਰ ਗਈ ਤਾਂ ਫਿਰ ਆਪਣਿਆਂ ਦੇ ਸੰਗ ਮਿਲ ਬੈਠ ਕੇ ਸੁੱਖ-ਦੁੱਖ ਕਦੋਂ ਸਾਂਝੇ ਕਰਾਂਗੇ? ਜੇਕਰ ਇਸੇ ਤਰ੍ਹਾਂ ਹਰੇਕ ਅੱਗੇ ਆਪਣੀ ਖਾਲੀ ਝੋਲੀ ਦਾ ਰੋਣਾਂ ਰੋਂਦੇ ਰਹਾਂਗੇ ਤਾਂ ਫਿਰ ਕੁਦਰਤ ਨੇ ਜਿਹਨਾਂ ਨਿਆਮਤਾਂ ਨਾਲ ਸਾਨੂੰ ਨਿਵਾਜਿਆ ਹੈ, ਉਹਨਾਂ ਨਿਆਮਤਾਂ ਦਾ ਲੁਤਫ਼ ਕਦੋਂ ਲਵਾਂਗੇ? ਜੇਕਰ ਇਸੇ ਤਰ੍ਹਾਂ ਨਾਸ਼ੁਕਰੇ ਬਣ ਕੇ ਅਸੀਂ ਆਪਣੀ ਜ਼ਿੰਦਗੀ ਜਿਊਂਦੇ ਰਹੇ ਤਾਂ ਫਿਰ ਮਰ ਕੇ ਵੀ ਸੁਰਖੁਰੂ ਕਿਦਾਂ ਹੋਵਾਂਗੇ? ਜੇਕਰ ਇਸੇ ਤਰ੍ਹਾਂ ਦੇ ਜਿਉਂਣ ਨੂੰ ਅਸੀਂ ਜ਼ਿੰਦਗੀ ਸਮਝ ਲਿਆ ਤਾਂ ਫਿਰ ਉਸ ਸੋਹਣੇ ਰੱਬ ਨੂੰ ਕੀ ਮੂੰਹ ਦਿਖਾਵਾਂਗੇ? ਜੇਕਰ ਇਸੇ ਤਰ੍ਹਾਂ ਪਲ ਭਰ ਦੀਆਂ ਖੁਸ਼ੀਆਂ ਨੂੰ ਹਾਸਲ ਨਾ ਕਰਨ ਕਰਕੇ ਅਸੀਂ ਮਾਯੂਸੀ ਦੇ ਆਲਮ ਵਿਚ ਰਹਾਂਗੇ ਤਾਂ ਫਿਰ ਜ਼ਿੰਦਗੀ ਦੀ ਕਦਰ ਨੂੰ ਕਦੋਂ ਜਾਣਾਂਗੇ? ਅਤੇ ਜੇਕਰ ਇਸੇ ਤਰ੍ਹਾਂ ਉਤੇਜਨਾ ਭਰੀ, ਬੇਚੈਨ ਅਤੇ ਬੇਸਕੂਨ ਜ਼ਿੰਦਗੀ ਵਿਚ ਅਸੀਂ ਦਿਲ ਨੂੰ ਸਕੂਨ ਜਾਂ ਰਾਹਤ ਪ੍ਰਦਾਨ ਕਰਨ ਵਾਲੇ ਕੁਝ ਪਲਾਂ ਦੀ ਤਲਾਸ਼ ਨਾ ਕੀਤੀ ਤਾਂ ਤਉਮਰ ਜਮਾਂ-ਘਟਾਉ ਦੇ ਸਮੀਕਰਣਾਂ ਵਿਚ ਅਸੀਂ ਸਭ ਸਦਾ ਉਲਝੇ ਰਹਾਂਗੇ।

ਸੱਚ ਜਾਣਿਓ! ਬੇਸ਼ੱਕ ਕਿਸੇ ਵੀ ਸ਼ਖ਼ਸ ਲਈ ਆਪਣੇ ਜ਼ਮੀਰ ਦੇ ਕਟਹਿਰੇ ਵਿਚ ਖੜ੍ਹੇ ਹੋਕੇ ਆਪਣੀ ਨਫ਼ਸ ਨਾਲ ਲੜਦੇ ਹੋਏ ਆਪਣੇ ਅੰਦਰੋਂ ਆਪਣੇ-ਆਪ ਨੂੰ ਤਲਾਸ਼ ਕਰਨ ਦਾ ਸਫ਼ਰ ਬੇਹੱਦ ਦੁਸ਼ਵਾਰ, ਤ਼ਵੀਲ ਅਤੇ ਤਕਲੀਫ਼ਦੇਹ ਹੁੰਦਾ ਹੈ, ਲੇਕਿਨ ਆਪਣੀ ਹਵਸ ਦੇ ਗੁਲਾਮ ਲੋਕਾਂ ਲਈ ਇਹ ਸਫ਼ਰ ਤੈਅ ਕਰਨਾ ਹੋਰ ਵੀ ਮੁਸ਼ਕਲ ਹੁੰਦਾ ਹੈ। ਯਾਦ ਰਹੇ ਕਿ ਉਸ ਸਮੇਂ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ ਜਦੋਂ ਕਦੇ ਸਾਨੂੰ ਇਹ ਅਹਿਸਾਸ ਹੋਵੇਗਾ ਕਿ ਜ਼ਿੰਦਗੀ ਇਕ ਅਨਮੋਲ ਦਾਤ ਸੀ ਅਤੇ ਅਸੀਂ ਆਪਣੀ ਬੇਸਮਝੀ ਵਿਚ ਇਸ ਨੂੰ ਕੌਡੀਆਂ ਦੇ ਭਾਅ ਅਜਾਈਂ ਗੁਆ ਦਿੱਤਾ। ਲਿਹਾਜ਼ਾ ਵਕਤ ਰਹਿੰਦਿਆਂ ਸਾਨੂੰ ਆਪਣੀ ਜ਼ਿੰਦਗੀ ਨੂੰ ਅਧੂਰੀਆਂ ਖਾਹਿਸ਼ਾਂ ਦੇ ਹੇਰਵੇ ਤੋਂ ਜਲਦ ਤੋਂ ਜਲਦ ਆਜ਼ਾਦ ਕਰਨ ਦਾ ਕੋਈ ਯਤਨ ਕਰਨਾ ਚਾਹੀਦਾ ਹੈ ਅਤੇ ਛੋਟੀਆਂ-ਛੋਟੀਆਂ ਖੁਸ਼ੀਆਂ ਦੀ ਕਦਰ ਪਛਾਣਦੇ ਹੋਏ ਬੰਦ ਗਲੀਆਂ ਤੋਂ ਬਾਹਰ ਆਕੇ ਜ਼ਿੰਦਗੀ ਦਾ ਪੁਰਜੋਸ਼ ਢੰਗ ਨਾਲ ਅਨੰਦ ਮਾਨਣ ਦਾ ਹੁਨਰ ਸਿੱਖਣਾ ਚਾਹੀਦਾ ਹੈ। ਅਸੀਂ ਜੇਕਰ ਹਰ ਮੈਦਾਨ ਫ਼ਤਿਹ ਕਰਕੇ ਵੀ ਖ਼ੁਦ ਨੂੰ ਤਨਹਾ ਜਾਂ ਖਾਲੀ ਹੱਥ ਮਹਿਸੂਸ ਕਰਦੇ ਰਹਾਂਗੇ ਤਾਂ ਸਾਡੇ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਅਸੀਂ ਕਿਤੇ ਸ਼ਾਂਤਚਿੱਤ ਬੈਠ ਕੇ ਆਪਣੀ ਜ਼ਿੰਦਗੀ ਦੀਆਂ ਤਰਜ਼ੀਹਾਂ ਦੀ ਤਰਤੀਬ ਨੂੰ ਇਸ ਤਰ੍ਹਾਂ ਦੁਰਸਤ ਕਰੀਏ ਕਿ ਸਾਡੇ ਲਈ ਆਪਣੇ ਦਿਲ ਦਾ ਸਕੂਨ ਅਤੇ ਰੂਹ ਦਾ ਖੇੜਾ ਸਭ ਤੋਂ ਵੱਧ ਅਹਿਮੀਅਤ ਰੱਖੇ। ਸਾਨੂੰ ਇਸ ਅਹਿਮ ਸਚਾਈ ਨੂੰ ਤਹਿ ਦਿਲੋਂ ਤਸਲੀਮ ਕਰਨਾ ਚਾਹੀਦਾ ਹੈ ਕਿ ਆਪਣੇ ਹਾਸੇ ਅਤੇ ਦਿਲ ਦਾ ਚੈਨ ਗਵਾ ਕੇ ਕੋਈ ਵੀ ਵਿਅਕਤੀ ਸਫ਼ਲਤਾ ਦੇ ਸਿਖ਼ਰ ਉੱਪਰ ਪਹੁੰਚ ਕੇ ਵੀ ਕਦੇ ਖੁਸ਼ ਨਹੀਂ ਰਹਿ ਸਕਦਾ ਹੈ।

ਸਾਨੂੰ ਇਹ ਨਿਰੰਤਰ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ ਕਿ ਅਸੀਂ ਕਦੇ ਵੀ ਆਪਣੀਆਂ ਖਾਹਿਸ਼ਾਂ ਨੂੰ ਆਪਣੇ ਦਿਲ ਦੇ ਸਕੂਨ ਨਾਲ ਖਿਲਵਾੜ ਕਰਨ ਦੀ ਇਜਾਜ਼ਤ ਨਾ ਦੇਈਏ। ਜੇਕਰ ਅਸੀਂ ਆਪਣੇ ਧੁਰ ਅੰਦਰੋਂ ਖੁਸ਼ ਅਤੇ ਮੁਤਮੀਨ ਨਹੀਂ ਤਾਂ ਫਿਰ ਹੁਣ ਤੱਕ ਦੀਆਂ ਸਾਡੀਆਂ ਸਾਰੀਆਂ ਪ੍ਰਾਪਤੀਆਂ ਅਤੇ ਸਫ਼ਲਤਾਵਾਂ ਬੇਮਾਇਨੇ ਹਨ। ਇਸ ਗੱਲ ਦਾ ਸਾਨੂੰ ਹਮੇਸ਼ਾ ਅਹਿਸਾਸ ਰਹੇ ਕਿ ਸਾਡੀ ਜ਼ਿੰਦਗੀ ਦਾ ਹਰ ਲਮਹਾ ਬੇਸ਼ਕੀਮਤੀ ਹੈ ਅਤੇ ਜੇਕਰ ਹੋ ਸਕੇ ਤਾਂ ਆਪਣੀ ਜ਼ਿੰਦਗੀ ਦੇ ਹਰ ਪਲ ਨੂੰ ਸਾਨੂੰ ਇਸ ਤਰ੍ਹਾਂ ਜਿਊਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਪਰਵਦਗਾਰ ਨੇ ਜਿਹਨਾਂ ਖੁਸ਼ੀਆਂ, ਨਿਆਮਤਾਂ ਅਤੇ ਬਰਕਤਾਂ ਨਾਲ ਸਾਨੂੰ ਨਿਵਾਜਿਆ ਹੈ ਅਸੀਂ ਉਹਨਾਂ ਬਰਕਤਾਂ ਲਈ ਆਪਣੇ ਸੋਹਣੇ ਰੱਬ ਦਾ ਸ਼ੁਕਰ ਮਨਾਉਂਦੇ ਹੋਏ ਉਹਨਾਂ ਖੁਸ਼ੀਆਂ ਦਾ ਭਰਪੂਰ ਸਵਾਗਤ ਕਰਦੇ ਹੋਏ ਅਨੰਦ ਮਾਣੀਏ ਅਤੇ ਸਾਡੀਆਂ ਜਿਹੜੀਆਂ ਖਾਹਿਸ਼ਾਂ ਅਜੇ ਤੱਕ ਪੂਰੀਆਂ ਨਹੀਂ ਹੋਈਆਂ ਉਹਨਾਂ ਦੀ ਵਜ੍ਹਾ ਕਰਕੇ ਕਦੇ ਵੀ ਮਾਯੂਸ ਜਾਂ ਪ੍ਰੇਸ਼ਾਨ ਨਾ ਹੋਈਏ ਅਤੇ ਨਾ ਹੀ ਆਪਣੇ ਕਿਸੇ ਅਧੂਰੇਪਣ ਦੀ ਵਜ੍ਹਾ ਕਰਕੇ ਅਹਿਸਾਸ-ਏ-ਕਮਤਰੀ ਨੂੰ ਆਪਣੇ ਉੱਪਰ ਭਾਰੂ ਹੋਣ ਦੇਈਏ। ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਜਾਂ ਸਭ ਤੋਂ ਵੱਡਾ ਪੁਰਸਕਾਰ ਇਹ ਹੀ ਹੈ ਕਿ ਅਸੀਂ ਸਿਰਜਣਾਤਮਕ ਜਾਂ ਰਚਨਾਤਮਕ ਅਤੇ ਸਾਕਾਰਾਤਮਕ ਨੁਕਤਾ-ਏ-ਨਜ਼ਰ ਰੱਖਦੇ ਹੋਏ ਇਕ ਪੁਰਸਕੂਨ ਜ਼ਿੰਦਗੀ ਗੁਜ਼ਾਰਨ ਦਾ ਹੁਨਰ ਸਿੱਖੀਏ ਅਤੇ ਹਵਸ ਦੀ ਭੱਠੀ ਦੇ ਸੇਕ ਤੋਂ ਹਮੇਸ਼ਾ ਦੂਰ ਰਹਿਣ ਵਿਚ ਸਫ਼ਲਤਾ ਹਾਸਲ ਕਰੀਏ ਅਤੇ ਅਸੀਂ ਕਦੇ ਵੀ ਆਪਣੀ ਖਾਲੀ ਝੋਲੀ ਨੂੰ ਦੇਖਕੇ ਆਪਣਾ ਸਹਿਜ ਅਤੇ ਸਕੂਨ ਨਾ ਗਵਾਈਏ। ਉਹ ਨਿਰੰਕਾਰ ਬੜਾ ਬੇਅੰਤ ਹੈ ਵਿਸ਼ਵਾਸ ਰੱਖੋ ਕਿ ਸਹੀ ਸਮਾਂ ਆਉਣ ਉੱਪਰ ਉਹ ਸਾਡੇ ਜਰਫ, ਲੋੜ, ਸੰਘਰਸ਼ ਅਤੇ ਘਾਲਣਾ ਨੂੰ ਦੇਖਦੇ ਹੋਏ ਸਾਨੂੰ ਕਿਸੇ ਸ਼ੈਅ ਦੀ ਤੋਟ ਮਹਿਸੂਸ ਨਹੀਂ ਹੋਣ ਦੇਵੇਗਾ। ਯਾਦ ਰਹੇ ਕਿ ਸਿਦਕ, ਸਬਰ, ਸ਼ੁਕਰ ਅਤੇ ਸਹਿਜ ਦੇ ਰਸਤੇ ਉੱਪਰ ਚਲਣ ਵਾਲੇ ਲੋਕ ਹਰ ਹਾਲ ਵਿਚ ਖ਼ੁਸ਼ ਅਤੇ ਪੁਰਸਕੂਨ ਰਹਿਣ ਦਾ ਹੁਨਰ ਰੱਖਦੇ ਹਨ।

# ਕੀ ਜੇਈਈ ਦੀ ਤਿਆਰੀ 12ਵੀਂ ਜਮਾਤ ਵਿੱਚ ਉੱਚ ਸਕੋਰ ਦੀ ਗਰੰਟੀ ਦੇ ਸਕਦੀ ਹੈ?



ਵਿਜੈ ਗਰਗ

ਸੀਬੀਐਸਈ/ ਆਈਸੀਐਸਈ/ ਸਟੇਟ ਬੋਰਡ ਪ੍ਰੀਖਿਆ ਬਨਾਮ ਜੇਈਈ ਮੇਨਜ਼: ਕੀ ਜੇਈਈ ਦੀ ਤਿਆਰੀ 12ਵੀਂ ਜਮਾਤ ਵਿੱਚ ਉੱਚ ਸਕੋਰ ਦੀ ਗਰੰਟੀ ਦੇ ਸਕਦੀ ਹੈ?

ਸੰਯੁਕਤ ਪ੍ਰਵੇਸ਼ ਪ੍ਰੀਖਿਆ (ਮੇਨ) ਦੀ ਤਿਆਰੀ ਕਰ ਰਹੇ ਉਮੀਦਵਾਰਾਂ ਨੂੰ ਅਕਸਰ ਇਸ ਚੁਣੌਤੀਪੂਰਨ ਸਵਾਲ ਦਾ ਸਾਹ-ਮਣਾ ਕਰਨਾ ਪੈਂਦਾ ਹੈ ਕਿ ਕੀ ਜੇਈਈ ਮੇਨ ਲਈ ਉਨ੍ਹਾਂ ਦੀ ਤਿਆਰੀ ਸੀਬੀਐਸਈ/ਆਈਸੀਐਸਈ/ਸਟੇਟ ਬੋਰਡ ਕਲਾਸ 12 ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਦੀ ਹੈ। ਆਮ ਤੌਰ 'ਤੇ, ਜੇਈਈ ਮੁੱਖ ਸੈਸ਼ਨ ਸੀਬੀਐਸਈ/ਆਈਸੀਐਸਈ/ਸਟੇਟ 12ਵੀਂ ਬੋਰਡ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 2-3 ਹਫ਼ਤੇ ਪਹਿਲਾਂ ਹੁੰਦਾ ਹੈ।

ਬਹੁਤ ਸਾਰੇ ਚਾਹਵਾਨ ਇੰਜੀਨੀਅਰ ਅਤੇ ਆਮ ਲੋਕ ਆਮ ਤੌਰ 'ਤੇ ਇਹ ਮੰਨਦੇ ਹਨ ਕਿ ਜੇਈਈ ਮੇਨ ਦੀ ਤਿਆਰੀ ਵਿਗਿਆਨ ਸਟ੍ਰੀਮ ਲਈ ਸੀਬੀਐਸਈ/ਆਈਸੀਐ-ਸਈ/ਸਟੇਟ 12ਵੀਂ ਬੋਰਡ ਪ੍ਰੀਖਿਆ ਦੇ ਨਤੀਜਿਆਂ 'ਤੇ ਸਕ-'ਰਾਤਮਕ ਪ੍ਰਭਾਵ ਪਾ ਸਕਦੀ ਹੈ। ਹਾਲਾਂਕਿ, ਇਹ ਨਿਰਧਾਰਤ ਕਰਨਾ ਕਿ ਕੀ ਜੇਈਈ ਦੀ ਤਿਆਰੀ ਕਲਾਸ 12 ਸੀਬੀਐਸਈ/ਆਈਸੀਐਸਈ/ਸਟੇਟ ਬੋਰਡ ਪ੍ਰੀਖਿਆ ਵਿੱਚ ਉੱਚ ਸਕੋਰਾਂ ਨੂੰ ਯਕੀਨੀ ਬਣਾ ਸਕਦੀ ਹੈ, ਇੱਕ ਗੁੰਝਲਦਾਰ ਸਵਾਲ ਹੈ ਜਿਸਦਾ ਕੋਈ ਸਧਾਰਨ ਜਵਾਬ ਨਹੀਂ ਹੈ। ਨਤੀਜਾ ਵੱਖ-ਵੱਖ ਕਾਰਕਾਂ 'ਤੇ ਨਿਰਭਰ ਕਰਦਾ ਹੈ:

### ਸਿਲੇਬਸ ਵਿੱਚ ਸਮਾਨਤਾਵਾਂ

ਜੇਈਈ ਮੇਨ ਅਤੇ ਸੀਬੀਐਸਈ/ਰਾਜ/ਆਈ ਸੀਐਸਈ ਕਲਾਸ 12 ਦੋਵਾਂ ਵਿੱਚ ਭੌਤਿਕ ਵਿਗਿਆਨ, ਰਸਾਇਣ ਅਤੇ ਗਣਿਤ ਦੇ ਵਿਸ਼ੇ ਬਹੁਤ ਸਾਰੇ ਸਾਂਝੇ ਵਿਸ਼ੇ ਸਾਂਝੇ ਕਰਦੇ ਹਨ। ਇਸਦਾ ਮਤਲਬ ਹੈ ਕਿ ਜੇਕਰ ਤੁਸੀਂ ਜੇਈਈ ਦੀ ਤਿਆਰੀ 'ਤੇ ਧਿਆਨ ਕੇਂਦਰਿਤ ਕਰਦੇ ਹੋ, ਤਾਂ ਤੁਸੀਂ ਆਪਣੇ ਆਪ ਹੀ ਸੀਬੀਐਸਈ/ਆਈਸੀਐਸਈ/ਸਟੇਟ ਸਿਲੇਬਸ ਦੇ ਚੰਗੇ ਹਿੱਸੇ ਦਾ ਅਧਿਐਨ ਕਰ ਰਹੇ ਹੋਵੋਗੇ। ਹਾਲਾਂਕਿ, ਇਹ ਸਮਝਣਾ ਮਹੱਤਵਪੂਰਨ ਹੈ ਕਿ ਜੇਈਈ ਮੇਨ ਖਾਸ ਸੰਕਲਪਾਂ 'ਤੇ ਵਧੇਰੇ ਵਿਸਥਾਰ ਵਿੱਚ ਜਾਂਦਾ ਹੈ ਅਤੇ ਇਸ ਵਿੱਚ ਵਾਧੂ ਵਿਸ਼ੇ ਸ਼ਾਮਲ ਹੁੰਦੇ ਹਨ ਜੋ ਸੀਬੀਐਸਈ / ਰਾਜ ਦੇ ਸਿਲੇਬਸ ਵਿੱਚ ਨਹੀਂ ਮਿਲਦੇ ਹਨ। ਇਸ ਤੋਂ ਇਲਾਵਾ, ਸੀਬੀਐਸਈ/ਆਈਸੀ ਐਸਈ/ਸਟੇਟ ਬੋਰਡ ਅੰਗਰੇਜ਼ੀ, ਹਿੰਦੀ, ਅਤੇ ਹੋਰ ਚੋਣਵੇਂ ਵਿਸ਼ੇ ਸ਼ਾਮਲ ਕਰਦੇ ਹਨ, ਜੋ ਜੇਈਈ ਨਾਲ ਸੰਬੰਧਿਤ ਨਹੀਂ ਹਨ।

### ਸੀਬੀਐਸਈ/ਆਈਸੀਐਸਈ/ਸਟੇਟ ਬੋਰਡ ਦੇ ਸਕੋਰਾਂ 'ਤੇ ਜੇਈਈ ਦੀ ਤਿਆਰੀ ਦਾ ਪ੍ਰਭਾਵ

ਸਕਾਰਾਤਮਕ ਪ੍ਰਭਾਵ: ਜੇਈਈ ਲਈ ਚੰਗੀ ਤਰ੍ਹਾਂ ਤਿਆਰੀ ਕਰਨਾ ਨਿਸ਼ਚਤ ਤੌਰ 'ਤੇ ਭੌਤਿਕ ਵਿਗਿਆਨ, ਰਸਾਇਣ ਅਤੇ ਗਣਿਤ ਦੀ ਤੁਹਾਡੀ ਸਮਝ ਨੂੰ ਵਧਾ ਸਕਦਾ ਹੈ, ਜਿਸ ਨਾਲ ਤੁਹਾਡੇ ਸੀਬੀਐਸਈ/ਸਟੇਟ/ਆਈਸੀਐਸਈ ਬੋਰਡਾਂ ਦੌਰਾਨ ਇਨ੍ਹਾਂ ਵਿਸ਼ਿਆਂ ਵਿੱਚ ਸੰਭਾਵੀ ਤੌਰ 'ਤੇ ਬਿਹਤਰ ਸਕੋਰ ਹੋ ਸਕਦੇ ਹਨ। ਜੇਈਈ ਦੀ ਤਿਆਰੀ ਵਿੱਚ ਵਰਤੀ ਗਈ ਵਿਹ-ਾਰਕ ਪਹੁੰਚ ਤੁਹਾਡੀ ਸਮੱਸਿਆ ਹੱਲ ਕਰਨ ਦੇ ਹੁਨਰ ਨੂੰ ਵੀ ਮਜ਼ਬੂਤ ਕਰ ਸਕਦੀ ਹੈ, ਜੋ ਕਿ ਸੀਬੀਐਸਈ/ਆਈਸੀ ਐਸਈ/ਸਟੇਟ ਬੋਰਡ ਪ੍ਰੀਖਿਆਵਾਂ ਲਈ ਲਾਭਦਾਇਕ ਹੈ।

ਨਕਾਰਾਤਮਕ ਪ੍ਰਭਾਵ: ਹਾਲਾਂਕਿ, ਸਿਰਫ਼ ਜੇਈਈ ਦੀ ਤਿਆਰੀ 'ਤੇ ਧਿਆਨ ਕੇਂਦਰਿਤ ਕਰਨ ਦੇ ਨਤੀਜੇ ਵਜੋਂ ਤੁਹਾਡੇ ਸੀਬੀਐਸਈ/ਆਈਸੀਐਸਈ/ਸਟੇਟ ਬੋਰਡਾਂ ਵਿੱਚ ਹੋਰ ਵਿਸ਼ਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ, ਸੰਭਾਵੀ ਤੌਰ 'ਤੇ ਤੁਹਾਡੇ ਸਮੁੱਚੇ ਸਕੋਰ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਨਾਲ ਹੀ, ਜੇਈਈ ਦੀ ਤਿਆਰੀ ਦੀ ਤੇਜ਼ ਰਫ਼ਤਾਰ ਅਤੇ ਪ੍ਰਤੀਯੋਗੀ ਪ੍ਰਕਿਰਤੀ ਸੀਬੀਐਸਈ/ਆਈਸੀਐਸਈ/ਸਟੇਟ ਬੋਰਡ ਪ੍ਰੀਖਿਆਵਾਂ ਦੇ ਵਿਆਪਕ ਸੰਦਰਭ ਦੇ ਅਨੁਕੂਲ ਨਹੀਂ ਹੋ ਸਕਦੀ।

### ਵਿਚਾਰਨ ਲਈ ਕਾਰਕ

ਵਿਅਕਤੀਗਤ ਸਿੱਖਣ ਦੀ ਸ਼ੈਲੀ: ਕੁਝ ਵਿਦਿਆਰਥੀ ਤਣਾਅਪੂਰਨ ਅਤੇ ਮੁਕਾਬਲੇ ਵਾਲੀਆਂ ਸਥਿਤੀਆਂ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹਨ, ਜਦੋਂ ਕਿ ਦੂਸਰੇ ਇੱਕ ਵਧੇਰੇ ਢਾਂਚਾਗਤ ਅਤੇ ਚੰਗੀ-ਸੰਤੁਲਿਤ ਪਹੁੰਚ ਨੂੰ ਤਰਜੀਹ ਦਿੰਦੇ ਹਨ। ਸਿੱਖਣ ਦੀਆਂ ਸ਼ੈਲੀਆਂ ਵਿੱਚ ਵਿਭਿੰਨਤਾ ਇਸ ਗੱਲ ਨੂੰ ਪ੍ਰਭਾਵਤ ਕਰ ਸਕਦੀ ਹੈ ਕਿ ਸੰਯੁਕਤ ਪ੍ਰਵੇਸ਼ ਪ੍ਰੀਖਿਆ (ਜੇਈਈ) ਦੀ ਤਿਆਰੀ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐਸਈ/ਆਈਸੀਐਸਈ/ਸਟੇਟ ਬੋਰਡ) ਦੇ ਸਕੋਰਾਂ ਨਾਲ ਕਿੰਨੀ ਪ੍ਰਭਾਵਸ਼ਾਲੀ ਢੰਗ ਨਾਲ ਮੇਲ ਖਾਂਦੀ ਹੈ।

ਪ੍ਰੀਖਿਆ ਰਣਨੀਤੀ: ਜਦੋਂ ਸੰਯੁਕਤ ਦਾਖਲਾ ਪ੍ਰੀਖਿਆ (ਜੇਈਈ) ਦੀ ਗੱਲ ਆਉਂਦੀ ਹੈ, ਤਾਂ ਆਪਣੇ ਗਿਆਨ ਨੂੰ ਤੇਜ਼ੀ ਨਾਲ ਲਾਗੂ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਮਹੱਤਵਪੂਰਨ ਹੁੰਦਾ ਹੈ। ਇਸਦੇ ਉਲਟ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ (ਸੀਬੀਐਸਈ/ਆਈਸੀਐਸਈ/ਸਟੇਟ ) ਬੋਰਡ ਪ੍ਰੀਖਿਆਵਾਂ ਲਈ ਸਾਰੇ ਵਿਸ਼ਿਆਂ ਦੀ ਡੂੰਘੀ ਸਮਝ ਅਤੇ ਤੁਹਾਡੇ ਸਮੇਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਦੀ ਯੋਗਤਾ ਦੀ ਲੋੜ ਹੁੰਦੀ ਹੈ।

ਸਮਾਂ ਪ੍ਰਬੰਧਨ: ਦੋਵਾਂ ਪ੍ਰੀਖਿਆਵਾਂ ਲਈ ਤਿਆਰ

(ਬਾਕੀ ਅਗਲੇ ਸਫੇ 'ਤੇ)

# ਵਿਕਦਾ ਜਾ ਰਿਹਾ ਹੈ ਪੰਜਾਬ



ਗੁਰਮੀਤ ਪਲਾਹੀ
91-98158-02070

ਪੰਜਾਬ 'ਚ ਇੱਕ ਮੰਗ ਉੱਠਣ ਲੱਗੀ ਹੈ ਕਿ ਪੰਜਾਬ ਵਿੱਚ ਵੀ ਇੱਕ ਕਾਨੂੰਨ ਬਨਣਾ ਚਾਹੀਦਾ ਹੈ ਕਿ ਕੋਈ ਵੀ ਬਾਹਰਲਾ ਵਿਅਕਤੀ (ਪੰਜਾਬੀਆਂ ਤੋਂ ਬਿਨ੍ਹਾਂ) ਪੰਜਾਬ ਵਿੱਚ ਜ਼ਮੀਨ ਜਾਂ ਜਾਇਦਾਦ ਨਹੀਂ ਖਰੀਦ ਸਕਦਾ। ਇਹ ਚਰਚਾ ਵੀ ਜੋਰ ਫੜ ਰਹੀ ਹੈ ਕਿ ਪੰਜਾਬ ਤੋਂ ਬਾਹਰਲੇ ਵਿਅਕਤੀ ਪੰਜਾਬ ਵਿੱਚ ਆਉਣ, ਕੋਈ ਕਿੱਤਾ ਕਰਨ, ਧੰਨ ਕਮਾਉਣ, ਪਰ ਜ਼ਮੀਨ-ਜਾਇਦਾਦ ਨਾ ਖਰੀਦਣ।

ਵਿਚਾਰ ਇਹ ਵੀ ਪਲਪ ਰਿਹਾ ਹੈ ਕਿ ਪੰਜਾਬ ਨੂੰ ਬਾਹਰਲੇ ਸੂਬਿਆਂ ਦੇ ਲੋਕਾਂ ਨੂੰ ਇਥੇ ਵਸਾਕੇ ਪੰਜਾਬ ਦੀ ਦਿੱਖ, ਪੰਜਾਬ ਦੀ ਬੋਲੀ, ਪੰਜਾਬ ਦਾ ਸਭਿਆਚਾਰ ਨੂੰ ਰੰਗੋਂ ਬੇਰੰਗ ਕੀਤਾ ਜਾ ਰਿਹਾ ਹੈ। ਪੰਜਾਬ ਨੂੰ ਹਥਿਆਇਆ ਜਾ ਰਿਹਾ ਹੈ। ਪੰਜਾਬ ਨੂੰ ਕਾਬੂ ਕਰਨ ਲਈ ਕੀਤੇ ਪਹਿਲੇ ਯਤਨ ਕਿਉਂਕਿ ਸਫ਼ਲ ਨਹੀਂ ਹੋ ਸਕੇ, ਇਸ ਕਰਕੇ ਨਿੱਤ ਨਵੇਂ ਹੱਥ ਕੰਡੇ ਅਪਨਾਕੇ ਪੰਜਾਬ ਨੂੰ ਆਪਣੇ ਪਾਲੇ 'ਚ ਲਿਆਉਣ ਦਾ ਯਤਨ ਹੋ ਰਿਹਾ ਹੈ।

ਇਸ ਵੇਲੇ ਭਾਰਤ 'ਚ ਬਹੁ-ਸਭਿਆਚਾਰੀ ਅਤੇ ਬਹੁ-ਕੌਮੀ ਸੰਸਕ੍ਰਿਤੀ ਹੈ। ਮੌਜੂਦਾ ਹਾਕਮਾਂ ਵਲੋਂ ਇਸਨੂੰ ਇੱਕ ਦੇਸ਼, ਇੱਕ ਰਾਸ਼ਟਰ 'ਚ ਤਬਦੀਲ ਕਰਨ ਦੇ ਯਤਨ ਹੋ ਰਹੇ ਹਨ। ਪੰਜਾਬ ਕੋਲ ਕੋਈ ਕੁਦਰਤੀ ਸਾਧਨ ਨਹੀਂ ਹੈ, ਬੰਦਰਗਾਹ ਨਹੀਂ ਹੈ, ਜੋ ਕਿ ਅੱਜ ਦੇ ਸਮੇਂ ਵਿੱਚ ਵਪਾਰ ਤੇ ਉਦਯੋਗੀਕਰਨ ਦੀ ਪਹਿਲੀ ਲੋੜ ਹੈ। ਲੋੜ ਤਾਂ ਇਸ ਗੱਲ ਦੀ ਸੀ ਕਿ ਪੰਜਾਬ ਵਿੱਚ ਚੰਗਾ ਮਾਹੌਲ ਸਥਾਪਿਤ ਕਰਨ ਲਈ ਅਤੇ ਆਰਥਿਕ ਮਜ਼ਬੂਤੀ ਲਈ ਗੁਆਂਢੀ ਦੇਸ਼ ਪਾਕਿਸਤਾਨ ਨਾਲ ਚੰਗਾ ਮਾਹੌਲ ਪੈਦਾ ਕਰਕੇ ਵਪਾਰ ਦੀ ਸਾਂਝ ਵਿਕਸਤ ਕੀਤੀ ਜਾਵੇ, ਪਰ 1947, ਫਿਰ 1965 ਦੀ ਜੰਗ, ਕਾਰਗਿਲ ਦੀ ਜੰਗ, ਜੋ ਦੇਸ਼ ਦੀਆਂ ਵੋਟਾਂ ਹਥਿਆਉਣ ਲਈ ਹਾਕਮਾਂ ਵਲੋਂ ਦੇਸ਼ ਤੇ ਮੜੀ ਗਈ, ਉਸਨੇ ਪੰਜਾਬ ਦਾ ਅਰਥਚਾਰਾ, ਪੰਜਾਬ ਦਾ ਸਮਾਜਿਕ ਤਾਣਾ-ਬਾਣਾ ਇੰਨਾ ਵਿਖਰਾਅ ਦਿੱਤਾ ਹੈ ਕਿ ਪੰਜਾਬ ਜਿਹੜਾ ਕਦੇ ਦੇਸ਼ ਦਾ ਮੋਹਰੀ ਸੂਬਾ ਸੀ, ਉਹ ਹੁਣ ਤਰੱਕੀ ਅਤੇ ਵਿਕਾਸ ਦੇ ਮਾਮਲਿਆਂ 'ਚ ਪਹਿਲੇ ਦਸਾਂ ਸੂਬਿਆਂ 'ਚ ਵੀ ਸ਼ਾਮਲ ਨਹੀਂ ਰਿਹਾ।

ਸਵਾਲ ਇਹ ਵੀ ਉੱਠ ਰਿਹਾ ਹੈ ਕਿ ਪੰਜਾਬ ਦੇ ਵਾਹੀ ਯੋਗ ਖੇਤ ਘਟਦੇ ਜਾ ਰਹੇ ਹਨ। ਪੰਜਾਬ ਦੇ ਹਰ ਪਾਸੇ, ਦੁਆਬੇ, ਮਾਲਵੇ, ਮਾਝੇ 'ਚ ਪੰਜਾਬ ਦੇ ਹਰ ਪਾਸੇ, ਵੱਡੀਆਂ, ਚੌੜੀਆਂ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਖੇਤਾਂ ਦਾ ਸੀਨਾ ਵਿੰਨਿਆ ਜਾ ਰਿਹਾ ਹੈ। ਰਾਸ਼ਟਰੀ, ਸੂਬਾ ਹਾਈਵੇ ਵਾਹੀਯੋਗ ਜ਼ਮੀਨ ਨੱਪ ਰਹੇ ਹਨ। ਇਸਦਾ ਫਾਇਦਾ ਕਿਸਨੂੰ ਹੋਵੇਗਾ? ਪੰਜਾਬ ਨੂੰ? ਖੇਤੀ ਅਧਾਰਤ ਸੂਬੇ 'ਚ ਕਿਸਾਨਾਂ ਦੀ ਗਿਣਤੀ ਅਤੇ ਖੇਤਾਂ ਦੀ ਗਿਣਤੀ ਨਿੱਤ-ਦਿਹਾੜੇ ਊਣੀ ਹੋ ਰਹੀ ਹੈ। ਇਹੋ ਜਿਹੇ 'ਚ ਪੰਜਾਬ ਕਿਵੇਂ ਜੀਵੇਗਾ ਕਿਵੇਂ ਬਚੇਗਾ?

ਇਹ ਸੱਚ ਹੈ ਕਿ ਪੰਜ ਦਰਿਆਵਾਂ ਦੀ ਧਰਤੀ, ਢਾਈ ਦਰਿਆਵਾਂ ਤੱਕ ਸੀਮਤ ਹੋ ਚੁੱਕੀ ਹੈ। ਖੇਤੀ ਲਈ ਧਰਤੀ ਹੇਠਲਾ ਪਾਣੀ ਵੱਧ ਵਰਤੇ ਜਾਣ ਕਾਰਨ, ਸੂਬੇ ਦੇ 135 ਬਲਾਕਾਂ ਵਿਚੋਂ 127 ਬਲਾਕਾਂ 'ਚ ਪਾਣੀ ਹਰ ਵਰ੍ਹੇ ਨੀਵਾਂ ਉਤਰਨ ਕਾਰਨ, ਧਰਤੀ ਹੇਠੋਂ ਪਾਣੀ ਮੁੱਕਣ ਦੀ ਚਿਤਾਵਨੀ ਮਿਲ ਰਹੀ ਹੈ। ਇਹੋ ਜਿਹੀ ਸਥਿਤੀ 'ਚ ਜ਼ਰਖੇਜ਼ ਪੰਜਾਬ ਦੀ ਧਰਤੀ ਕੀ ਮਾਰੂਥਲ ਨਹੀਂ ਬਣ ਜਾਏਗੀ? ਬਿਲਕੁਲ ਇਹੋ ਜਿਹੇ ਸੰਕੇਤ ਪੰਜਾਬ ਦੀ ਆਬਾਦੀ 'ਚੋਂ ਨਿਕਾਸ ਹੋਣ ਅਤੇ ਨੌਜਵਾਨਾਂ ਦੇ ਪ੍ਰਵਾਸ ਦੇ ਮਿਲ ਰਹੇ ਹਨ। ਇਹ ਪ੍ਰਵਾਸ "ਮਨ ਭਾਉਂਦਾ" ਨਹੀਂ ਮਜ਼ਬੂਰੀ ਵੱਸ ਪ੍ਰਵਾਸ ਹੈ। ਸੂਬੇ 'ਚ ਨੌਕਰੀ ਨਹੀਂ, ਸੂਬੇ 'ਚ ਚੈਨ ਨਹੀਂ, ਸੂਬੇ 'ਚ ਸ਼ਾਂਤੀ ਨਹੀਂ, ਸੂਬੇ 'ਚ ਮਾਪਿਆਂ ਦੀ ਬੇਚੈਨੀ ਹੈ, ਨਸ਼ਾ ਅੰਤਾਂ ਦੇ ਪੈਰ ਪਸਾਰ ਬੈਠਾ ਹੈ, ਮਾਪੇ, ਆਪਣੇ ਖੇਤ, ਲਾਡਲੇ ਪੁੱਤਾਂ, ਧੀਆਂ ਖਾਤਰ ਵੇਚਣ ਲਈ ਮਜ਼ਬੂਰ ਹੋਏ ਪਏ ਹਨ। ਲੱਖਾਂ ਦਾ ਕਰਜ਼ਾ ਲੈਕੇ ਅਣਦਿਸਦੇ ਰਾਹਾਂ ਉਤੇ ਬੱਚਿਆਂ ਨੂੰ ਤੋਰਨ ਲਈ ਉਹ ਮਜ਼ਬੂਰ ਹਨ।

ਪੰਜਾਬ ਦੇ ਪਿੰਡਾਂ ਦਾ ਦ੍ਰਿਸ਼ ਵੇਖੋ। ਘਰਾਂ ਦੇ ਘਰ ਖਾਲੀ ਪਏ ਹਨ। ਮਕਾਨਾਂ ਨੂੰ ਜਿੰਦਰੇ ਲੱਗੇ ਹੋਏ ਹਨ। ਆਲੀਸ਼ਾਨ ਕੋਠੀਆਂ ਕਿਸੇ ਦੂਸਰੇ, ਅਜ਼ਨਬੀ ਦੇ ਹਵਾਲੇ ਕੀਤੀਆਂ ਪਈਆਂ ਹਨ। ਜ਼ਮੀਨਾਂ, ਕਿਰਾਏ 'ਤੇ ਚੜ੍ਹਾਕੇ, ਪੰਜਾਬ ਦੇ ਵਾਸੀ, ਖੇਤਾਂ ਦੇ ਮਾਲਕ ਆਪ ਕਿਰਤ ਕਰਦੇ ਵਿਦੇਸ਼ਾਂ 'ਚ ਬੈਠੇ ਹਨ। ਦੇਰ-ਸਵੇਰ ਉਹਨਾ ਦੇ ਮੁੜ ਪਰਤਣ ਦੀ ਉਮੀਦ ਬਹੁਤੀ ਨਹੀਂ, ਉਹਨਾ ਦੀ ਔਲਾਦ ਤਾਂ ਪੰਜਾਬ ਵੱਲ ਵੇਖਣ ਲਈ ਵੀ ਤਿਆਰ ਨਹੀਂ।

ਇਹੋ ਜਿਹੀਆਂ ਹਾਲਤਾਂ ਵਿੱਚ ਸੂਬੇ ਪੰਜਾਬ ਦੇ



ਹਾਲਾਤ ਕਿਹੋ ਜਿਹੇ ਹਨ। ਸੂਬੇ ਦਾ ਹਰ ਵਿਅਕਤੀ ਕਰਜ਼ਾਈ ਹੈ। ਕਿਸੇ ਨੇ ਆੜ੍ਹਤੀਆਂ ਤੋਂ, ਕਿਸੇ ਨੇ ਬੈਂਕਾਂ ਤੋਂ ਲਿਮਟ ਬਣਾਕੇ ਕਰਜ਼ਾ ਲਿਆ ਹੋਇਆ ਹੈ ਅਤੇ ਕਰਜ਼ਾ ਲੈ ਕੇ ਖੇਤੀ ਕਰਨ ਲਈ ਕਿਸਾਨ ਮਜ਼ਬੂਰ ਹਨ। ਨਰੇਗਾ ਕਾਮਿਆਂ ਨੂੰ ਸਾਲ 'ਚ ਮਸਾਂ 100 ਦਿਨ ਦਾ ਰੁਜ਼ਗਾਰ ਮਿਲਦਾ ਹੈ। ਖੇਤ ਮਜ਼ਦੂਰ ਲੰਮਾ ਸਮਾਂ ਕਿਸਾਨਾਂ ਦੇ ਨਾਲ-ਨਾਲ ਵਿਹਲੇ ਰਹਿੰਦੇ ਹਨ। ਕਰਜ਼ਦਾਰ ਹਨ। ਸਿਤਮ ਦੀ ਗੱਲ ਵੇਖੋ ਕਿ ਪੂਰੇ ਦੇਸ਼ ਦਾ ਅੰਨ ਭੰਡਾਰ ਭਰਨ ਵਾਲੇ ਪੰਜਾਬ ਦੀ 50 ਫੀਸਦੀ ਆਬਾਦੀ ਮੁਫ਼ਤ ਰਾਸ਼ਨ ਲੈਣ ਲਈ ਮਜ਼ਬੂਰ ਹੈ। ਸੂਬੇ ਸਿਰ ਇਸ ਵੇਲੇ 3।27 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਜਦੋਂ ਸੂਬਾ ਸਰਕਾਰ ਕੋਲ ਆਮਦਨ ਦੇ ਲੋੜੀਂਦੇ ਸਾਧਨ ਹੀ ਨਹੀਂ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਗੈਂਗਸਟਰ ਤੇ ਮਾਫੀਆ ਸੂਬੇ 'ਚ ਆਮ ਹੈ ਤਾਂ ਫਿਰ ਲੋਕਾਂ ਦਾ ਆਮ ਜੀਵਨ ਕਿਵੇਂ ਸੁਖਾਵਾਂ ਹੋਏਗਾ?

ਹਰ ਸੂਬੇ ਜਾਂ ਦੇਸ਼ ਦੇ ਵਿਕਾਸ ਲਈ ਉਥੇ ਸਿੱਖਿਆ ਅਤੇ ਸਿਹਤ ਸੇਵਾਵਾਂ ਚੰਗੀਆਂ ਹੋਣੀਆਂ ਲੋੜੀਂਦੀਆਂ ਹਨ। ਪੰਜਾਬ 'ਚ ਨਿੱਤ ਨਵੇਂ ਪ੍ਰਾਜੈਕਟ ਆ ਰਹੇ ਹਨ। 2024-25 ਦੇ ਸੈਸ਼ਨ 'ਚ ਸਰਕਾਰ ਵੋਕੇਸ਼ਨਲ ਐਜੂਕੇਸ਼ਨ ਦੇ ਨਾਅ ਉਤੇ 40 ਸਕੂਲਾਂ 'ਚ ਪਾਇਲਟ ਪ੍ਰਾਜੈਕਟ ਲਿਆ ਰਹੀ ਹੈ। ਤਾਂ ਕਿ ਹੱਥੀਂ ਕਿੱਤਾ ਸਿਖਾਕੇ ਵਿਦਿਆਰਥੀ ਰੁਜ਼ਗਾਰਤ ਹੋ ਸਕਣ। ਪਰ ਪੰਜਾਬ ਦੇ ਸਿੱਖਿਆ ਪ੍ਰਬੰਧ ਤੇ ਹਾਲਾਤ ਬਾਰੇ ਇੱਕ ਰਿਪੋਰਟ ਛਪੀ ਹੈ, ਜਿਸ ਵਿੱਚ ਪੰਜਾਬ ਦੇ 11000 ਬੱਚਿਆਂ ਦਾ ਮੁਲਾਂਕਣ ਕੀਤਾ ਗਿਆ। ਇਹਨਾ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ 'ਚੋਂ 39 ਫੀਸਦੀ ਹੀ ਪੰਜਾਬੀ 'ਚ ਲਿਖੀ ਕਹਾਣੀ ਪੜ੍ਹ ਪਾਉਂਦੇ ਹਨ। 4 ਫੀਸਦੀ ਨੂੰ ਅੱਖਰਾਂ ਦੀ ਪਹਿਚਾਣ ਨਹੀਂ। ਦੋ ਫੀਸਦੀ ਬੱਚੇ ਗਣਿਤ ਦੇ ਬਾਰੇ ਹੀ ਨਹੀਂ ਜਾਣਦੇ। ਇਸ ਤੋਂ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ 'ਚ 13 ਫੀਸਦੀ ਸਕੂਲ ਇਹੋ ਜਿਹੇ ਹਨ ਜਿਥੇ ਪ੍ਰਾਇਮਰੀ ਸਕੂਲ 'ਚ ਪੜ੍ਹਨ ਵਾਲੇ ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਲਈ ਇੱਕ ਅਧਿਆਪਕ ਹੈ। ਇਹ ਸਥਿਤੀ ਕੀ "ਤਰੱਕੀ ਕਰ ਚੁੱਕੇ" ਪੰਜਾਬ ਦੀ ਸਥਿਤੀ ਨਹੀਂ ਬਿਆਨਦੀ?

ਅਸਲ 'ਚ ਪੰਜਾਬ ਨੂੰ ਸਿਰਫ ਆਰਥਿਕ ਮਰੋੜਾ ਹੀ ਨਹੀਂ ਚਾੜ੍ਹਿਆ ਗਿਆ, ਇਸਦੇ ਵਸ਼ਿੰਦਿਆਂ ਦੀ ਸਿਹਤ ਨਾਲ ਖਿਲਵਾੜ ਕਰਨ ਲਈ ਨਸ਼ਿਆਂ ਦੇ ਦਰਿਆ ਵਹਾਅ ਦਿੱਤੇ ਗਏ। ਸਿੱਖਿਆ ਤੋਂ ਵਿਰਵੇ ਰੱਖਣ ਲਈ ਸਕੂਲਾਂ 'ਚ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਵੀ ਮੁਹੱਈਆ ਨਹੀਂ ਹੋਈਆਂ। ਸਿੱਟਾ ਨੌਜਵਾਨਾਂ 'ਚ ਵਧ ਰਹੀ ਸਿਹਤ ਤੇ ਸਿੱਖਿਆ ਪੱਖੋ ਘਾਟ ਸੂਬੇ ਦੇ ਨਿਘਰ ਦਾ ਕਾਰਨ ਬਣਦੀ ਗਈ ਹੈ।

ਜ਼ਰਾ ਸੋਚੋ, ਜਦੋਂ ਪੰਜਾਬ ਆਰਥਿਕ ਤੌਰ 'ਤੇ ਕਮਜ਼ੋਰ ਹੋ ਰਿਹਾ ਹੈ। ਕਰਜ਼ੇ ਨਾਲ ਪਰੁੰਨਿਆ ਗਿਆ ਹੈ। ਪ੍ਰਵਾਸ ਦੇ ਰਸਤੇ ਪਾ ਦਿੱਤਾ ਗਿਆ ਹੈ ਤੇ ਇਥੋਂ ਦੇ ਵਸ਼ਿੰਦਿਆਂ ਦੀ ਜ਼ਮੀਨ ਬੈਂਕਾਂ ਦੀਆਂ ਲਿਮਟਾਂ ਦੇ ਹਵਾਲੇ ਪਈ ਹੈ ਤਾਂ ਦੇਰ ਨਹੀਂ ਤਾਂ ਸਵੇਰ ਕੀ ਇਹ ਹਥਿਆ ਨਹੀਂ ਲਈ ਜਾਏਗੀ?

ਇਸ ਸਥਿਤੀ ਤੇ ਕਾਬੂ ਪਾਉਣ ਲਈ ਖੇਤੀ ਅਧਾਰਤ ਫੂਡ ਪ੍ਰੋਸੈਸਿੰਗ ਛੋਟੇ ਉਦਯੋਗ, ਲਘੂ ਉਦਯੋਗ ਲਾਉਣ ਦੀ ਲੋੜ ਸੀ। ਪਰ ਪੰਜਾਬ ਦੇ ਸਿਆਸਤਦਾਨਾਂ, ਨੀਤੀਵਾਨਾਂ ਨੂੰ ਤਾਂ ਆਪਣੀ ਕੁਰਸੀ ਬਚਾਉਣ ਅਤੇ ਕੁਰਸੀ ਖੋਹਣ ਤੋਂ ਹੀ ਵਿਹਲ ਨਹੀਂ ਮਿਲੀ। ਕਿੰਨੇ ਕੁ ਨੇਤਾ ਨੇ, ਪੰਜਾਬ 'ਚ , ਜਿਹੜੇ ਸਿਰਫ਼ ਪੰਜਾਬ ਦੇ ਭਲੇ ਹਿੱਤ, ਵਿਕਦੇ ਜਾ ਰਹੇ ਕਰਜ਼ਾਈ ਪੰਜਾਬ ਨੂੰ, ਥਾਂ ਸਿਰ ਕਰਨ ਲਈ ਫਿਕਰਮੰਦ ਹਨ। ਪੰਜਾਬ ਹਿਤੈਸ਼ੀ ਕਿੰਨੇ ਕੁ ਬੁਧੀਜੀਵੀ ਹਨ, ਲੇਖਕ ਹਨ, ਚਿੰਤਕ ਹਨ, ਸਮਾਜੀ ਕਾਰਕੁੰਨ ਹਨ ਜਿਹੜੇ ਤਿਲ-ਤਿਲ ਮਰਦੇ ਜਾ ਰਹੇ, ਪੰਜਾਬ ਨੂੰ ਥਾਂ ਸਿਰ ਕਰਨ ਲਈ ਤਤਪਰ ਹਨ ਜਾਂ ਅੱਗੇ ਆ ਰਹੇ ਹਨ। ਮਾਯੂਸੀ ਹੁੰਦੀ ਹੈ ਉਦੋਂ ਜਦੋਂ ਕੋਈ ਪੰਜਾਬ 'ਚ ਹਾਅ ਦਾ ਨਾਹਰਾ ਜੇਕਰ ਕੋਈ ਮਾਰਦਾ ਹੈ, ਪਰ ਦੂਜੇ ਉਸਨੂੰ ਸਹੀ ਸਮਝਦਿਆਂ ਵੀ ਇੱਕ ਪਲੇਟਫਾਰਮ ਤੇ ਇਕੱਠੇ ਨਹੀਂ ਹੋ ਰਹੇ।

ਅੱਜ ਦਸ ਖੇਤਾਂ ਦਾ ਮਾਲਕ ਵੀ ਪੰਜਾਬ 'ਚ ਕੰਗਾਲ ਹੈ। ਅੱਜ ਮਜ਼ਦੂਰ ਵੀ ਸਹੀ ਉਜਰਤ ਪ੍ਰਾਪਤ ਨਹੀਂ ਕਰਦਾ। ਅੱਜ ਪੰਜਾਬ ਦੇ ਮੱਧ ਵਰਗੀ ਪਰਿਵਾਰ ਵੀ ਕਰਜ਼ੇ ਹੇਠ ਜੀਊ ਰਹੇ ਹਨ। ਅੰਕੜੇ ਵੱਡੇ ਹਨ।

ਸਰਕਾਰੀ ਅੰਕੜੇ ਤਾਂ ਕਹਿੰਦੇ ਹਨ ਕਿ ਪੰਜਾਬ ਦਾ ਕਿਸਾਨ ਮੁਫ਼ਤ ਬਿਜਲੀ ਲੈ ਰਿਹਾ ਹੈ। ਸਬਸਿਡੀ ਲੈ ਰਿਹਾ ਹੈ ਖਾਦਾਂ ਤੇ ਬੀਜਾਂ 'ਤੇ। ਅਤੇ ਖੁਸ਼ਹਾਲ ਹੈ। ਤਾਂ ਫਿਰ ਉਹ ਸ਼ਤੀਰਾਂ ਨੂੰ ਜੱਫੇ ਕਿਉਂ ਪਾ ਰਿਹਾ। ਸੂਬੇ ਦੇ 90 ਫੀਸਦੀ ਛੋਟੇ ਕਿਸਾਨ ਕਰਜ਼ਾਈ ਹਨ।

ਬੇਰੁਜ਼ਗਾਰੀ ਦੇ ਸਤਾਏ, ਮੱਧ ਵਰਗੀ ਲੋਕ ਪ੍ਰੇਸ਼ਾਨ ਹਨ। ਉਨੀ ਆਮਦਨ ਨਹੀਂ, ਜਿੰਨਾ ਖ਼ਰਚ ਹੈ। ਤੰਗੀਆਂ ਤੁਰਸ਼ੀਆਂ ਕਾਰਨ, ਹੋਰ ਕੁਝ ਸੋਚਣ ਤੋਂ ਬਿਨ੍ਹਾਂ ਬੱਸ ਰੋਟੀ ਟੁੱਕ ਦੇ ਜੁਗਾੜ 'ਚ ਹਨ।

ਪੰਜਾਬ ਖੁਰ ਰਿਹਾ ਹੈ। ਨੈਤਿਕ ਤੌਰ 'ਤੇ ਕਮਜ਼ੋਰ ਹੋ ਰਿਹਾ ਹੈ। ਪੰਜਾਬ ਦਾ ਬਰੇਨ, ਪ੍ਰਵਾਸ ਕਾਰਨ ਡਰੇਨ ਹੋ ਰਿਹਾ ਹੈ। ਆਉਣ ਵਾਲੇ ਸਮੇਂ 'ਚ ਖੇਤੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਨਹੀਂ ਰਹੇਗੀ। ਪਾਣੀ ਨਹੀਂ ਹੋਵੇਗਾ ਤਾਂ ਖੇਤੀ ਕਿਥੋਂ ਹੋਵੇਗੀ? ਪੰਜਾਬ ਦੀ 75 ਫੀਸਦੀ ਆਬਾਦੀ ਖੇਤੀ ਅਧਾਰਤ ਹੈ। ਸੂਬਾ ਪੰਜਾਬ ਦੇਸ਼ ਦੀਆਂ 35 ਤੋਂ 40 ਫੀਸਦੀ ਚਾਵਲ ਦੀਆਂ ਲੋੜਾਂ ਅਤੇ 40 ਤੋਂ 75 ਫੀਸਦੀ ਕਣਕ ਦੀਆਂ ਲੋੜਾਂ ਪਿਛਲੇ ਦੋ ਦਹਾਕਿਆਂ ਤੋਂ ਵੀ ਵਧ ਸਮੇਂ ਤੋਂ ਪੂਰਿਆ ਕਰ ਰਿਹਾ ਹੈ। ਸੂਬੇ 'ਚ 10।54 ਲੱਖ ਕਿਸਾਨ ਹਨ। ਜਿਹਨਾ ਵਿਚੋਂ ਬਹੁਤੇ ਛੋਟੇ ਕਿਸਾਨ ਹਨ। ਪਿਛਲੇ ਕੁਝ ਸਮੇਂ 'ਚ ਕਿਸਾਨ ਜ਼ਮੀਨਾਂ ਵੇਚਕੇ ਮਜ਼ਦੂਰੀ ਕਰਨ ਦੇ ਰਾਹ ਪਏ ਹਨ, ਕਿਉਂਕਿ ਖੇਤੀ ਉਹਨਾ ਨੂੰ ਰੋਟੀ ਨਹੀਂ ਦੇ ਸਕੀ।

ਅੱਜ ਪੰਜਾਬ ਦੀ ਜ਼ਮੀਨ ਵਿਕ ਰਹੀ ਹੈ ਕਦੇ ਸਾਡੇ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਦੇ ਤਤਕਾਲੀ ਮੁਖ ਮੰਤਰੀ ਵਾਈ ਐਸ ਪਰਮਾਰ ਨੇ ਆਪਣੇ ਸੂਬੇ ਦੇ ਬਾਗਬਾਨੀ ਕਰਨ ਵਾਲੇ ਕਿਸਾਨਾਂ ਦੇ ਹਿੱਤਾਂ ਲਈ ਸੂਬੇ ਵਿੱਚ ਹਿਮਾਚਲ ਵਾਸੀਆਂ ਤੋਂ ਬਿਨ੍ਹਾਂ ਕਿਸੇ ਹੋਰ ਵਲੋਂ ਖੇਤੀ, ਬਾਗਬਾਨੀ ਜ਼ਮੀਨ ਨਾ ਖਰੀਦੇ ਜਾਣ ਲਈ ਇਕ ਕਾਨੂੰਨ ਬਣਾ ਦਿੱਤਾ ਸੀ। ਇਸੇ ਕਰਕੇ ਬਾਹਰਲਾ ਕੋਈ ਧਨਾਢ ਸੂਬੇ ਦੀ ਜ਼ਮੀਨ ਤੇ ਉਥੋਂ ਦੀ ਆਰਥਿਕਤਾ ਹਥਿਆ ਨਹੀਂ ਸੀ ਸਕਿਆ।

ਇਸੇ ਤਰ੍ਹਾਂ ਭਾਰਤ ਦੇ ਸੂਬੇ ਸਿਕਮ, ਵਿੱਚ ਕੋਈ ਵੀ ਬਾਹਰਲਾ ਵਿਅਕਤੀ ਕੋਈ ਵੀ ਜ਼ਮੀਨ ਜਾਂ ਜਾਇਦਾਦ ਨਹੀਂ ਖਰੀਦ ਸਕਦਾ। ਸੰਵਿਧਾਨ ਦੀ ਧਾਰਾ 371 (ਐਫ) ਅਨੁਸਾਰ ਹਿਮਾਲਿਅਨ ਰਾਜ ਸਿਕਮ ਵਿੱਚ ਸਿਰਫ ਰਾਜ ਦੇ ਕਬੀਲਿਆਂ ਦੇ ਲੋਕਾਂ ਨੂੰ ਹੀ ਇਸ ਖੇਤਰ ਵਿੱਚ ਜ਼ਮੀਨ ਜਾਂ ਜਾਇਦਾਦ ਦੀ ਖਰੀਦੋ-ਫਰੋਖ਼ਤ ਕਰਨ ਦੇ ਅਧਿਕਾਰ ਪ੍ਰਾਪਤ ਹਨ। ਝਾਰਖੰਡ, ਨਾਗਾਲੈਂਡ, ਉਤਰਾਖੰਡ ਵੀ ਇਹੋ ਜਿਹੇ ਸੂਬੇ ਹਨ, ਜਿਥੇ ਖੇਤੀਬਾੜੀ ਜਾਂ ਹੋਰ ਜਾਇਦਾਦ ਬਾਹਰਲੇ ਲੋਕ ਨਹੀਂ ਖਰੀਦ ਸਕਦੇ।

ਪੰਜਾਬ ਦੀ ਆਰਥਿਕਤਾ ਦੀ ਰੂਹ ਖੇਤੀ ਹੈ। ਪੰਜਾਬੀ ਕਿਸਾਨ ਉੱਦਮੀ ਹੀ ਸੂਬੇ ਨੂੰ ਕੰਗਾਲ ਹੋਣੋ ਬਚਾਅ ਸਕਦੇ ਹਨ। ਪੰਜਾਬ ਦੀ ਆਰਥਿਕਤਾ ਥਾਂ ਸਿਰ ਕਰਨ ਲਈ ਇਹ ਜ਼ਰੂਰੀ ਹੈ ਕਿ ਸੂਬੇ 'ਚ ਵੱਡੇ ਸ਼ਾਹੂਕਾਰਾਂ ਦੀ ਆਮਦ ਰੋਕੀ ਜਾਵੇ। ਪੰਜਾਬ ਦੇ ਕਿਸਾਨਾਂ ਨੇ ਪਹਿਲਕਦਮੀ ਕਰਕੇ ਕਾਲੇ ਕਾਨੂੰਨ ਵਾਪਿਸ ਕਰਵਾਏ। ਇਹ ਇਕ ਸ਼ੁਭ ਸ਼ਗਨ ਹੈ। ਪੰਜਾਬ 'ਚ ਖੇਤੀ ਜ਼ਮੀਨ ਬਾਹਰਲਿਆਂ ਹੱਥ ਜਾਣੋ ਰੋਕਣ ਲਈ ਕਾਨੂੰਨ ਪਾਸ ਕੀਤਾ ਜਾਣਾ, ਸੋਚਿਆ ਜਾਣਾ ਚਾਹੀਦਾ ਹੈ।

# ਕੀ ਜੇਈਈ ਦੀ ਤਿਆਰੀ 12ਵੀਂ ਜਮਾਤ ਵਿੱਚ ਉੱਚ ਸਕੋਰ ਦੀ ਗਰੰਟੀ ਦੇ ਸਕਦੀ ਹੈ?

**(ਸਫਾ 20 ਦੀ ਬਾਕੀ)**

ਹੋਣ ਵੇਲੇ ਆਪਣੇ ਸਮੇਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨਾ ਬਹੁਤ ਜ਼ਰੂਰੀ ਹੈ। ਹਰੇਕ ਵਿਸ਼ੇ ਲਈ ਆਪਣਾ ਸਮਾਂ ਉਚਿਤ ਢੰਗ ਨਾਲ ਨਿਰਧਾਰਤ ਕਰਨਾ ਮਹੱਤਵਪੂਰਨ ਹੈ, ਉਹਨਾਂ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਤੁਹਾਡੀਆਂ ਵਿਅਕਤੀਗਤ ਸ਼ਕਤੀਆਂ ਅਤੇ ਕਮਜ਼ੋਰੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ। ਜੇਈਈ ਦੀ ਤਿਆਰੀ ਤੁਹਾਡੇ ਸੀਬੀਐਸਈ/ਆਈਸੀਐਸਈ/ ਸਟੇਟ ਬੋਰਡਾਂ ਵਿੱਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿੱਚ ਵਧੀਆ ਸਕੋਰ ਕਰਨ ਲਈ ਇੱਕ ਮਜ਼ਬੂਤ ਨੀਂਹ ਬਣਾਉਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ। ਹਾਲਾਂਕਿ, ਇਹ ਸਫਲਤਾ ਲਈ ਗਾਰੰਟੀਸ਼ੁਦਾ ਮਾਰਗ ਨਹੀਂ ਹੈ। ਸਿਰਫ਼ ਜੇਈਈ 'ਤੇ ਧਿਆਨ ਕੇਂਦਰਿਤ ਕਰਨ ਨਾਲ ਤੁਸੀਂ ਦੂਜੇ ਵਿਸ਼ਿਆਂ ਨੂੰ ਨਜ਼ਰਅੰਦਾਜ਼ ਕਰ ਸਕਦੇ ਹੋ ਅਤੇ ਇਹ ਹਰ ਕਿਸੇ ਲਈ ਸਭ ਤੋਂ ਵਧੀਆ ਰਣਨੀਤੀ ਨਹੀਂ ਹੋ ਸਕਦੀ।

**ਸੈਲਫੀ ਦੀ ਆਦਤ ਸੋਸ਼ਲ ਮੀਡੀਆ 'ਤੇ ਬਹੁਤ ਜ਼ਿਆਦਾ ਚਲੀ ਗਈ ਹੈ**

ਪ੍ਰਭਾਦੇਵੀ - ਦਾਦਰ ਬੀਚ ਮੁੰਬਈ ਦਾ ਇੰਨਾ ਮਸ਼ਹੂਰ ਬੀਚ ਨਹੀਂ ਹੈ, ਪਰ ਹਾਲ ਹੀ ਦੇ ਸਾਲਾਂ ਵਿੱਚ ਕੁਝ ਬਦਲ ਗਿਆ ਹੈ। ਇੱਥੋਂ ਤੱਕ ਕਿ ਇਸ ਗੰਦੇ ਬੀਚ 'ਤੇ, ਜ਼ਿਆਦਾ ਲੋਕ ਸੈਲਫੀ ਲੈਂਦੇ ਹਨ ਅਤੇ ਰੀਲਾਂ ਬਣਾਉਂਦੇ ਹਨ; ਸਰਦੀਆਂ ਦੇ ਮਹੀਨਿਆਂ ਵਿੱਚ, ਬਾਂਦਰਾ-ਵਰਲੀ ਸੀ ਲਿੰਕ ਅਤੇ ਮੁੰਬਈ ਦੇ ਮਸ਼ਹੂਰ ਜਾਮਨੀ ਸੂਰਜ ਡੁੱਬਣ ਦਾ ਇੱਕ ਸ਼ਾਨਦਾਰ ਪਿਛੋਕੜ ਪ੍ਰਦਾਨ ਕਰਦੇ ਹਨ। ਬੀਚ 'ਤੇ ਸੁੱਟੀ ਗੰਦਗੀ ਇਨ੍ਹਾਂ ਤਸਵੀਰਾਂ ਅਤੇ ਰੀਲਾਂ 'ਚ ਸ਼ਾਇਦ ਹੀ ਨਜ਼ਰ ਆ ਰਹੀ ਹੈ। ਅਸਲ ਵਿੱਚ, ਅਜਿਹੇ ਫੋਟੋਗ੍ਰਾਫਰ ਅਤੇ ਰੀਲ ਨਿਰਮਾਤਾ ਇਸ ਖਾਸ ਸਮੁੰਦਰੀ ਤੱਟ ਵਿੱਚ ਹੀ ਨਹੀਂ ਹਨ।ਪਰ, ਇਸ ਦੀ ਬਜਾਇ, ਉਹ ਹਰ ਜਗ੍ਹਾ 'ਤੇ ਆ ਗਏ ਹਨ ਜੋ ਸੁੰਦਰ ਹੈ। ਅਜਿਹੇ ਲੋਕ ਪਲ ਦੀ ਖੂਬਸੂਰਤੀ ਦਾ ਅਨੁਭਵ ਕਰਨ ਦੀ ਬਜਾਏ ਹਰ ਸੰਭਵ ਕੋਣ ਤੋਂ ਤਸਵੀਰਾਂ ਖਿੱਚਣ ਅਤੇ ਰੀਲਾਂ ਬਣਾਉਣ ਵਿੱਚ ਰੁੱਝੇ ਦਿਖਾਈ ਦਿੰਦੇ ਹਨ। ਉਹ ਆਪਣੇ ਤਜ਼ਰਬੇ ਪ੍ਰਤੀ ਸੁਚੇਤ ਹੋਣ ਦੀ ਬਜਾਏ ਦਸਤਾਵੇਜ਼ ਬਣਾਉਣ ਵਿੱਚ ਵਧੇਰੇ ਦਿਲਚਸਪੀ ਰੱਖਦੇ ਹਨ। ਇੱਕ ਵਾਰ ਦਸਤਾਵੇਜ਼ੀ ਰੂਪ ਵਿੱਚ, ਸੈਲਫੀ ਫੋਟੋਆਂ, ਵੀਡੀਓਜ਼, ਰੀਲਾਂ ਨੂੰ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਯ, 'ਅਚਏਬੋਕ, ੀਨਸਟਅਗਰਅਮ, ਇੱਥੋਂ ਤੱਕ ਕਿ ਲਿੰਕਡਇਨ 'ਤੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਅਸੀਂ ਇੱਕ ਅਜਿਹੇ ਯੁੱਗ ਵਿੱਚ ਰਹਿ ਰਹੇ ਹਾਂ ਜਿੱਥੇ ਲੋਕ ਪਸੰਦਾਂ ਅਤੇ ਟਿੱਪਣੀਆਂ ਬਾਰੇ ਵਧੇਰੇ ਚਿੰਤਤ ਹਨ।ਇਹ ਲੱਗਾ ਹੋਇਆ ਹੈ। ਉਹ ਜਿੱਥੇ ਵੀ ਜਾਂਦੇ ਹਨ, ਉਸ ਥਾਂ ਦਾ ਅਹਿਸਾਸ ਘੱਟ ਹੁੰਦਾ ਹੈ। ਜ਼ਾਹਿਰ ਹੈ ਕਿ ਸਸਤੇ ਇੰਟਰਨੈੱਟ ਦੇ ਨਾਲ-ਨਾਲ ਸਮਾਰਟਫੋਨਜ਼ ਦੇ ਵਧਦੇ ਰੁਝਾਨ ਕਾਰਨ ਅਜਿਹਾ ਹੋਇਆ ਹੈ। ਵਾਸਤਵ ਵਿੱਚ, ਇੱਕ ਅਨੁਭਵ ਨੂੰ ਦਸਤਾਵੇਜ਼ ਬਣਾਉਣ ਅਤੇ ਚਰਚਾ ਕਰਨਾ ਹੁਣ ਸਿਰਫ ਫੋਟੋਆਂ ਤੱਕ ਸੀਮਿਤ ਹੈ। ਸੀਮਿਤ ਨਹੀਂ ਹੈ। ਇਹ ਰੁਝਾਨ ਲਿੰਕਡਇਨ 'ਤੇ ਵੀ ਦਿਖਾਈ ਦੇ ਰਿਹਾ ਹੈ। ਹੁਣ ਪੋਸਟਾਂ ਜ਼ਿਆਦਾ ਜ਼ਰੂਰੀ ਹਨ, ਤਜਰਬਾ ਨਹੀਂ। ਇਸ ਦਾ ਇੱਕ ਪ੍ਰਭਾਵ ਕਾਰਪੋਰੇਟ ਮਾਲਕਾਂ ਦੇ ਪ੍ਰੋਫਾਈਲਾਂ ਅਤੇ ਬਾਇਓ-ਡਾਟਾ ਵਿੱਚ ਸਪੱਸ਼ਟ ਤੌਰ 'ਤੇ ਦੇਖਿਆ ਜਾ ਸਕਦਾ ਹੈ। ਬਾਇਓਡਾਟਾ ਵਿੱਚ ਹਮੇਸ਼ਾ ਆਪਣੇ ਬਾਰੇ ਗੱਲ ਹੁੰਦੀ ਹੈ, ਇਹ ਦਿਖਾਉਂਦੀ ਨਜ਼ਰ ਆਉਂਦੀ ਹੈ, ਅਜਿਹੀ ਸਥਿਤੀ ਵਿੱਚ, ਇਹ ਸੰਭਵ ਹੈ ਕਿਜੋ ਸਿਰਫ ਆਪਣੇ ਕੰਮ ਪ੍ਰਤੀ ਇਮਾਨਦਾਰ ਹਨ ਉਹ ਹਾਰ ਜਾਣਗੇ। ਭਰਤੀ ਕਰਨ ਵਾਲਿਆਂ ਨੂੰ ਤਿੱਖਾ ਹੋਣਾ ਚਾਹੀਦਾ ਹੈ ਤਾਂ ਜੋ ਉਹ ਕਣਕ ਨੂੰ ਤੂੜੀ ਤੋਂ ਵੱਖ ਕਰ ਸਕਣ। ਜਿਵੇਂ ਕਿ ਐਲਿਸ ਸ਼ੇਰਵੁੱਡ ਨੇ ਕਿਹਾ ਹੈ, ਤਕਨਾਲੋਜੀ ਦੀ ਵਰਤੋਂ ਅਸਲ ਵਿੱਚ ਨਕਲੀ ਦੀਆਂ ਤਾਕਤਾਂ ਨੂੰ ਵਧਾਉਣ ਲਈ ਕੀਤੀ ਜਾ ਸਕਦੀ ਹੈ। ਆਨਲਾਈਨ ਪੋਸਟ ਕਰਨ ਲਈ ਖਾਣਾ ਖਾਣ ਤੋਂ ਪਹਿਲਾਂ ਰੈਸਟੋਰੈਂਟਾਂ 'ਤੇ ਖਾਣੇ ਦੀਆਂ ਪਕਵਾਨਾਂ 'ਤੇ ਕਲਿੱਕ ਕਰਨਾ ਵੀ ਹੁਣ ਇੱਕ ਵਰਤਾਰਾ ਹੈ। ਪ੍ਰੀ-ਵੈਡਿੰਗ ਫੋਟੋਸ਼ੂਟ ਦਾ ਰੁਝਾਨ ਵੀ ਵਧਿਆ ਹੈ। ਵਿਆਹ ਦਾ ਅਸਲੀ ਤਜਰਬਾ ਸਾਹਮਣੇ ਆਉਣ ਤੋਂ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਕਿੰਨੀਆਂ ਚੰਗੀਆਂ ਗੱਲਾਂ ਨਜ਼ਰ ਆਉਂਦੀਆਂ ਹਨਲੋਕਾਂ ਨੂੰ ਇਹ ਜਾਣਨਾ ਵਧੇਰੇ ਜ਼ਰੂਰੀ ਸਮਝਣਾ ਸ਼ੁਰੂ ਹੋ ਗਿਆ ਹੈ। ਇਹ ਵਿਆਹ ਦੀਆਂ ਰਸਮਾਂ ਅਤੇ ਵਿਆਹ ਦੇ ਕਾਰੋਬਾਰੀ ਮਾਡਲਾਂ ਲਈ ਲਾਜ਼ਮੀ ਬਣ ਗਿਆ ਹੈ। ਬੇਸ਼ੱਕ ਵਿਆਹ ਤੋਂ ਬਾਅਦ ਹਨੀਮੂਨ ਦੀਆਂ ਫੋਟੋਆਂ ਵੀ ਜ਼ਰੂਰੀ ਹੁੰਦੀਆਂ ਹਨ। ਹੁਣ ਕੁਝ ਵੀ ਨਿੱਜੀ ਨਹੀਂ ਜਾਪਦਾ। ਬਹੁਤ ਸਾਰੇ ਵਿੱਤੀ ਤੌਰ 'ਤੇ ਪ੍ਰਭਾਵਸ਼ਾਲੀ ਲੋਕ ਹਨ ਜੋ ਸਟਾਕ ਮਾਰਕੀਟ ਦੀਆਂ ਲਹਿਰਾਂ 'ਤੇ ਸਵਾਰ ਹੁੰਦੇ ਹਨ ਅਤੇ ਦੁਨੀਆ ਨੂੰ ਦਿਖਾਉਂਦੇ ਹਨ ਕਿ ਅਮੀਰ ਬਣਨਾ ਕਿੰਨਾ ਆਸਾਨ ਹੈ। ਉਹ ਸੋਚਦੇ ਹਨ ਕਿ ਅਮੀਰ ਬਣਨ ਦਾ ਤਰੀਕਾ ਸਿਰਫ਼ ਉਹ ਹੀ ਜਾਣਦੇ ਹਨ। ਇਹ ਅਸਲ ਵਿੱਚ ਹੋ ਰਿਹਾ ਹੈ। ਕਿ ਸਾਡੀਆਂ ਇੱਛਾਵਾਂ ਨਾਲ ਛੇੜਛਾੜ ਕੀਤੀ ਜਾ ਰਹੀ ਹੈ। ਸੋਸ਼ਲ ਮੀਡੀਆ ਦੇ ਉਭਾਰ ਤੋਂ ਪਹਿਲਾਂਇੱਕ ਖਿਡਾਰੀ, ਇੱਕ ਅਭਿਨੇਤਾ, ਇੱਕ ਸੰਗੀਤਕਾਰ ਜਾਂ ਇੱਥੋਂ ਤੱਕ ਕਿ ਇੱਕ ਰਾਜਨੇਤਾ ਵੀ ਇੱਕ ਰੋਲ ਮਾਡਲ ਹੋ ਸਕਦਾ ਸੀ, ਪਰ ਫੇਸਬੁੱਕ, ਇੰਸਟਾਗ੍ਰਾਮ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਉਭਾਰ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਜਿੱਥੇ ਦੁਨੀਆ ਵਿੱਚ ਹਰ ਕੋਈ ਇੱਕ ਸੰਭਾਵੀ ਮਾਡਲ ਹੈ। ਸੋਸ਼ਲ ਪਲੇਟਫਾਰਮ 'ਤੇ ਕੁਝ ਮਾਡਲ ਸਾਹਮਣੇ ਆਏ ਹਨ ਜੋ ਸਮਾਜਿਕ ਤੌਰ 'ਤੇ ਬਹੁਤ ਮਾੜੇ ਹਨ। ਦਿਖਾਵਾ ਪ੍ਰਮਾਣਿਕਤਾ ਦਾ ਸੰਕਟ ਪੈਦਾ ਕਰ ਰਿਹਾ ਹੈ। ਅਸਲੀ ਕੀ ਹੈ? ਕੀ ਨਹੀਂ ਹੈ? ਦੂਜਾ, ਜਿਵੇਂ ਕਿ ਸ਼ੇਰਵੁੱਡ ਕਹਿੰਦਾ ਹੈ, ਸੋਸ਼ਲ ਮੀਡੀਆ 'ਤੇ ਇੱਕ ਸੰਪੂਰਨ ਜੀਵਨ ਦਾ ਦਿਖਾਵਾ ਕਰਨ ਦਾ ਦਬਾਅ ਹੈ। ਦੂਜੇ ਪਾਸੇ ਘਾਹ ਹਮੇਸ਼ਾ ਹਰਾ ਹੁੰਦਾ ਹੈਈ, ਜੋ ਮਾਨਸਿਕ ਸਿਹਤ ਲਈ ਚੰਗਾ ਨਹੀਂ ਹੈ। ਆਪਣੀਆਂ ਅੱਖਾਂ 'ਤੇ ਭਰੋਸਾ ਨਾ ਕਰੋ, ਸ਼ੇਰਵੁੱਡ ਸਾਵਧਾਨ, ਪਰ ਯਾਦ ਰੱਖੋ ਕਿ ਤੁਸੀਂ ਉਹ ਦੇਖ ਰਹੇ ਹੋ ਜੋ ਤੁਸੀਂ ਦੇਖਣਾ ਚਾਹੁੰਦੇ ਹੋ, ਅਸਲ ਵਿੱਚ ਕੀ ਨਹੀਂ ਹੈ। ਇੱਕ ਪਹਿਲੂ ਇਹ ਵੀ ਹੈ ਕਿ ਸੋਸ਼ਲ ਮੀਡੀਆ 'ਤੇ ਪ੍ਰਭਾਵ ਪਾਉਣ ਵਾਲਿਆਂ ਦੀ ਵਧਦੀ ਗਿਣਤੀ ਦੇ ਨਾਲ, ਮੁਕਾਬਲਾ ਉਨ੍ਹਾਂ ਦੀ ਸਮੱਗਰੀ ਵਿੱਚ ਕਿਸੇ ਵੀ ਅੰਤਰ ਨੂੰ ਦੂਰ ਕਰ ਰਿਹਾ ਹੈ। ਬੇਚੈਨੀ ਵਧਦੀ ਜਾ ਰਹੀ ਹੈ ਅਤੇ ਅਨੁਭਵ ਕਿਤੇ ਗੁਆਚਦਾ ਜਾ ਰਿਹਾ ਹੈ।

ਪਦਮਸ੍ਰੀ ਮਿਲਣ 'ਤੇ ਵਿਸ਼ੇਸ਼


# ਥੇਟਰ ਦੇ ਇਸ਼ਕ ਨਾਲ ਪ੍ਰਣਾਇਆ ਰੰਗਮੰਚ ਕਲਾਕਾਰ : ਪਦਮਸ੍ਰੀ. ਪ੍ਰਾਣ ਸਭਰਵਾਲ



ਉਜਾਗਰ ਸਿੰਘ
91-94178 13072

ਪ੍ਰਣ ਸਭਰਵਾਲ ਨੇ ਪ੍ਰਿਥਵੀ ਰਾਜ ਕਪੂਰ ਅਤੇ ਐਮ.ਐਸ. ਰੰਧਾਵਾ ਤੋਂ ਰੰਗਮੰਚ ਦੀ ਅਦਾਕਾਰੀ ਦੀ ਅਜਿਹੀ ਗੁੜ੍ਹਤੀ ਲਈ ਉਹ ਸਾਰੀ ਉਮਰ ਰੰਗਮੰਚ ਦਾ ਫੱਟਾ ਆਪਣੇ ਕੰਧੇ 'ਤੇ ਚੁੱਕ ਕੇ ਦਰ-ਦਰ 'ਤੇ ਅਲਖ ਜਾਗਾਉਂਦਾ ਰੰਗਮੰਚ ਦੀ ਪਰਕਰਮਾ ਰਿਹਾ ਹੈ। ਇਥੋਂ ਤੱਕ ਕਿ ਉਹ ਆਪਣੀ 95 ਸਾਲ ਦੀ ਵਡੇਰੀ ਉਮਰ ਦਾ ਵੀ ਧਿਆਨ ਨਹੀਂ ਰੱਖਦੇ। ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਦੀਆਂ ਗਲੀਆਂ ਮੁਹੱਲਿਆਂ ਖਾਸ ਤੌਰ 'ਤੇ ਸਮਾਜ ਦੇ ਪਛੜੇ ਤੇ ਦਲਿਤ ਵਰਗ ਦੇ ਲੋਕਾਂ ਵਿਚ ਸਮਾਜਿਕ ਬੁਰਾਈਆਂ ਜਿਵੇਂ ਕਿ ਭਰੂਣ ਹੱਤਿਆ, ਦਾਜ ਦਹੇਜ, ਆਤਮ ਹੱਤਿਆਵਾਂ ਅਤੇ ਦੇਸ਼ ਭਗਤੀ ਦੇ ਨੁਕੜ ਨਾਟਕ ਸਾਰਾ ਸਾਲ ਕਰਦੇ ਰਹਿੰਦੇ ਹਨ। ਇਥੋਂ ਤੱਕ ਕਿ ਪੋਹ ਮਾਘ ਦੀ ਸਰਦੀ ਵਿਚ ਸੈਰ ਕਰਨ ਵਾਲਿਆਂ ਲਈ ਬਾਰਾਂਦਰੀ ਬਾਗ ਪਟਿਆਲਾ ਵਿਚ ਜਾ ਕੇ ਆਪਣੇ ਨੁਕੜ ਨਾਟਕ ਦੀ ਅਲਖ ਜਗਾ ਦਿੰਦੇ ਹਨ। ਜਦੋਂ ਠੰਡ ਦੇ ਕਹਿਰ ਕਰਕੇ ਨੌਜਵਾਨਾਂ ਦੇ ਵੀ ਹੱਥ ਕੱਕਰ ਨਾਲ ਕੰਬਦੇ ਹੁੰਦੇ ਹਨ ਤਾਂ ਵੀ ਪਰਿਵਾਰ ਦੇ ਰੋਕਣ ਦੇ ਬਾਵਜੂਦ ਲੋਈ ਦੀ ਬੁਕਲ ਮਾਰ ਕੇ ਆਪਣੇ ਥੇਟਰ ਦੀ ਟੋਲੀ ਲੈ ਕੇ ਨਾਟਕ ਦੀ ਨਿਰਦੇਸ਼ਨਾ ਅਤੇ ਅਦਾਕਾਰੀ ਕਰਦੇ ਹਨ। ਆਮ ਤੌਰ 'ਤੇ ਕਲਾਕਾਰਾਂ ਨੂੰ ਉਨ੍ਹਾਂ ਦੀਆਂ ਅਰਧੰਗਣੀਆਂ ਸਾਥ ਨਹੀਂ ਦਿੰਦੀਆਂ ਪ੍ਰੰਤੂ ਪ੍ਰਾਣ ਸਭਰਵਾਲ ਖ਼ੁਸ਼ਕਿਸਮਤ ਹੈ ਕਿ ਉਨ੍ਹਾਂ ਦੀ ਪਤਨੀ ਸੁਨੀਤਾ ਸਭਰਵਾਲ ਨੇ ਰੋਕਣਾ ਤਾਂ ਕੀ ਉਹ ਖੁਦ ਅਦਾਕਾਰੀ ਕਰਨ ਲਈ ਪ੍ਰਾਣ ਸਭਰਵਾਲ ਦਾ ਸਾਥ ਦਿੰਦੀ ਹੈ। ਇਸ਼ਕ ਅਤੇ ਜਨੂੰਨ ਵਿਚ ਉਮਰ ਅਤੇ ਜਾਤ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਇਸ਼ਕ ਭਾਵੇਂ ਜਿਸਮਾਨੀ ਜਾਂ ਰੂਹਾਨੀ ਹੋਵੇ, ਇਨਸਾਨ ਜਨੂੰਨੀ ਹੋ ਜਾਂਦਾ ਹੈ। ਕਿਸੇ ਦੇ ਰੋਕਣ ਤੇ ਵੀ ਨਹੀਂ ਰੁਕਦਾ। ਇੱਕ ਕਿਸਮ ਨਾਲ ਇਨਸਾਨ ਇਸ਼ਕ ਵਿਚ ਪਾਗਲ ਜਿਹਾ ਹੋ ਜਾਂਦਾ ਹੈ। ਉਸ ਨੂੰ ਕਿਸੇ ਚੀਜ਼ ਦੀ ਸੁਧ ਬੁਧ ਨਹੀਂ ਰਹਿੰਦੀ। ਸੁਪਨਿਆਂ ਦੇ ਸੰਸਾਰ ਵਿਚ ਚਕਰ ਕੱਟਦਾ ਰਹਿੰਦਾ ਹੈ। ਪਟਿਆਲਾ ਵਿਚ ਇੱਕ ਅਜਿਹਾ ਅਦਾਕਰ ਪ੍ਰਾਣ ਸਭਰਵਾਲ ਹੈ, ਜਿਹੜਾ ਨਾ ਉਹ ਜੇਠ ਹਾੜ ਦੀ ਗਰਮੀ ਅਤੇ ਨਾ ਹੀ ਪੋਹ ਮਾਘ ਦੀ ਸਰਦੀ ਦੀ ਪ੍ਰਵਾਹ ਕਰਦਾ ਹੈ। ਉਸ ਨੂੰ ਹਰ ਵਕਤ ਥੇਟਰ ਦੇ ਸੁਪਨੇ ਆਉਂਦੇ ਰਹਿੰਦੇ ਹਨ। 1951 ਵਿਚ ਹੀ ਉਸ ਨੇ ਆਲ ਇੰਡੀਆ ਰੇਡੀਓ ਤੋਂ ਨਸਰ ਹੋਣ ਵਾਲੇ ਨਾਟਕਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਿਨਾ ਵਿਚ ਆਕਾਸ਼ ਬਾਣੀ ਅਰਥਾਤ ਰੇਡੀਓ ਹੀ ਇੱਕੋ ਇੱਕ ਪ੍ਰਚਾਰ ਅਤੇ ਪ੍ਰਸਾਰ ਦਾ ਮਾਧਿਅਮ ਹੁੰਦਾ ਸੀ।

1952 ਵਿਚ ਪ੍ਰਿਥਵੀ ਰਾਜ ਕਪੂਰ ਜਾਣੇ ਪਛਾਣੇ ਡਰਾਮਾ ਅਤੇ ਫ਼ਿਲਮਾਂ ਦੇ ਐਕਟਰ ਜਲੰਧਰ ਵਿਖੇ ਡਰਾਮਾ ਖੇਡਣ ਆਏ, ਪ੍ਰਾਣ ਸਭਰਵਾਲ ਨੇ ਉਨ੍ਹਾਂ ਦਾ ਨਾਟਕ ਵੇਖਿਆ ਅਤੇ ਉਹ ਉਨ੍ਹਾਂ ਦੇ ਨਾਟਕ ਤੋਂ ਬਹੁਤ ਹੀ ਪ੍ਰਭਾਵਤ ਹੋ ਗਿਆ। ਅਗਲੇ ਦਿਨ ਰਾਜ ਕਪੂਰ ਨੇ ਲੁਧਿਆਣਾ ਵਿਖੇ ਨਾਟਕ ਖੇਡਣਾ ਸੀ, ਪ੍ਰਾਣ ਸਭਰਵਾਲ ਉਨ੍ਹਾਂ ਦੇ ਪਿਛੇ ਲੁਧਿਆਣਾ ਵਿਖੇ ਪਹੁੰਚ ਗਏ ਅਤੇ ਉਥੇ ਉਨ੍ਹਾਂ ਨੂੰ ਮਿਲਕੇ ਬੇਨਤੀ ਕੀਤੀ ਕਿ ਮੈਂ ਤੁਹਾਡੀ ਨਾਟਕ ਮੰਡਲੀ ਵਿਚ ਸ਼ਾਮਲ ਹੋਣਾ ਚਾਹੁੰਦਾ ਹਾਂ। ਪ੍ਰਿਥਵੀ ਰਾਜ ਕਪੂਰ ਦਾ ਥਾਪੜਾ ਮਿਲਣ ਤੋਂ ਬਾਅਦ ਉਸ ਨੇ ਨਾਟਕ ਨੂੰ ਅਪਣਾ ਲਿਆ। ਉਸ ਦੀ ਸ਼ਾਦੀ 1960 ਵਿਚ ਸੁਨੀਤਾ ਨਾਲ ਹੋ ਗਈ। ਸੁਨੀਤਾ ਸਭਰਵਾਲ ਖੁਦ ਇੱਕ ਚੰਗੇ ਕਲਾਕਾਰ ਹਨ, ਜਿਸ ਕਰਕੇ ਪ੍ਰਾਣ ਸਭਰਵਾਲ ਦੀ ਕਲਾਕਾਰੀ ਅਤੇ ਨਿਰਦੇਸ਼ਨਾ ਵਿਚ ਹੋਰ ਨਿਖ਼ਾਰ ਆ ਗਿਆ। ਪ੍ਰਾਣ ਸਭਰਵਾਲ ਪੰਜਾਬ ਰਾਜ ਬਿਜਲੀ ਬੋਰਡ ਵਿਚ ਪਬਲਿਸਿਟੀ ਸੁਪਰਵਾਈਜ਼ਰ ਭਰਤੀ ਹੋ ਕੇ ਪਟਿਆਲਾ ਨਿਯੁਕਤ



ਹੋ ਗਏ। ਇਸ ਤੋਂ ਬਾਅਦ ਉਹ 1967 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਪੀਚ ਐਂਡ ਡਰਾਮਾ ਵਿਭਾਗ ਵਿਚ ਡੈਪੂਟੇਸ਼ਨ ਤੇ ਚਲੇ ਗਏ ਅਤੇ ਉਥੇ 1970 ਤੱਕ ਰਹੇ। ਇਸ ਸਮੇਂ ਦੌਰਾਨ ਹੀ ਉਸ ਦੀ ਪਤਨੀ ਸੁਨੀਤਾ ਸਭਰਵਾਲ ਨੇ 1967-69 ਵਿਚ ਪੰਜਾਬੀ ਯੂਨੀਵਰਸਿਟੀ ਤੋਂ ਡਰਾਮੈਟਿਕ ਆਰਟ ਵਿਚ ਡਿਪਲੋਮਾ ਕੀਤਾ।

ਪ੍ਰਾਣ ਸਭਰਵਾਲ ਅਜਿਹਾ ਵਿਅਕਤੀ ਹੈ, ਜਿਹੜਾ ਆਪਣੇ ਸਮੁਚੇ ਜੀਵਨ ਵਿਚ ਦਫ਼ਤਰੀ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਬਾਅਦ ਥੇਟਰ ਨਾਲ ਪ੍ਰਣਾਇਆ ਹੋਇਆ ਹੈ। ਉਹ ਹਰ ਸਮੇਂ ਨਾਟਕਾਂ ਬਾਰੇ ਹੀ ਸੋਚਦਾ ਰਹਿੰਦਾ ਹੈ। ਉਹ ਸਮਾਜਿਕ ਕੁਰੀਤੀਆਂ ਨਾਲ ਸੰਬੰਧਤ ਹਰ ਛੋਟੇ ਤੋਂ ਛੋਟੇ ਵਿਸ਼ੇ ਤੇ ਵੀ ਨਾਟਕ ਖੇਡਣ ਵਿਚ ਦਿਲਚਸਪੀ ਰੱਖਦਾ ਹੈ, ਜਦੋਂ ਕਿ ਵੱਡੇ ਕਲਾਕਾਰ ਕਹਾਉਣ ਵਾਲੇ ਅਦਾਕਾਰ ਨੁਕੜ ਜਾਂ ਆਮ ਵਿਸ਼ਿਆਂ ਤੇ ਨਾਟਕ ਕਰਨਾ ਆਪਣੀ ਹੇਠੀ ਸਮਝਦੇ ਹਨ। ਪ੍ਰਾਣ ਸਭਰਵਾਲ ਨੂੰ ਕਿਸੇ ਕਿਸਮ ਦੀ ਹਓਮੈ ਨਹੀਂ। ਉਸ ਦੀ ਵਿਲੱਖਣਤਾ ਇਹ ਹੈ ਕਿ ਉਸ ਨੇ ਆਪਣੀ ਅਰਧੰਗਣੀ ਸੁਨੀਤਾ ਸਭਰਵਾਲ ਨੂੰ ਵੀ ਥੇਟਰ ਨਾਲ ਜੋੜੀ ਰੱਖਿਆ ਹੈ। ਉਹ ਜ਼ਮੀਨ ਨਾਲ ਜੁੜਿਆ ਹੋਇਆ ਅਦਾਕਾਰ ਹੈ, ਉਸ ਦੀ ਇੱਕ ਹੋਰ ਸਿਫ਼ਤ ਹੈ ਕਿ ਉਹ ਅੰਗਹੀਣਾਂ ਅਤੇ ਕੁਸ਼ਟ ਰੋਗੀਆਂ ਦੀਆਂ ਬਸਤੀਆਂ ਵਿਚ ਹਰ ਮਹੀਨੇ ਨਾਟਕ ਵਿਖਾ ਕੇ ਉਨ੍ਹਾਂ ਦਾ ਮਨੋਰੰਜਨ ਕਰਾਉਂਦੇ ਰਹਿੰਦੇ ਹਨ। ਹੁਣ ਤੱਕ ਉਸ ਨੇ ਸਮਾਜਿਕ ਬੁਰਾਈਆਂ ਦੇ ਖ਼ਿਲਾਫ ਲਗਪਗ 100 ਨਾਟਕ ਤਿਆਰ ਕਰਵਾਕੇ ਵੱਖ ਵੱਖ ਥਾਵਾਂ ਤੇ



ਨਿਰਦੇਸ਼ਤ ਕਰਕੇ ਖੇਡੇ ਹਨ। ਉਹ ਹਰ ਨਾਟਕ ਨੂੰ ਨਿਰਦੇਸ਼ਤ ਵੀ ਕਰਦੇ ਹਨ ਅਤੇ ਉਸ ਵਿਚ ਖੁਦ ਰੋਲ ਵੀ ਕਰਦੇ ਹਨ। ਉਸ ਨੇ ਲਗਪਗ 500 ਰੇਡੀਓ ਨਾਟਕਾਂ ਵਿਚ ਹਿੱਸਾ ਲਿਆ ਅਤੇ ਇਤਨੇ ਹੀ ਨਾਟਕ ਨਿਰਦੇਸ਼ਤ ਕੀਤੇ ਹਨ। ਉਹ ਨੇ ਸਟਰੀਟ ਨਾਟਕਾਂ ਵਿੱਚ ਮਾਹਿਰ ਹਨ। ਉਸ ਦੀ ਖ਼ੂਬੀ ਹੈ ਕਿ ਉਹ ਛੋਟੀ ਸਟੇਜ ਤੇ ਵੀ ਨਾਟਕ ਖੇਡ ਲੈਂਦੇ ਹਨ। ਉਸ ਦੀ ਕੋਈ ਈਗੋ ਨਹੀਂ ਕਿ ਨਾਟਕ ਵੱਡੀ ਸਟੇਜ ਤੇ ਹੀ ਕੀਤਾ ਜਾਵੇ। ਉਹ ਲੋਕ ਨਾਟਕਕਾਰ ਹਨ। ਉਸ ਨੇ ਨੈਸ਼ਨਲ ਥੇਟਰ ਆਰਟਸ ਸੋਸਾਇਟੀ ਦੀ ਸਥਾਪਨਾ ਅੱਲ੍ਹੜ 23 ਸਾਲ ਦੀ ਉਮਰ 1953 ਵਿਚ ਜਲੰਧਰ ਵਿਖੇ ਹੀ ਐਮ।ਐਸ।ਰੰਧਾਵਾ ਦੀ ਪ੍ਰੇਰਣਾ ਨਾਲ ਕਰ ਲਈ ਸੀ। ਉਸ ਦੀ ਸੰਸਥਾ ਨਟਾਸ ਨੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪੂਰੇ ਪੰਜਾਬ ਦੇ ਪਿੰਡਾਂ ਵਿਚ ਨਾਟਕ ਕੀਤੇ। ਉਸ ਨੇ ਪੰਜਾਬੀ ਦੀਆਂ 10 ਫ਼ੀਚਰ ਫ਼ਿਲਮਾਂ ਵਿਚ ਵੀ ਅਦਾਕਾਰੀ ਕੀਤੀ ਹੈ, ਜਿਨ੍ਹਾਂ ਵਿਚੋਂ 3 ਫ਼ਿਲਮਾਂ ਸ਼ਹੀਦ ਊਧਮ ਸਿੰਘ, ਚੰਨ ਪ੍ਰਦੇਸੀ ਅਤੇ ਮੜ੍ਹੀ ਦਾ ਦੀਵਾ ਨੂੰ ਨੈਸ਼ਨਲ ਅਵਾਰਡ ਮਿਲੇ ਸਨ। ਉਸ ਨੇ ਦੇਸ਼ ਵਿਦੇਸ਼ ਵਿਚ 3500 ਸਮਾਗਮਾ ਵਿਚ ਹਿੱਸਾ ਲਿਆ। ਪ੍ਰਾਣ ਸਭਰਵਾਲ ਨੇ ਇੱਕ ਸੰਸਥਾ ਤੋਂ ਵੀ ਵੱਧ ਕੰਮ ਕੀਤਾ। ਉਹ ਬਾਰਾਂਦਰੀ ਗਾਰਡਨ ਪਟਿਆਲਾ ਵਿਚ ਪਿਛਲੇ 20 ਸਾਲਾਂ ਤੋਂ ਲਗਾਤਾਰ ਗਾਰਡਨ ਥੇਟਰ ਕਰ ਰਹੇ ਹਨ। ਹੁਣ ਤੱਕ ਉਸ ਨੂੰ 70 ਕੌਮੀ ਅਤੇ ਅੰਤਰ-ਰਾਸ਼ਟਰੀ ਅਵਾਰਡ ਮਿਲ ਚੁਕੇ ਹਨ। ਪਿਛੇ ਜਹੇ ਪੂਣੇ ਵਿਖੇ ਵਿਸ਼ਵ ਗੌਰਵ ਅਵਾਰਡ ਵੀ ਦਿੱਤਾ ਗਿਆ ਸੀ। ਉਸ ਨੇ ਭਾਰਤ ਸਰਕਾਰ ਦੀ ਇੰਡੀਅਨ ਕੌਂਸਲ ਆਫ ਕਲਚਰਲ ਰੀਲੇਸ਼ਨਜ਼ ਅਤੇ ਸਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਅਮਰੀਕਾ, ਇੰਗਲੈਂਡ, ਰੂਸ, ਕੈਨੇਡਾ, ਫਰਾਂਸ, ਹੰਗਰੀ, ਚੈਕੋਸਲਵਾਕੀਆ, ਪੋਲੈਂਡ ਅਤੇ ਨਾਰਵੇ ਵਿਖੇ ਥੇਟਰ ਨਾਲ ਸੰਬੰਧਤ ਕਾਨਫਰੰਸਾਂ ਅਤੇ ਥੇਟਰ ਫ਼ੈਸਟੀਵਲਜ਼ ਵਿਚ ਹਿੱਸਾ ਲਿਆ। ਉਹ ਬਹੁਤ ਸਾਰੀਆਂ ਸੰਸਥਾਵਾਂ ਜਿਵੇਂ ਸੰਗੀਤ ਨਾਟਕ ਅਕਾਡਮੀ, ਪੰਜਾਬ ਸਟੇਟ ਕਲਚਰਲ ਅਫੇਅਰਜ਼ ਅਡਵਾਈਜ਼ਰੀ ਬੋਰਡ ਆਦਿ ਦੇ ਮੈਂਬਰ ਰਹੇ ਹਨ। ਉਸ ਨੂੰ ਪੰਜਾਬੀ ਯੂਨੀਵਰਸਿਟੀ ਦੇ ਥੇਟਰ ਤੇ ਟੈਲੀਵੀਜ਼ਨ ਵਿਭਾਗ ਨੇ ਫ਼ੈਲੋਸ਼ਿਪ ਦਿੱਤੀ ਹੋਈ ਸੀ। ਦੇਸ਼ ਦਾ ਵੱਡਾ ਪਦਮਸ੍ਰੀ ਦਾ ਅਵਾਰਡ ਮਿਲਿਆ ਜਿਸ ਨਾਲ ਪੰਜਾਬੀ ਰੰਗਮੰਚ ਨੂੰ ਮਾਣ ਮਿਲਿਆ ਹੈ। ਉਸ ਦੇ ਦੋ ਲੜਕੇ ਵਿਕਾਸ ਸਭਰਵਾਲ ਪੰਜਾਬ ਪੁਲਿਸ ਵਿਚ ਐਸ।ਐਸ।ਪੀ। ਅਤੇ ਸੰਪਨ ਸਭਰਵਾਲ ਆਰਕੀਟੈਕਟ ਹੈ।

ਪ੍ਰਾਣ ਸਭਰਵਾਲ ਦਾ ਜਨਮ 9 ਦਸੰਬਰ 1930 ਨੂੰ ਮੁਨਸ਼ੀ ਰਾਮ ਸਭਰਵਾਲ ਅਤੇ ਮਾਤਾ ਸਵਰਨ ਦਈ ਦੇ ਘਰ ਨੂਰ ਮਹਿਲ ਜਿਲ੍ਹਾ ਜਲੰਧਰ ਵਿਖੇ ਹੋਇਆ। ਮੁਨਸ਼ੀ ਰਾਮ ਇੱਕ ਧਾਰਮਿਕ ਪ੍ਰਵਿਰਤੀ ਵਾਲਾ ਵਿਅਕਤੀ ਸੀ, ਇਸ ਕਰਕੇ ਉਨ੍ਹਾਂ ਨੂੰ ਭਗਤ ਜੀ ਦੇ ਨਾਮ ਨਾਲ ਜਾਣਿਆਂ ਜਾਂਦਾ ਸੀ। ਪ੍ਰਾਣ ਸਭਰਵਾਲ ਨੇ ਆਪਣੀ ਮੁਢਲੀ ਸਿਖਿਆ ਜਲੰਧਰ ਤੋਂ ਹੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਗ੍ਰੈਜੂਏਸ਼ਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੀ । 1962 ਵਿਚ ਉਸ ਦਾ ਪਰਿਵਾਰ ਪਟਿਆਲਾ ਆ ਕੇ ਵਸ ਗਿਆ, ਫ਼ਿਰ ਇਥੇ ਹੀ ਉਸ ਨੇ ਐਮ।ਏ।ਹਿੰਦੀ ਪਹਿਲਾ ਸਾਲ ਪੰਜਾਬੀ ਯੂਨੀਵਰਸਿਟੀ ਤੋ ਪਾਸ ਕੀਤੀ। ਸਕੂਲ ਵਿਚ ਪੜ੍ਹਦਿਆਂ ਉਸ ਨੂੰ ਸਭਿਆਚਾਰਕ ਸਰਗਰਮੀਆਂ ਖਾਸ ਤੌਰ ਤੇ ਨਾਟਕਾਂ ਵਿਚ ਹਿੱਸਾ ਲੈਣ ਦੀ ਚੇਟਕ ਲਗ ਗਈ ਸੀ ਪ੍ਰੰਤੂ ਉਸ ਦੇ ਪਿਤਾ ਸਭਿਆਚਾਰਕ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਨੂੰ ਚੰਗਾ ਨਹੀਂ ਸਮਝਦੇ ਸਨ। ਜਦੋਂ 12 ਸਾਲ ਦੀ ਉਮਰ ਵਿਚ ਹੀ ਉਸ ਨੂੰ ਇਨਾਮ ਮਿਲਣ ਲੱਗ ਪਏ ਤਾਂ ਉਨ੍ਹਾਂ ਪ੍ਰਾਣ ਸਭਰਵਾਲ ਦੇ ਪ੍ਰੋਗਰਾਮਾ ਨੂੰ ਮਾਣਤਾ ਦੇਣੀ ਸ਼ੁਰੂ ਕਰ ਦਿੱਤੀ।

# ਹੁਕਮਰਾਨ ਬਣਨ ਲਈ ਅਨੁਸ਼ਾਸਨ ਜ਼ਰੂਰੀ ਹੈ



ਲਾਲ ਸਿੰਘ ਸੁਲਹਾਣੀ
91-98721-55120

ਬਹੁਜਨ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਸਾਹਿਬ ਕਾਂਸ਼ੀ ਰਾਮ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਚ ਲੋਕ ਸਭਾ ਪੱਧਰ ਦੀਆਂ "ਹੁਕਮਰਾਨ ਬਣੋ" ਰੈਲੀਆਂ ਕਰਨ ਦਾ ਨਿਰਨਾ ਲਿਆ ਗਿਆ। ਤੀਜੀ ਰੈਲੀ ਖੰਨਾ ਮੰਡੀ ਵਿਖੇ 8 ਦਸੰਬਰ 2001 ਨੂੰ ਰੱਖੀ ਗਈ। ਇਸ ਰੈਲੀ ਦੇ ਮੁੱਖ ਪ੍ਰਬੰਧਕ ਮਾਨ ਸਿੰਘ ਮਨਹੇੜਾ ਸਕੱਤਰ ਬਸਪਾ ਪੰਜਾਬ ਅਤੇ ਇੰਚਾਰਜ ਰੋਪੜ ਲੋਕ ਸਭਾ ਨੂੰ ਨਿਯੁਕਤ ਕੀਤਾ ਗਿਆ। ਖੰਨੇ ਦੀ ਮਿਲਟਰੀ ਗਰਾਊਂਡ ਵਿਚ ਸ਼ਾਨਦਾਰ ਪ੍ਰਬੰਧ ਸਨ। ਰੈਲੀ ਦਾ ਸਮਾਂ 11-00 ਵਜੇ ਤੋਂ 3-00 ਵਜੇ ਤੱਕ ਸੀ। ਪਰ 1-30 ਵਜੇ ਤੱਕ ਮਸਾਂ ਦਸ ਪੰਦਰਾਂ ਹਜ਼ਾਰ ਕੁ ਲੋਕ ਈ ਸਨ। ਸਾਹਿਬ ਕਾਂਸ਼ੀ ਰਾਮ ਸਟੇਜ ਤੇ ਵਕਤ ਸਿਰ ਪਹੁੰਚ ਚੁਕੇ ਸਨ। ਸਟੇਜ ਚੱਲ ਰਹੀ ਸੀ, ਬੁਲਾਰੇ ਬੋਲ ਰਹੇ ਸਨ। ਮੈਂ ਆਪਣੇ ਸੰਬੋਧਨ ਦੌਰਾਨ ਮੰਚ ਤੇ ਸ਼ਸ਼ੋਭਿਤ ਆਗੂਆਂ ਦੇ 'ਚ ਜਸਵਿੰਦਰ ਕੌਰ ਦਾ ਨਾਮ ਹੀ ਲਿਆ ਸੀ ।

ਮੇਰੇ ਭਾਸ਼ਣ ਦੀ ਸਮਾਪਤੀ ਉਪਰੰਤ ਸਾਹਿਬ ਮੈਨੂੰ ਕਹਿਣ ਲੱਗੇ " ਤੈਨੂੰ ਪਤਾ ਨਹੀਂ ਜਸਵਿੰਦਰ ਕੌਰ ਪੰਜਾਬ ਦੀ ਯੂਥ ਵਿੰਗ ਦੀ ਪ੍ਰਧਾਨ ਹੈ।" ਮੈਂ ਕਿਹਾ ਸਰ ਮੈਨੂੰ ਇਸ ਬਾਰੇ ਜਾਣਕਾਰੀ ਨਹੀਂ । ਮੇਰੇ ਤੋਂ ਬਾਅਦ ਸਤੀਸ਼ ਕੁਮਾਰ ਭਾਰਤੀ ਸਕੱਤਰ ਪੰਜਾਬ ਬੋਲ ਰਹੇ ਸਨ ਤੇ ਜਸਵਿੰਦਰ ਕੌਰ ਨੇ ਅਜੇ ਬੋਲਣਾ ਸੀ। ਕਾਰਜਕਰਤਾਵਾਂ ਦੇ ਕਾਫਲੇ ਕਤਾਰਾਂ ਬੰਨ੍ਹੀ ਪੰਡਾਲ ਵਿਚ ਸ਼ਾਮਲ ਹੋ ਰਹੇ ਸਨ। ਵੇਖਦਿਆਂ ਵੇਖਦਿਆਂ ਪੰਡਾਲ ਭਰ ਗਿਆ। ਲੱਗ ਭੱਗ ਪੌਣੇ ਤਿੰਨ ਵਜੇ ਧੂਰੀ ਤੋਂ ਦੋ ਕੁ ਸੌ ਕਾਰਜ ਕਰਤਾਵਾਂ ਦਾ ਇਕੱਠ ਢੋਲ ਵਜਾਉਂਦਾ ਤੇ ਭੰਗੜੇ ਪਾਉਂਦਾ ਪੰਡਾਲ ਚ ਸ਼ਾਮਲ ਹੋ ਰਿਹਾ ਸੀ। ਉਹ ਸਟੇਜ ਵੱਲ ਵਧ ਰਹੇ ਸਨ। ਜਿਸ ਨਾਲ ਪੰਡਾਲ ਵਿਚ ਬੈਠੇ ਸੱਭ ਲੋਕ ਉਧਰ ਵੇਖਣ ਲੱਗ ਗਏ। ਸਟੇਜ ਤੋਂ ਬੋਲਣ ਵਾਲੇ ਆਗੂ ਵੱਲ ਕਿਸੇ ਦਾ ਕੋਈ ਧਿਆਨ ਨਹੀਂ ਸੀ।

ਮਹੌਲ ਇਕ ਦਮ ਸ਼ੋਰੀਲਾ ਹੋ ਗਿਆ। ਸਾਹਿਬ ਦਾ ਵਿਗੜਦਾ ਮਿਜਾਜ਼ ਵੇਖਕੇ ਮਾਨ ਸਿੰਘ ਮਨਹੇੜਾ ਸਟੇਜ ਤੋਂ ਵਾਹੋਦਾਹੀ ਉਤਰ ਕੇ ਢੋਲ ਵਜਾਉਣ ਅਤੇ ਭੰਗੜਾ ਪਾਉਣ ਤੋਂ ਰੋਕਣ ਲਈ ਚਲਾ ਗਿਆ ਪਰ ਰੋਕਣ ਦੇ ਬਾਵਜੂਦ ਉਹ ਰੁਕਣ ਦਾ ਨਾਂ ਨਹੀਂ ਲੈ ਰਹੇ ਸਨ ਅਤੇ ਲਗਾਤਾਰ ਸਟੇਜ ਵੱਲ ਵਧਦੇ ਆ ਰਹੇ ਸਨ। ਹਫੜਾ ਦਫੜੀ ਵਾਲੀ ਸਥਿਤੀ ਉਤਪੰਨ ਹੋ ਚੁੱਕੀ ਸੀ। ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਅਜਿਹੀ ਅਨੁਸ਼ਾਸਨ ਹੀਣਤਾ ਵੇਖ ਕੇ ਦੰਗ ਰਹਿ ਗਏ, ਉਹਨਾਂ ਦੇ ਮਨ ਨੂੰ ਭਾਰੀ ਠੇਸ ਪੁੱਜੀ, ਉਹ ਭੜਕ ਉੱਠੇ ਅਤੇ ਉਹਨਾਂ ਨੇ ਆਪਣੀ ਸੀਟ ਤੋਂ ਉੱਠਕੇ ਮਾਈਕ ਤੇ ਝਪਟਦਿਆਂ ਪੁਲਿਸ ਪ੍ਰਸ਼ਾਸਨ ਨੂੰ ਕਿਹਾ "ਜੇ ਇਹ ਚੁੱਪ ਚੁਪੀਤੇ ਪਿੱਛੇ ਜਾਕੇ ਨਹੀਂ ਬੈਠਦੇ ਤਾਂ ਇਨ੍ਹਾਂ ਦੀ ਢੋਲਕੀ ਵਜਾ ਦਿਉ ਅਤੇ ਉਹਨਾਂ ਨੇ ਰੈਲੀ ਸਮਾਪਤ ਕਰਨ ਦਾ ਐਲਾਨ ਕਰ ਦਿਤਾ।" ਉਹਨਾਂ ਨੇ ਰੈਲੀ ਦੇ ਪ੍ਰਬੰਧਕਾਂ ਤੇ ਵਰ੍ਹਦਿਆਂ ਆਖਿਆ ਕਿ ਰੈਲੀ ਦਾ ਪ੍ਰਬੰਧ ਬੇਹੱਦ ਘਟੀਆ ਹੈ ਉਹ ਅਜਿਹੀ ਅਨੁਸ਼ਾਸ਼ਨ ਹੀਣਤਾ ਬਰਦਾਸ਼ਤ ਨਹੀਂ ਕਰਦੇ ਤੇ ਉਹ ਐਸੇ ਜਲਸੇ 'ਚ ਬੋਲਣਾ ਪਸੰਦ ਨਹੀਂ ਕਰਦੇ। ਜਲਸਾ ਬੰਦ ਕਰਕੇ ਮੰਚ ਤੋਂ ਉਤਰਦਿਆਂ ਉਹਨਾਂ ਦਾ ਮਾਨ ਸਿੰਘ ਮਨਹੇੜਾ ਨਾਲ ਸਾਹਮਣਾ ਹੋਇਆ ਤਾਂ ਉਹਨਾਂ ਨੇ ਉਸਨੂੰ ਜ਼ੋਰਦਾਰ ਧੱਕਾ ਮਾਰ ਦਿੱਤਾ। ਮਾਨ ਸਿੰਘ ਮਨਹੇੜਾ ਉੱਚੀ ਉੱਚੀ ਰੋਣ ਲੱਗ ਗਿਆ। ਪੰਡਾਲ ਵਿਚ ਸੰਨਾਟਾ ਛਾ ਗਿਆ ਤੇ ਸੱਭ ਬਸਪਾ ਕਾਰਜ ਕਰਤਾ ਨਿਰਾਸ਼ਤਾ ਦੇ ਆਲਮ ਵਿਚ ਸਨ। ਮੇਰੇ ਵੱਲੋਂ ਵੱਖ ਵੱਖ ਥਾਵਾਂ ਤੋਂ ਪੁੱਜੇ ਵਰਕਰਾਂ ਦੀ ਹੌਂਸਲਾ ਅਫ਼ਜਾਈ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ।

ਸਾਹਿਬ ਕਾਂਸ਼ੀ ਰਾਮ ਜੀ ਅਕਸਰ ਕਿਹਾ ਕਰਦੇ ਸਨ "ਸਾਨੂੰ ਭੀੜ ਇਕੱਠੀ ਕਰਨ ਵਿਚ ਕੋਈ ਦਿਲਚਸਪੀ ਨਹੀਂ ਹੈ, ਜੋ ਸਾਥੀ ਸਮਾਜ ਵਿਚ ਪਰਿਵਰਤਨ ਲਿਆਉਣਾ ਚਾਹੁੰਦੇ ਹਨ ਉਹ ਹੀ ਸਾਡੇ ਨਾਲ ਆਉਣ। ਜਿਹੜੇ ਲੋਕ ਅਹੁਦੇ ਅਤੇ ਸ਼ੋਹਰਤ ਲਈ ਬਸਪਾ ਨਾਲ ਜੁੜੇ ਹਨ ਉਹ ਜਿੰਨੀ ਜਲਦੀ ਹੋ ਸਕੇ ਬਸਪਾ ਛੱਡ ਦੇਣ। ਕਿਉਂਕਿ ਅਗਰ ਅਸੀਂ ਉਹਨਾਂ ਨੂੰ ਕੁਝ ਨਾ ਬਣਾ ਸਕੇ ਤਾਂ ਇਕ ਦਿਨ ਉਹ ਲੋਕ ਸਾਨੂੰ ਛੱਡ ਕੇ ਜਾਣ ਵਾਲੇ ਹਨ, ਯਾਦ ਰਹੇ ਕਿ ਬਸਪਾ ਸਮਾਜਿਕ ਪਰਿਵਰਤਨ ਦਾ ਅੰਦੋਲਨ ਹੈ ਇਸ ਵਿਚ ਨਿਰਸੁਆਰਥੀ, ਇਮਾਨਦਾਰ ਅਤੇ ਫੂਲੇ, ਸ਼ਾਹੂ ਅੰਬੇਡਕਰੀ ਵਿਚਾਰਧਾਰਾ ਚ ਵਿਸ਼ਵਾਸ ਰੱਖਣ ਵਾਲੇ ਕਾਰਜਕਰਤਾਵਾਂ ਦੀ ਹੀ ਲੋੜ ਹੈ। ਬਾਕੀ ਭੀੜ ਇਕੱਠੀ ਕਰਨ ਚ ਸਾਡੀ ਕੋਈ ਦਿਲਚਸਪੀ ਨਹੀਂ।"

ਇਸ ਤੋਂ ਬਾਅਦ ਬਹੁਜਨ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਸਾਹਿਬ ਕਾਂਸ਼ੀ ਰਾਮ ਵਲੋਂ ਆਉਣ ਵਾਲੀਆਂ ਰੈਲੀਆਂ ਚ ਅਨੁਸ਼ਾਸਨ ਹੀਣਤਾ ਦਾ ਅੰਤ ਕਰਨ ਲਈ ਸੁਹਿਰਦ ਕਾਰਜ ਕਰਤਾਵਾਂ ਦੇ ਨਾਂ ਤੇ ਇਕ ਅਪੀਲ ਜਾਰੀ ਕੀਤੀ ਗਈ। ਜਿਸ ਵਿਚ ਉਹਨਾਂ ਨੇ ਆਖਿਆ "ਬਸਪਾ ਦੇਸ਼ ਦੇ ਦਬੇ ਕੁਚਲੇ ਮਿਹਨਤਕਸ਼ ਲੋਕਾਂ ਦੀ ਪਾਰਟੀ ਹੈ, ਜਿਹੜੇ ਲੋਕ ਹਰ ਮੌਸਮ ਚ ਹਰ ਮੁਸ਼ਕਲ ਦਾ ਮੁਕਾਬਲਾ ਕਰਕੇ ਜ਼ਿੰਦਗੀ ਜੀਅ ਰਹੇ ਹਨ।

ਇਨ੍ਹਾਂ ਦੁਸ਼ਵਾਰੀਆਂ ਦਾ ਮੁਕਾਬਲਾ ਕਰਕੇ ਵਿਚਰ ਰਹੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਵਾਸਤੇ ਅਤੇ ਹੁਕਮਰਾਨ ਬਣਨ ਲਈ ਅਨੁਸ਼ਾਸਨ ਹੀਣਤਾ ਦਾ ਅੰਤ ਕਰ ਦੇਣ ਤਾਂ ਕਿ ਬਾਕੀ ਰਹਿੰਦੇ ਪ੍ਰੋਗਰਾਮ ਕਾਮਯਾਬੀ ਨਾਲ ਨੇਪਰੇ ਚੜ੍ਹ ਸਕਣ। ਅਨੁਸ਼ਾਸਨ ਕਾਇਮ ਰੱਖਣ ਲਈ ਬਣਾਏ ਇਹਨਾਂ ਨੁਕਤਿਆਂ ਤੇ ਅਮਲ ਕਰਨ ਤੇ ਸਾਥੀਆਂ ਨੂੰ ਸਹਿਯੋਗ ਲਈ ਲਾਮਬੰਦ ਕਰਨ।"

# ਭਾਰਤ ਵਿੱਚ ਧਰਮ ਦਾ ਹੋ ਰਿਹਾ ਰਾਜਨੀਤੀਕਰਣ ਅਤੇ ਸਰਕਾਰੀਕਰਣ ਭਾਰਤੀ ਸੰਵਿਧਾਨ ਅਤੇ ਧਰਮ ਨਿਰਪੱਖਤਾ ਲਈ ਵੱਡੀ ਚੁਣੌਤੀ



ਕੁਲਦੀਪ ਚੰਦ
91-9417563054

ਭਾਰਤ ਵਿੱਚ ਅਕਸਰ ਹੀ ਸਰਕਾਰਾਂ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਲੋਂ ਧਰਮ ਦੀ ਅਪਣੇ ਰਾਜਨੀਤਿਕ ਉਦੇਸ਼ਾਂ ਲਈ ਵਰਤੋਂ ਕਰਕੇ ਦੇਸ਼ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਦਰਜ਼ ਧਰਮ ਨਿਰਪੱਖ ਸ਼ਬਦ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। 22 ਜਨਵਰੀ 2024 ਨੂੰ ਭਾਰਤ ਵਿੱਚ ਉੱਤਰ ਪ੍ਰਦੇਸ਼ ਦੇ ਅਯੁਧਿਆ ਵਿੱਚ ਭਗਵਾਨ ਸ਼੍ਰੀ ਰਾਮ ਚੰਦਰ ਦੇ ਮੰਦਿਰ ਦਾ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਉਦਘਾਟਨ ਕੀਤਾ ਗਿਆ। ਇਸ ਸਮਾਗਮ ਵਿੱਚ ਦੇਸ਼ ਭਰ ਤੋਂ ਲੱਗਭੱਗ 7000 ਵੀ ਵੀ ਆਈ ਪੀਜ਼ ਦੀ ਮੌਜੂਦਗੀ ਦੇਖੀ ਗਈ ਜਿਸ ਵਿੱਚ ਫਿਲਮੀ ਅਦਾਕਾਰ, ਕਲਾਕਾਰ, ਖਿਡਾਰੀ, ਉਦਯੋਗਪਤੀ, ਸਿਆਸਤਦਾਨ ਆਦਿ ਸ਼ਾਮਲ ਹਨ। ਪ੍ਰਧਾਨ ਮੰਤਰੀ ਮੋਦੀ ਨੇ ਅਯੁੱਧਿਆ ਦੇ ਸ਼੍ਰੀ ਰਾਮ ਜਨਮ ਭੂਮੀ ਮੰਦਰ ਵਿੱਚ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਤੋਂ ਪਹਿਲਾਂ ਕਈ ਹੋਰ ਮੰਦਰਾਂ ਦਾ ਦੌਰਾ ਵੀ ਕੀਤਾ। ਇਸ ਇਤਿਹਾਸਕ ਮੰਦਰ ਦੀ ਉਸਾਰੀ ਦੀ ਸ਼ੁਰੂਆਤ ਲਈ ਭੂਮੀ ਪੂਜਨ 5 ਅਗਸਤ 2020 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਹੀ ਕੀਤੀ ਗਈ ਸੀ। ਇਸ ਜਗ੍ਹਾ ਸਬੰਧੀ ਲੰਬਾ ਸਮਾਂ ਦੋ ਧਰਮਾਂ ਦੇ ਆਗੂਆਂ ਵਿੱਚ ਝਗੜਾ ਰਿਹਾ ਹੈ ਅਤੇ ਇਹ ਮੰਦਿਰ ਮਾਣਯੋਗ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਦ ਹੀ ਬਣਨਾ ਸ਼ੁਰੂ ਹੋਇਆ ਸੀ। ਇਸ ਫੈਸਲੇ ਅਨੁਸਾਰ ਮਸਜਿਦ ਬਣਾਉਣ ਲਈ ਉੱਤਰ ਪ੍ਰਦੇਸ਼ ਸੁੰਨੀ ਕੇਂਦਰੀ ਵਕਫ਼ ਬੋਰਡ ਨੂੰ ਵੀ ਸਰਕਾਰ ਵਲੋਂ ਜ਼ਮੀਨ ਦੇਣ ਦਾ ਵੀ ਹੁਕਮ ਦਿੱਤਾ ਸੀ। ਭਾਰਤ ਸਰਕਾਰ ਨੇ 5 ਫਰਵਰੀ 2020 ਨੂੰ ਉੱਥੇ ਰਾਮ ਮੰਦਰ ਦਾ ਪੁਨਰ ਨਿਰਮਾਣ ਕਰਨ ਲਈ ਸ਼੍ਰੀ ਰਾਮ ਜਨਮ ਭੂਮੀ ਤੀਰਥ ਟਰੱਸਟ ਦੀ ਘੋਸ਼ਣਾ ਕੀਤੀ ਸੀ ਅਤੇ ਇਸ ਮੰਦਿਰ ਦੀ ਨਿਗਰਾਨੀ ਇਸ ਟਰੱਸਟ ਦੁਆਰਾ ਹੀ ਕੀਤੀ ਜਾ ਰਹੀ ਹੈ। ਦੇਸ਼ ਦੇ ਕਈ ਰਾਜਾਂ ਵਿੱਚ 22 ਜਨਵਰੀ ਨੂੰ ਸਮੂਹਿਕ ਛੁੱਟੀ ਕੀਤੀ ਗਈ, ਕੇਂਦਰ ਸਰਕਾਰ ਵਲੋਂ ਵੀ ਵੱਖ ਵੱਖ ਅਦਾਰਿਆਂ ਵਿੱਚ ਅੱਧੇ ਦਿਨ ਦੀ ਛੁੱਟੀ ਕੀਤੀ ਗਈ ਹੈ। ਸਰਕਾਰ ਦੇ ਇਸ ਫੈਸਲੇ ਦਾ ਵੱਖ ਵੱਖ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨਾਂ ਅਤੇ ਲੋਕਾਂ ਨੇ ਸਵਾਗਤ ਕੀਤਾ। ਇਸ ਦਿਨ ਨੂੰ ਦੇਸ਼ ਵਿੱਚ ਇੱਕ ਵੱਡੇ ਤਿਉਹਾਰ ਵਾਂਗ ਮਨਾਇਆ ਗਿਆ। ਇਸ ਸਮਾਰੋਹ ਸਬੰਧੀ ਸੱਤਾਧਾਰੀ ਪਾਰਟੀ ਦੇ ਕਈ ਮੰਤਰੀਆਂ ਅਤੇ ਆਗੂਆਂ ਵਲੋਂ ਆਪਣੇ ਪੱਧਰ ਤੇ ਸਰਕਾਰੀ ਸੱਦਾ ਪੱਤਰ ਦਿਤੇ ਗਏ ਸਨ। ਸਰਕਾਰੀ ਅਤੇ ਕੁੱਝ ਗੈਰ ਸਰਕਾਰੀ ਸੰਸਥਾਵਾਂ ਨੇ ਇਸ ਸਬੰਧੀ ਵੱਡੇ ਪੱਧਰ ਤੇ ਇਸ਼ਤਿਹਾਰਬਾਜ਼ੀ ਕੀਤੀ ਅਤੇ ਦੇਸ਼ ਦੇ ਬਹੁਤੇ ਪ੍ਰਿੰਟ ਮੀਡੀਆ ਅਤੇ ਟੈਲੀਵਿਜ਼ਨ ਚੈਨਲਾਂ ਨੇ ਇਸ ਸਮਾਰੋਹ ਨੂੰ ਲਗਾਤਾਰ ਲਾਇਵ ਵਿਖਾਇਆ ਹੈ। ਸਰਕਾਰ ਵਲੋਂ ਅਯੋਧਿਆ ਲਈ ਵਿਸ਼ੇਸ ਰੇਲ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਕੁੱਝ ਰਾਜ ਸਰਕਾਰਾਂ ਅਪਣੇ ਸੂਬੇ ਦੇ ਲੋਕਾਂ ਨੂੰ ਇਸ ਮੰਦਿਰ ਤੱਕ ਲਿਜਾਉਣ ਲਈ ਸਫਰ ਦਾ ਪ੍ਰਬੰਧ ਕਰ ਰਹੀਆਂ ਹਨ। ਕਾਂਗਰਸ ਪਾਰਟੀ ਸਮੇਤ ਕਈ ਵਿਰੋਧੀ ਰਾਜਨੀਤਿਕ ਪਾਰਟੀਆਂ ਨੇ ਇਸ ਸਮਾਰੋਹ ਦੇ ਸੱਦੇ ਨੂੰ ਠੁਕਰਾ ਦਿੱਤਾ। ਬੇਸ਼ੱਕ ਕਈ ਵਿਰੋਧੀ ਪਾਰਟੀਆਂ ਦੇ ਆਗੂ ਇਸ ਸਮਾਰੋਹ ਵਿੱਚ ਸ਼ਾਮਿਲ ਨਹੀਂ ਹੋਏ ਪਰੰਤੂ ਇਨ੍ਹਾਂ ਪਾਰਟੀਆਂ ਦੇ ਕਈ ਆਗੂਆਂ ਨੇ ਸਥਾਨਕ ਪੱਧਰ ਤੇ ਇਸ ਸਬੰਧੀ ਹੋਏ ਸਮਾਰੋਹਾਂ ਵਿੱਚ ਉਤਸ਼ਾਹ ਨਾਲ ਭਾਗ ਲਿਆ ਸੀ। ਇਸ ਸਥਾਨ ਅਤੇ ਮੰਦਿਰ ਦਾ ਸਬੰਧ ਭਾਰਤ ਵਿੱਚ ਧਾਰਮਿਕ ਬਹੁਗਿਣਤੀ ਹਿੰਦੂ ਧਰਮ ਨਾਲ ਹੋਣ ਕਾਰਨ ਅਤੇ ਘੱਟ ਗਿਣਤੀ ਮੁਸਲਮਾਨਾਂ ਨਾਲ ਇਸ ਜਗ੍ਹਾ ਸਬੰਧੀ ਝਗੜਾ ਰਿਹਾ ਹੋਣ ਕਾਰਨ ਸਰਕਾਰ ਦੀ ਇਸ ਕਾਰਵਾਈ ਨੂੰ ਕੁੱਝ ਲੋਕ ਦੇਸ਼ ਦੀ ਧਰਮ ਨਿਰਪੱਖਤਾ ਲਈ ਗੰਭੀਰ ਚੁਣੌਤੀ ਮੰਨਦੇ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਵਿੱਚ ਕਈ ਹੋਰ ਸਥਾਨਾਂ ਤੇ ਵੀ ਹਿੰਦੂ ਧਾਰਮਿਕ ਸਥਾਨ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਜਿਵੇਂ ਕਿ ਭਾਰਤ ਲੰਬਾ ਸਮਾਂ ਮੁਗਲਾਂ ਦਾ ਗੁਲਾਮ ਰਿਹਾ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੇ ਹਿੰਦੂ ਧਰਮ ਨਾਲ ਸਬੰਧਿਤ ਕਈ ਇਤਿਹਾਸਕ ਧਾਰਮਿਕ ਸਥਾਨਾਂ ਨੂੰ ਤੋੜਕੇ ਅਪਣੇ ਧਰਮ ਦੇ ਸਥਾਨ ਬਣਾਏ ਸਨ। ਲੋਕਾਂ ਦੀਆਂ ਕੁਰਬਾਨੀਆਂ ਸਦਕਾ 15 ਅਗਸਤ 1947 ਨੂੰ ਦੇਸ ਅਜ਼ਾਦ ਹੋਇਆ ਪਰ ਬਦਕਿਸਮਤੀ ਸੀ ਕਿ ਦੇਸ਼ ਦੇ ਦੋ ਭਾਗ ਹੋ ਗਏ ਅਤੇ ਧਰਮ ਦੇ ਅਧਾਰ ਤੇ ਹੀ ਪਾਕਿਸਤਾਨ ਹੋਂਦ ਵਿੱਚ ਆਇਆ ਸੀ। ਅਜ਼ਾਦੀ ਤੋਂ ਬਾਦ ਵੀ ਭਾਰਤ ਵਿੱਚ ਵੱਖ ਵੱਖ ਧਰਮਾਂ ਦੇ ਲੋਕ ਰਹਿੰਦੇ ਹਨ ਅਤੇ ਅਕਸਰ ਹੀ ਵੱਖ ਵੱਖ ਤਿਉਹਾਰਾਂ ਨੂੰ ਮਿਲਕੇ ਉਤਸ਼ਾਹ ਅਤੇ ਸ਼ਰਧਾ ਨਾਲ ਮੰਨਾਉਦੇ ਹਨ। ਭਾਰਤ ਵੱਖ ਵੱਖ ਧਰਮਾਂ, ਭਾਸ਼ਾਵਾਂ ਅਤੇ ਰੀਤੀ-ਰਿਵਾਜਾਂ ਦੀ ਧਰਤੀ ਹੈ। ਇੱਥੇ ਬਹੁਤ ਸਾਰੇ ਧਰਮ ਪੁਰਾਣੇ ਸਮੇਂ ਤੋਂ ਪ੍ਰਫੁੱਲਤ ਹਨ ਜਿਨ੍ਹਾਂ ਦੀਆਂ ਆਪਣੀਆਂ ਪਰੰਪਰਾਵਾਂ ਅਤੇ ਵਿਸ਼ਵਾਸ ਹਨ। ਇਸ ਲਈ ਭਾਰਤ ਬਹੁ-ਧਰਮੀ ਅਤੇ ਬਹੁ-ਸੱਭਿਆਚਾਰਕ ਹੈ। ਧਰਮ ਨਿਰਪੱਖਤਾ ਭਾਰਤੀ ਸਮਾਜ ਦਾ ਇੱਕ ਮਹੱਤਵਪੂਰਨ ਪਹਿਲੂ ਹੈ ਜਿਸ ਲਈ ਇਹ ਵਿਸ਼ਵ ਵਿੱਚ ਵੀ ਮਸ਼ਹੂਰ ਹੈ। ਭਾਰਤ ਵਿੱਚ ਲੱਗਭੱਗ 12 ਧਰਮ, 300 ਤੋਂ ਵੱਧ ਜਾਤਾਂ, ਤਕਰੀਬਨ 4000 ਉੱਪ-ਜਾਤੀਆਂ, 100 ਤੋਂ ਵੱਧ ਪ੍ਰਮੁੱਖ ਭਾਸ਼ਾਵਾਂ ਅਤੇ 300 ਤੋਂ ਵੱਧ ਉੱਪ-ਭਾਸ਼ਾਵਾਂ ਹਨ। ਅਜਾਦੀ ਅਤੇ ਦੇਸ਼ ਦੀ ਵੰਡ ਤੋਂ ਬਾਦ ਪਹਿਲੀ ਵਾਰ ਸਾਲ 1951 ਵਿੱਚ ਹੋਈ ਜਨਗਣਨਾ ਅਨੁਸਾਰ ਭਾਰਤ ਵਿੱਚ ਹਿੰਦੂ ਆਬਾਦੀ 84.1% ਪ੍ਰਤੀਸ਼ਤ, ਮੁਸਲਮਾਨਾਂ ਦੀ ਅਬਾਦੀ 9.8 ਪ੍ਰਤੀਸ਼ਤ, ਇਸਾਈਆਂ ਦੀ ਅਬਾਦੀ 2.3 ਪ੍ਰਤੀਸ਼ਤ, ਸਿੱਖਾਂ ਦੀ ਅਬਾਦੀ 1.79 ਪ੍ਰਤੀਸ਼ਤ, ਬੁੱਧ ਧਰਮ ਨੂੰ ਮੰਨਣ ਵਾਲੇ ਲੋਕਾਂ ਦੀ ਅਬਾਦੀ 0.74 ਪ੍ਰਤੀਸ਼ਤ, ਜੈਨ ਧਰਮ ਦੀ ਅਬਾਦੀ 0.46 ਸੀ ਅਤੇ ਇਸਤੋਂ ਇਲਾਵਾ 0.13 ਪ੍ਰਤੀਸਤ ਹੋਰ ਧਰਮਾਂ ਨੂੰ ਮੰਨਣ ਵਾਲੇ ਅਤੇ ਲੱਗਭੱਗ 0.43 ਪ੍ਰਤੀਸਤ ਅਬਾਦੀ ਕਿਸੇ ਵੀ ਧਰਮ ਨੂੰ ਨਾਂ ਮੰਨਣ ਵਾਲੇ ਲੋਕਾਂ ਦੀ ਸੀ। ਸਾਲ 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਭਾਰਤ ਦੀ 79.80% ਆਬਾਦੀ ਹਿੰਦੂ ਧਰਮ ਨੂੰ ਮੰਨਦੀ ਹੈ, 14.23% ਇਸਲਾਮ ਨੂੰ ਮੰਨਦੀ ਹੈ, 2.30% ਈਸਾਈ ਧਰਮ ਨੂੰ ਮੰਨਦੀ ਹੈ, 1.72% ਸਿੱਖ ਧਰਮ ਨੂੰ ਮੰਨਦੀ ਹੈ, 0.70% ਬੁੱਧ ਧਰਮ ਨੂੰ ਮੰਨਦੀ ਹੈ ਅਤੇ 0.37% ਜੈਨ ਧਰਮ ਨੂੰ ਮੰਨਦੀ ਹੈ ਅਤੇ 0.94 ਪ੍ਰਤੀਸ਼ਤ ਕਿਸੇ ਹੋਰ ਧਰਮ ਜਾਂ ਕਿਸੇ ਵੀ ਧਰਮ ਨੂੰ ਨਾਂ ਮੰਨਣ ਵਾਲਿਆਂ ਨਾਲ ਸਬੰਧਿਤ ਹੈ। ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼





ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ ਅਤੇ ਇਸਦਾ ਕੋਈ ਵੀ ਰਾਸ਼ਟਰੀ ਧਰਮ ਨਹੀਂ ਹੈ। ਭਾਰਤੀ ਸੰਵਿਧਾਨ ਵੀ ਇਸ ਸਬੰਧੀ ਸਪੱਸ਼ਟ ਵਿਆਖਿਆ ਕਰਦਾ ਹੈ। ਦੇਸ ਦੇ ਸੰਵਿਧਾਨ ਨਿਰਮਾਤਾਵਾਂ ਨੇ ਵੀ ਸੰਵਿਧਾਨ ਤਿਆਰ ਕਰਨ ਵੇਲੇ ਸਾਰੇ ਧਰਮਾਂ ਨੂੰ ਯੋਗ ਸਥਾਨ ਦਿਤਾ ਹੈ। ਭਾਰਤ ਕਿਸੇ ਵੀ ਵਿਸ਼ੇਸ਼ ਧਾਰਮਿਕ ਸਮੂਹ ਦੁਆਰਾ ਸ਼ਾਸਿਤ ਨਹੀਂ ਹੈ ਅਤੇ ਨਾ ਹੀ ਇਹ ਕਿਸੇ ਵਿਸ਼ੇਸ਼ ਧਰਮ ਦਾ ਸਮੱਰਥਨ ਕਰਦਾ ਹੈ। ਸਾਲ 1976 ਵਿੱਚ 42ਵੀਂ ਸੋਧ ਦੁਆਰਾ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਨੂੰ ਇੱਕ ਪ੍ਰਭੁਸੱਤਾ ਸੰਪੰਨ ਲੋਕਤੰਤਰੀ ਗਣਰਾਜ ਦੀ ਬਜਾਏ ਇੱਕ ਪ੍ਰਭੁਸੱਤਾ ਸੰਪੰਨ, ਸਮਾਜਵਾਦੀ ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਵਜੋਂ ਦਰਸਾਇਆ ਗਿਆ ਹੈ ਅਤੇ ਰਾਸ਼ਟਰ ਦੀ ਏਕਤਾ ਸ਼ਬਦ ਨੂੰ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਵਿੱਚ ਬਦਲ ਦਿੱਤਾ ਗਿਆ ਹੈ। ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਸਪੱਸ਼ਟ ਕਰਦੀ ਹੈ ਕਿ ਭਾਰਤ ਇੱਕ ਧਰਮ ਨਿਰਪੱਖ ਰਾਜ ਹੈ। ਭਾਰਤੀ ਸੰਵਿਧਾਨ ਅਧੀਨ ਆਰਟੀਕਲ 25 ਸਾਨੂੰ ਜ਼ਮੀਰ ਦੀ ਆਜ਼ਾਦੀ ਅਤੇ ਧਰਮ ਦਾ ਅਭਿਆਸ ਅਤੇ ਪ੍ਰਚਾਰ ਦਾ ਅਧਿਕਾਰ ਦਿੰਦਾ ਹੈ, ਆਰਟੀਕਲ 26 ਧਾਰਮਿਕ ਮਾਮਲਿਆਂ ਦਾ ਪ੍ਰਬੰਧਨ ਕਰਨ ਦੀ ਆਜ਼ਾਦੀ ਦਿੰਦਾ ਹੈ, ਆਰਟੀਕਲ 27 ਕਿਸੇ ਵਿਸ਼ੇਸ਼ ਧਰਮ ਦੇ ਪ੍ਰਚਾਰ ਲਈ ਟੈਕਸ ਅਦਾ ਕਰਨ ਦੀ ਆਜ਼ਾਦੀ ਬਾਰੇ ਹੈ। ਦੁਨੀਆ ਵਿੱਚ ਇਸ ਸਮੇਂ ਲਗਭਗ 96 ਧਰਮ ਨਿਰਪੱਖ ਦੇਸ਼ ਹਨ ਇਨ੍ਹਾਂ ਵਿੱਚੋਂ ਕੁੱਝ ਪੂਰੀ ਤਰ੍ਹਾਂ ਧਰਮ ਨਿਰਪੱਖ ਹਨ ਅਤੇ ਕੁਝ ਅੰਸ਼ਿਕ ਤੋਰ ਤੇ ਹੀ ਨਿਰਪੱਖ ਹਨ। ਇੱਕ ਧਰਮ ਨਿਰਪੱਖ ਰਾਜ ਉਹ ਹੁੰਦਾ ਹੈ ਜਿੱਥੇ ਇਸਦੇ ਲੋਕ ਆਪਣੇ ਦ੍ਰਿਸ਼ਟੀਕੋਣ ਵਾਲੇ ਧਰਮ ਦੀ ਪਾਲਣਾ ਕਰ ਸਕਦੇ ਹਨ ਪਰ ਦੇਸ਼ ਅਧਿਕਾਰਤ ਤੌਰ ਤੇ ਕਿਸੇ ਵੀ ਧਰਮ ਦਾ ਸਮੱਰਥਨ ਜਾਂ ਵਿਰੋਧ ਨਹੀਂ ਕਰਦਾ ਹੈ ਅਤੇ ਜਿੱਥੇ ਲੋਕ ਜਾਤ, ਧਰਮ ਅਤੇ ਸੱਭਿਆਚਾਰ ਦੀ ਪਰਵਾਹ ਕੀਤੇ ਬਿਨਾਂ ਇਕੱਠੇ ਰਹਿ ਸਕਦੇ ਹਨ। ਭਾਰਤ ਵਿੱਚ ਧਰਮ ਦੇਸ਼ ਦੀ ਸੰਸਕ੍ਰਿਤੀ ਦਾ ਇੱਕ ਮਹੱਤਵਪੂਰਨ ਹਿੱਸਾ ਰਿਹਾ ਹੈ ਅਤੇ ਭਾਰਤੀ ਉੱਪ ਮਹਾਂਦੀਪ ਦੁਨੀਆ ਦੇ ਚਾਰ ਪ੍ਰਮੁੱਖ ਧਰਮਾਂਹਿੰਦੂ ਧਰਮ, ਬੁੱਧ ਧਰਮ, ਜੈਨ ਧਰਮ ਅਤੇ ਸਿੱਖ ਧਰਮ ਦਾ ਜਨਮ ਸਥਾਨ ਹੈ ਜੋ ਸਮੂਹਿਕ ਤੌਰ ਤੇ ਮੂਲ ਭਾਰਤੀ ਧਰਮ ਜਾਂ ਧਰਮ ਵਜੋਂ ਜਾਣੇ ਜਾਂਦੇ ਹਨ। ਭਾਰਤੀ ਸੰਵਿਧਾਨ 06 ਧਾਰਮਿਕ ਸਮੂਹਾਂ ਮੁਸਲਮਾਨ, ਸਿੱਖ, ਈਸਾਈ, ਪਾਰਸੀ, ਜੈਨ ਅਤੇ ਬੋਧੀ ਨੂੰ ਅਧਿਕਾਰਤ ਘੱਟ ਗਿਣਤੀ ਦਾ ਦਰਜਾ ਪ੍ਰਦਾਨ ਕਰਦਾ ਹੈ। ਇਸਤੋਂ ਇਲਾਵਾ ਰਾਜ ਸਰਕਾਰ ਕਿਸੇ ਵੀ ਧਾਰਮਿਕ ਸਮੂਹ ਨੂੰ ਘੱਟ ਗਿਣਤੀ ਦਾ ਦਰਜਾ ਦੇ ਸਕਦੀ ਹੈ। ਸਰਕਾਰ ਧਾਰਮਿਕ ਘੱਟ ਗਿਣਤੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਸੱਭਿਆਚਾਰ ਅਤੇ ਧਾਰਮਿਕ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੇ ਯੋਗ ਬਣਾਉਣ ਲਈ ਜ਼ਿੰਮੇਵਾਰ ਹੈ। ਇਸ ਅਨੁਸਾਰ ਸਰਕਾਰੀ ਥਾਵਾਂ ਜਿਵੇਂ ਅਦਾਲਤਾਂ, ਪੁਲਿਸ ਸਟੇਸ਼ਨਾਂ, ਸਰਕਾਰੀ ਸਕੂਲਾਂ ਅਤੇ ਦਫ਼ਤਰਾਂ ਵਿੱਚ ਕਿਸੇ ਇੱਕ ਵਿਸ਼ੇਸ਼ ਧਰਮ ਨੂੰ ਪ੍ਰਦਰਸ਼ਿਤ ਜਾਂ ਪ੍ਰਚਾਰਿਤ ਨਹੀਂ ਕੀਤਾ ਜਾ ਸਕਦਾ ਹੈ। ਭਾਰਤ ਨੇ ਦੂਜੇ ਦੇਸ਼ਾਂ ਦੇ ਮੁਕਾਬਲੇ ਧਰਮ ਨਿਰਪੱਖਤਾ ਨੂੰ ਇੱਕ ਵੱਖਰੇ ਸੰਕਲਪ ਵਿੱਚ ਅਪਣਾਇਆ। ਭਾਰਤ ਅਪਣੇ ਨਾਗਰਿਕਾਂ ਨੂੰ ਕਿਸੇ ਵੀ ਧਰਮ ਨੂੰ ਮੰਨਣ, ਅਭਿਆਸ ਕਰਨ ਅਤੇ ਪ੍ਰਚਾਰ ਕਰਨ ਦੀ ਆਜ਼ਾਦੀ ਪ੍ਰਦਾਨ ਕਰਦਾ ਹੈ ਜਦੋਂ ਤੱਕ ਕਿ ਇਹ ਦੇਸ਼ ਦੀ ਏਕਤਾ ਅਤੇ ਪ੍ਰਭੂਸੱਤਾ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ਹੈ। ਸਾਡਾ ਸੰਵਿਧਾਨ ਕਿਸੇ ਹੋਰ ਧਰਮ ਦੇ ਵਿਅਕਤੀ ਜਾਂ ਰਾਜ ਦੁਆਰਾ ਧਰਮ ਦੇ ਆਧਾਰ ਤੇ ਵਿਤਕਰੇ ਦੀ ਮਨਾਹੀ ਕਰਦਾ ਹੈ। ਭਾਰਤ ਦੀ ਰਾਜਨੀਤੀ ਵਿੱਚ ਭੂਮਿਕਾ ਨਿਭਾਉਣ ਵਾਲੇ ਕਾਂਗਰਸੀ ਆਗੂ ਗਾਂਧੀ ਦਾ ਮੰਨਣਾ ਸੀ ਕਿ ਧਰਮ ਸਿਰਫ਼ ਨਿੱਜੀ ਪਸੰਦ ਦਾ ਮਾਮਲਾ ਹੈ। ਉਹ ਧਾਰਮਿਕ ਸੰਸਥਾਵਾਂ ਨੂੰ ਰਾਜ ਦੀ ਸਹਾਇਤਾ ਦੇ ਵਿਰੁੱਧ ਸੀ ਅਤੇ ਚਾਹੁੰਦਾ ਸੀ ਕਿ ਧਾਰਮਿਕ ਸਿੱਖਿਆ ਲਈ ਕੇਵਲ ਧਾਰਮਿਕ ਸੰਸਥਾਵਾਂ ਦੀ ਹੀ ਜ਼ਿੰਮੇਵਾਰੀ ਹੋਵੇ। ਗਾਂਧੀ ਦਾ ਮੰਨਣਾ ਸੀ ਕਿ ਸਾਰੇ ਧਰਮਾਂ ਨੂੰ ਇੱਕ ਦੂਜੇ ਨੂੰ ਸਮਝਣ ਅਤੇ ਬਰਦਾਸ਼ਤ ਕਰਨ ਯੋਗ ਹੋਣਾ ਚਾਹੀਦਾ ਹੈ। ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਨੁਸਾਰ ਧਾਰਮਿਕ ਆਜ਼ਾਦੀ ਧਾਰਮਿਕ ਮਾਮਲਿਆਂ ਵਿੱਚ ਰਾਜ ਨਿਰਪੱਖਤਾ, ਸਮਾਜਿਕ ਜੀਵਨ ਵਿੱਚ ਧਰਮ ਨਿਰਪੱਖਤਾ ਅਤੇ ਇੱਕ ਮਾਨਸਿਕ ਰਵੱਈਏ ਵਜੋਂ ਧਰਮ ਨਿਰਪੱਖਤਾ ਸਾਰੇ ਪ੍ਰਮੁੱਖ ਪਹਿਲੂ ਹਨ।ਭਾਰਤੀ ਸੰਵਿਧਾਨ ਤਿਆਰ ਕਰਨ ਵਿੱਚ ਵਿਸ਼ੇਸ਼ ਭੁਮਿਕਾ ਨਿਭਾਉਣ ਵਾਲੇ ਡਾਕਟਰ ਭੀਮ ਰਾਓ ਅੰਬੇਡਕਰ ਨੇ ਵੀ ਸਪੱਸ਼ਟ ਕਿਹਾ ਹੈ ਕਿ ਰਾਜ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਤੇ ਵਿਚਾਰ ਨਹੀਂ ਕਰੇਗਾ ਅਤੇ ਧਰਮ ਨਿਰਪੱਖ ਰਾਜ ਦਾ ਮਤਲਬ ਹੈ ਕਿ ਸਰਕਾਰ ਨੂੰ ਲੋਕਾਂ ਤੇ ਕਿਸੇ ਵਿਸ਼ੇਸ਼ ਧਰਮ ਨੂੰ ਥੋਪਣ ਦੀ ਸ਼ਕਤੀ ਨਹੀਂ ਹੋਣੀ ਚਾਹੀਦੀ ਹੈ। ਇਸਦਾ ਸਿੱਟਾ ਹੈ ਕਿ ਭਾਰਤ ਦੇ ਵੱਖ ਵੱਖ ਧਰਮਾਂ ਦੇ ਲੋਕ ਆਪਣੇ ਧਾਰਮਿਕ ਤਿਉਹਾਰਾਂ ਨੂੰ ਅਪਣੀ ਸ਼ਰਧਾ ਅਨੁਸਾਰ ਮਨਾਉਣ ਲਈ ਆਜ਼ਾਦ ਹਨ। ਸਮੇਂ-ਸਮੇਂ ਤੇ ਭਾਰਤ ਵਿੱਚ ਧਰਮ ਨਿਰਪੱਖਤਾ ਦੇ ਉਦੇਸ਼ ਸਬੰਧੀ ਕਈ ਚੁਣੌਤੀਆਂ ਵੇਖਣ ਨੂੰ ਮਿਲੀਆਂ ਹਨ।ਦੇਸ਼ ਦੇ ਕੁੱਝ ਭਾਗਾਂ ਵਿੱਚ ਲੋਕਾਂ ਵਲੋਂ ਕਈ ਵਾਰ ਧਰਮ ਅਧਾਰਤ ਮੁਹਿੰਮ ਚਲਾਈ ਗਈ ਹੈ ਅਤੇ ਧਰਮ ਅਧਾਰਤ ਵੱਖਰੇ ਰਾਸ਼ਟਰ ਬਣਾਉਣ ਦੀ ਮੰਗ ਕੀਤੀ ਜਾਂਦੀ ਹੈ। ਲੋਕ ਮੰਗ ਕਰ ਰਹੇ ਹਨ ਕਿ ਅਜਿਹੇ ਧਾਰਮਿਕ ਸਥਾਨ ਜਿਨ੍ਹਾਂ ਨੂੰ ਮੁਗਲ ਕਾਲ ਦੌਰਾਨ ਤੋੜਿਆ ਗਿਆ ਸੀ ਮੁੜ ਬਣਾਏ ਜਾਣ। ਭਾਰਤ ਦੇ 28 ਵਿੱਚੋਂ 13 ਰਾਜਾਂ ਵਿੱਚ ਧਰਮ ਪਰਿਵਰਤਨ ਨੂੰ ਸੱਖਤੀ ਨਾਲ ਰੋਕਣ ਲਈ ਕਾਨੂੰਨ ਬਣੇ ਹੋਏ ਹਨ। ਇਹਨਾਂ ਵਿੱਚੋਂ ਕੁੱਝ ਰਾਜ ਵਿਆਹ ਦੇ ਉਦੇਸ਼ ਲਈ ਜ਼ਬਰਦਸਤੀ ਧਰਮ ਪਰਿਵਰਤਨ ਦੇ ਵਿਰੁੱਧ ਵਿਸ਼ੇਸ਼ ਤੌਰ ਤੇ ਜ਼ੁਰਮਾਨੇ ਵੀ ਲਗਾਉਂਦੇ ਹਨ ਹਾਲਾਂਕਿ ਕੁੱਝ ਰਾਜਾਂ ਦੀਆਂ ਉੱਚ ਅਦਾਲਤਾਂ ਨੇ ਇਨ੍ਹਾਂ ਕਾਨੂੰਨਾਂ ਅਧੀਨ ਲਿਆਂਦੇ ਕੇਸਾਂ ਨੂੰ ਕਈ ਵਾਰ ਖਾਰਜ ਵੀ ਕਰ ਦਿੱਤਾ ਹੈ। ਕਈ ਰਾਜਾਂ ਵਿੱਚ ਧਾਰਮਿਕ ਘੱਟ ਗਿਣਤੀਆਂ ਦੇ ਮੈਂਬਰਾਂ ਵਿਰੁੱਧ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੁਆਰਾ ਹਿੰਸਾ ਦੀਆਂ ਕਈ ਰਿਪੋਰਟਾਂ ਸਾਹਮਣੇ ਆਈਆਂ ਹਨ। ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ ਦੀ ਦੁਰਵਰਤੋਂ ਕਰਕੇ ਕਈ ਥਾਵਾਂ ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ ਵੀ ਸਾਹਮਣੇ ਆਏ ਹਨ। ਕਈ ਵਾਰ ਘੱਟਗਿਣਤੀਆਂ ਨੂੰ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕਰਨ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਕੁੱਝ ਮਹੀਨੇ ਪਹਿਲਾਂਲੱਗਭੱਗ 108 ਸਾਬਕਾ ਸੀਨੀਅਰ ਸਰਕਾਰੀ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਸੀ ਕਿ ਆਸਾਮ, ਦਿੱਲੀ, ਗੁਜਰਾਤ, ਹਰਿਆਣਾ, ਕਰਨਾਟਕ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਵਰਗੇ ਰਾਜਾਂ ਵਿੱਚ ਧਾਰਮਿਕ ਘੱਟ ਗਿਣਤੀਆਂ ਨਾਲ ਸਰਕਾਰੀ ਵਿਤਕਰਾ ਦੇਸ਼ ਦੇ ਸੰਵਿਧਾਨ ਨੂੰ ਕਮਜ਼ੋਰ ਕਰਨ ਵੱਲ ਇੱਕ ਵੱਡਾ ਕਦਮ ਸਾਬਿਤ ਹੋ ਸਕਦਾ ਹੈ। ਵਿੱਦਿਅਕ ਸੰਸਥਾਵਾਂ ਵਿੱਚ ਧਾਰਮਿਕ ਪਹਿਰਾਵੇ ਤੇ ਕਰਨਾਟਕ ਸਰਕਾਰ ਦੀ ਪਾਬੰਦੀ ਖਿਲਾਫਸਿਨੀਅਰ ਵਕੀਲਾਂ ਸਮੇਤ 700 ਤੋਂ ਵੱਧ ਵਿਅਕਤੀਆਂ ਨੇ ਅਦਾਲਤ ਦੇ ਚੀਫ਼ ਜਸਟਿਸ ਨੂੰ ਇੱਕ ਖੁੱਲੇ ਪੱਤਰ ਵਿੱਚ ਪਾਬੰਦੀ ਦਾ ਵਿਰੋਧ ਕੀਤਾਸੀ। ਮਾਣਯੋਗ ਸੁਪਰੀਮ ਕੋਰਟ ਨੇ ਗ੍ਰਹਿ ਮੰਤਰਾਲੇ ਨੂੰ ਇਸਾਈਆਂ ਤੇ ਹਮਲਿਆਂ ਸਬੰਧੀ 08 ਰਾਜਾਂ ਤੋਂ ਜਾਣਕਾਰੀ ਇਕੱਠੀ ਕਰਨ ਦਾ ਨਿਰਦੇਸ਼ ਦਿੱਤਾ ਸੀ। ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਸਿੱਖ ਧਰਮ ਨਾਲ ਸਬੰਧਿਤ ਵਿਅਕਤੀਆਂ ਅਤੇ ਧਾਰਮਿਕ ਸਥਾਨਾਂ ਤੇ ਵੀ ਹਮਲਿਆਂ ਦੀਆਂ ਕਈ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਘੱਟ ਗਿਣਤੀਆਂ ਲਈ ਰਾਸ਼ਟਰੀ ਆਯੋਗ ਜਿਸ ਵਿੱਚ 06 ਧਾਰਮਿਕ ਘੱਟ ਗਿਣਤੀਆਂ ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਨੁਮਾਇੰਦੇ ਸ਼ਾਮਲ ਹਨ ਧਾਰਮਿਕ ਵਿਤਕਰੇ ਦੇ ਦੋਸ਼ਾਂ ਦੀ ਜਾਂਚ ਕਰਦਾ ਹੈ। ਇਸ ਸਬੰਧੀ ਘੱਟ ਗਿਣਤੀ ਮਾਮਲਿਆਂ ਦਾ ਮੰਤਰਾਲਾ ਵੀ ਜਾਂਚ ਕਰ ਸਕਦਾ ਹੈ। ਇਹਨਾਂ ਏਜੰਸੀਆਂ ਕੋਲ ਕੋਈ ਵੀ ਹੁਕਮ ਲਾਗੂ ਕਰਨ ਦੀਆਂ ਸ਼ਕਤੀਆਂ ਨਹੀਂ ਹਨ ਪਰ ਅਪਰਾਧਿਕ ਜਾਂ ਸਿਵਲ ਉਲੰਘਣਾਵਾਂ ਦੀਆਂ ਲਿਖਤੀ ਸ਼ਿਕਾਇਤਾਂ ਦੇ ਆਧਾਰ ਤੇ ਜਾਂਚ ਕਰ ਸਕਦੀਆਂ ਹਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਜਾਂਚ ਦੇ ਨਤੀਜੇ ਸੌਂਪਦੀਆਂ ਹਨ। ਦੇਸ਼ ਦੇ 28 ਰਾਜਾਂ ਵਿੱਚੋਂ 18 ਰਾਜਾਂ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿੱਚ ਰਾਜ ਘੱਟ ਗਿਣਤੀ ਆਯੋਗ ਹਨ ਜੋ ਧਾਰਮਿਕ ਵਿਤਕਰੇ ਦੇ ਦੋਸ਼ਾਂ ਦੀ ਜਾਂਚ ਕਰਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸਾਲ 2021 ਵਿੱਚ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ਇਸਾਈਆਂ, ਮੁਸਲਮਾਨਾਂ ਅਤੇ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੇ 294 ਕੇਸ ਦਰਜ ਕੀਤੇ ਗਏ ਸਨ। ਇਨ੍ਹਾਂ ਵਿੱਚੋਂ 192 ਮੁਸਲਮਾਨਾਂ ਵਿਰੁੱਧ, 95 ਇਸਾਈਆਂ ਵਿਰੁੱਧ ਅਤੇ 07 ਸਿੱਖਾਂ ਦੇ ਵਿਰੁੱਧ ਹੋਈਆਂ ਘਟਨਾਵਾਂ ਸਬੰਧੀ ਦਰਜ ਕੀਤੇ ਗਏ। ਰਾਸ਼ਟਰੀ ਘੱਟ ਗਿਣਤੀ ਆਯੋਗ ਦੀਆਂ ਰਿਪੋਰਟਾਂ ਅਨੁਸਾਰ ਸਾਲ 2017-2018 ਵਿੱਚ ਮੁਸਲਮਾਨਾਂ ਵਿਰੁੱਧ 1128, ਇਸਾਈਆਂ ਵਿਰੁੱਧ 100, ਸਿੱਖਾਂ ਵਿਰੁੱਧ 83, ਜੈਨ ਵਿਰੁੱਧ 48, ਬੋਧੀਆਂ ਵਿਰੁੱਧ 22, ਪਾਰਸੀਆਂ ਵਿਰੁੱਧ 3 ਅਤੇ ਹੋਰਨਾਂ ਵਿਰੁੱਧ 114 ਅਪਰਾਧਿਕ ਘਟਨਾਵਾਂ ਦੇ ਮਾਮਲੇ ਸਾਹਮਣੇ ਆਯੋਗ ਕੋਲ ਪਹੁੰਚੇ ਹਨ। ਇਸ ਤਰਾਂ ਸਾਲ 2017-2018 ਵਿੱਚਵੱਖ ਵੱਖ ਧਾਰਮਿਕ ਘੱਟ ਗਿਣਤੀਆਂ ਖਿਲਾਫ ਹੋਈਆਂ ਕੁੱਲ 1498 ਘਟਨਾਵਾਂ ਦੀਆਂ ਸ਼ਿਕਾਇਤਾਂ ਦਰਜ਼ ਹੋਈਆਂ ਹਨ ਅਤੇ ਇਹਨਾਂ ਦੀ ਗਿਣਤੀ 2018-2019 ਵਿੱਚ 1871, 2019-2020 ਵਿੱਚ 1670, 2020-2021 ਵਿੱਚ 1463, 2021-2022 ਵਿੱਚ 2076, 2022-2023 ਵਿੱਚ 2423 ਅਤੇ 2023-2024 ਵਿੱਚ 18 ਜਨਵਰੀ 2024 ਤੱਕ ਕੁੱਲ 1689 ਸਿਕਾਇਤਾਂ ਦਰਜ਼ ਹੋਈਆਂ ਹਨ। ਜੇਕਰ ਰਾਸ਼ਟਰੀ ਘੱਟ ਗਿਣਤੀ ਆਯੋਗ ਕੋਲ ਪਹੁੰਚੇ ਅਪਰਾਧਾਂ ਦੇ ਮਾਮਲਿਆਂ ਦੀਆਂ ਕਿਸਮਾਂ ਵੇਖੀਏ ਤਾਂ ਮੁੱਖ ਤੋਰ ਤੇ ਘੱਟ ਗਿਣਤੀਆਂ ਨਾਲ ਸਬੰਧਿਤ ਕਾਨੂੰਨ ਅਤੇ ਵਿਵਸਥਾ ਦੇ ਮਾਮਲੇ, ਜ਼ਮੀਨੀ ਵਿਵਾਦ, ਸੇਵਾ ਮਾਮਲੇ, ਪੁਲਿਸ ਅਧਿਕਾਰੀਆਂ ਖਿਲਾਫ ਸ਼ਿਕਾਇਤ, ਵਿਦਿਅਕ ਮਾਮਲੇ, ਔਰਤਾਂ ਵਿਰੁੱਧ ਛੇੜਖਾਨੀ/ਦੁਰਵਿਵਹਾਰ, ਆਰਥਿਕ ਮਾਮਲੇ, ਵਕਫ਼ ਬੌਰਡ ਸਬੰਧੀ ਮਾਮਲੇ, ਧਾਰਮਿਕ ਅਧਿਕਾਰ, ਪ੍ਰਸ਼ਾਸਨ ਦੇ ਖਿਲਾਫ, ਫਿਰਕੂ ਹਿੰਸਾ, ਸੱਭਿਆਚਾਰਕ ਅਧਿਕਾਰ, ਨਫ਼ਰਤੀ ਅਪਰਾਧ ਆਦਿ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਭਾਰਤ ਵਿੱਚ ਧਰਮ ਨਿਰਪੱਖਤਾ ਲਈ ਕੁਝ ਚੁਣੌਤੀਆਂ ਹਨ ਜਿਵੇਂ ਕਿ ਧਰਮ ਦਾ ਰਾਜਨੀਤੀਕਰਣ, ਇੱਕ ਨਿਆਂਇਕ ਆਰਥਿਕ ਵਿਵਸਥਾ ਨੂੰ

(ਬਾਕੀ ਅਗਲੇ ਸਫੇ 'ਤੇ)

# ਸੱਤੀ ਖੋਖੇਵਾਲੀਆ ਲੈ ਕੇ ਆਇਆ ਟਰੈਕ "ਤੇਰੀ ਬਾਣੀ"

**ਕਨੇਡਾ/ ਵੈਨਕੂਵਰ ( ਕੁਲਦੀਪ ਚੁੰਬਰ )–** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਪ੍ਰਸਿੱਧ ਗੀਤਕਾਰ ਅਤੇ ਗਾਇਕ ਸੱਤੀ ਖੋਖੇਵਾਲੀਆ ਆਪਣਾ ਸਿੰਗਲ ਟਰੈਕ "ਤੇਰੀ ਬਾਣੀ" ਦੇ ਟਾਈਟਲ ਹੇਠ ਲੈ ਕੇ ਸੰਗਤ ਦੇ ਰੂਬਰੂ ਹੋਇਆ ਹੈ। ਇਸ ਟਰੈਕ ਦਾ ਜੱਸੀ ਬੰਗਾ ਯੂਐਸਏ ਅਤੇ ਹੋਰ ਵੱਖ ਵੱਖ ਸਮਾਜੀ ਸ਼ਖਸ਼ੀਅਤਾਂ ਵੱਲੋਂ ਸ਼ਾਨਦਾਰ ਪੋਸਟਰ ਸੋਸ਼ਲ ਮੀਡੀਆ ਤੇ ਰਿਲੀਜ਼ ਕਰ ਦਿੱਤਾ ਗਿਆ ਹੈ। ਗਾਇਕ ਸੱਤੀ ਖੋਖੇਵਾਲੀਆ ਨੇ ਇਸ ਟਰੈਕ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੱਸੀ ਬੰਗਾ, ਮਨਦੀਪ ਰੰਧਾਵਾ, ਸੰਤੋਖ ਲਾਲ ਭਾਰਤੀ, ਜੀਤ ਬਾਬਾ ਬੈਲਜੀਅਮ ਅਤੇ ਹੋਰ ਸੱਜਣਾ ਦਾ ਬਹੁਤ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਇਸ ਲਈ ਉਸ ਨੂੰ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਐਸ ਕੇ ਪ੍ਰੋਡਕਸ਼ਨ ਕੰਪਨੀ ਵੱਲੋਂ ਇਹ ਟਰੈਕ ਰਿਲੀਜ਼ ਕੀਤਾ ਗਿਆ ਹੈ । ਜਿਸ ਨੂੰ ਸੰਗਤਾਂ ਆਪਣਾ ਭਰਪੂਰ ਪਿਆਰ ਦੇ ਕੇ ਨਿਵਾਜਣਗੀਆਂ, ਕਿਉਂਕਿ ਸੱਤੀ ਖੋਖੇਵਾਲੀਆ ਜਿੱਥੇ ਪੰਜਾਬੀ ਗੀਤਕਾਰੀ ਵਿੱਚ ਇੱਕ ਵਿਲੱਖਣ ਨਾਮ ਹੈ, ਉੱਥੇ ਹੀ ਉਹ ਆਪਣੇ ਧਾਰਮਿਕ ਗੀਤਾਂ ਰਾਹੀਂ ਹਮੇਸ਼ਾ ਹੀ ਸੰਗਤਾਂ ਦਾ ਪਿਆਰ ਸਮੇਂ ਸਮੇਂ ਖੱਟਦਾ ਆ ਰਿਹਾ ਹੈ। ਇਸ ਟਰੈਕ "ਤੇਰੀ ਬਾਣੀ" ਨੂੰ ਸੰਗਤਾਂ ਆਪਣਾ ਦਿਲੀਂ ਪਿਆਰ ਦੇਣਗੀਆਂ, ਇਹੀ ਆਸ ਨਾਲ ਉਸ ਵਲੋਂ ਇਹ ਟਰੈਕ ਰਿਲੀਜ਼ ਕੀਤਾ ਗਿਆ ਹੈ।




# "ਕਾਂਸ਼ੀ ਵਿੱਚ ਰੱਬ" ਧਾਰਮਿਕ ਟਰੈਕ ਨਾਲ ਆਪਣੀ ਹਾਜ਼ਰੀ ਭਰੇਗਾ ਪ੍ਰਸਿੱਧ ਗਾਇਕ ਬਲਰਾਜ

**ਕਨੇਡਾ/ ਵੈਨਕੂਵਰ ( ਕੁਲਦੀਪ ਚੁੰਬਰ )–** ਐਸ ਕੇ ਪ੍ਰੋਡਕਸ਼ਨ ਦੀ ਨਿਰਦੇਸ਼ਨਾ ਹੇਠ ਪ੍ਰਸਿੱਧ ਗੀਤਕਾਰ ਤੇ ਗਾਇਕ ਸੱਤੀ ਖੋਖੇਵਾਲੀਆ, ਜੱਸੀ ਬੰਗਾ ਯੂਐਸਏ ਵਲੋਂ ਪ੍ਰਸਿੱਧ ਪੰਜਾਬੀ ਗਾਇਕ ਬਲਰਾਜ ਬਿਲਗਾ ਦਾ ਧਾਰਮਿਕ ਸਿੰਗਲ ਟਰੈਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ "ਕਾਂਸ਼ੀ ਵਿੱਚ ਰੱਬ" ਟਾਈਟਲ ਹੇਠ ਰਿਲੀਜ਼ ਕੀਤਾ ਗਿਆ ਹੈ । ਗਾਇਕ ਬਲਰਾਜ ਇਸ ਤੋਂ ਪਹਿਲਾਂ ਇੱਕ ਹੋਰ ਟਰੈਕ ਚਿੱਠੀਆਂ ਰਾਹੀਂ ਵੀ ਸੰਗਤ ਵਿੱਚ ਭਰਪੂਰ ਹਾਜ਼ਰੀ ਲਗਵਾ ਰਿਹਾ ਹੈ । ਇਸ ਸਬੰਧੀ ਗੀਤਕਾਰ ਸੱਤੀ ਖੋਖੇਵਾਲੀਆ ਨੇ ਦੱਸਿਆ ਕਿ ਇਸ ਖੂਬਸੂਰਤ ਟਰੈਕ ਨੂੰ ਉਸ ਦੀ ਕਲਮ ਵਲੋਂ ਕਲਮਬੱਧ ਕੀਤਾ ਗਿਆ ਹੈ ਅਤੇ ਇਸ ਦਾ ਸੰਗੀਤ ਜੱਸੀ ਬ੍ਰਦਰਜ਼ ਨੇ ਦਿੱਤਾ ਹੈ । ਮਨਦੀਪ ਰੰਧਾਵਾ ਵਲੋਂ ਇਸ ਦਾ ਸ਼ਾਨਦਾਰ ਵੀਡੀਓ ਤਿਆਰ ਕੀਤਾ ਗਿਆ ਹੈ । ਜਿਸ ਨੂੰ ਸੰਗਤ ਭਰਪੂਰ ਮੁਹੱਬਤਾਂ ਦੇ ਕੇ ਨਿਵਾਜ ਰਹੀ ਹੈ । ਵੱਖ ਵੱਖ ਸੋਸ਼ਲ ਸਾਈਟਾਂ ਤੇ ਇਸ ਧਾਰਮਿਕ ਟਰੈਕ ਨੂੰ ਸੰਗਤ ਦਾ ਕਾਫ਼ੀ ਪਿਆਰ ਮਿਲ ਰਿਹਾ ਹੈ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਦੀ ਸਾਂਝ ਇਸ ਟਰੈਕ ਰਾਹੀਂ ਗਾਇਕ ਬਲਰਾਜ ਨੇ ਪਾਉਂਦਿਆਂ ਸੰਗਤ ਨੂੰ ਆਗਮਨ ਪੁਰਬ ਦੀਆਂ ਲੱਖ ਲੱਖ ਮੁਬਾਰਕਾਂ ਦਿੱਤੀਆਂ ਹਨ।




# ਪ੍ਰਸਿੱਧ ਗਾਇਕ ਰਣਜੀਤ ਰਾਣਾ "ਕਾਂਸ਼ੀ ਵਾਲਿਆ" ਟਰੈਕ ਨਾਲ ਇਸ ਵਾਰ ਸੰਗਤ ਦੇ ਹੋਇਆ ਰੂਬਰੂ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਨੂਰ ਰਿਕਾਰਡਸ ਵਲੋਂ ਪ੍ਰਸਿੱਧ ਗਾਇਕ ਰਣਜੀਤ ਰਾਣਾ ਦਾ ਧਾਰਮਿਕ ਸਿੰਗਲ ਟਰੈਕ "ਕਾਂਸ਼ੀ ਵਾਲਿਆ" ਟਾਈਟਲ ਹੇਠ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਵਿੱਚ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਟਰੈਕ ਦੇ ਸਲਾਹਕਾਰ ਮਹਿੰਦਰ ਮਹੇੜੂ ਨੇ ਦੱਸਿਆ ਕਿ ਮਹਿੰਦਰ ਸਿੰਘ ਕਾਨੂਗੋ ਦਾ ਇਸ ਟਰੈਕ ਲਈ ਵਿਸ਼ੇਸ਼ ਸਹਿਯੋਗ ਹੈ। ਰਾਜ ਘੇੜਾ ਇਸ ਟਰੈਕ ਦੇ ਪੇਸ਼ਕਾਰ ਹਨ ਅਤੇ ਮੰਗਾਂ ਦਕੋਹਾ ਜਰਮਨੀ ਨੇ ਇਸਨੂੰ ਕਲਮਬੱਧ ਕੀਤਾ ਹੈ । ਫੋਕ ਸਵੈਗਰ ਵਲੋਂ ਇਸਦਾ ਸੰਗੀਤ ਦਿੱਤਾ ਗਿਆ ਹੈ ਅਤੇ ਆਰ ਕੇ ਬਾਂਸਲ ਇਸ ਟਰੈਕ ਦੇ ਡਾਇਰੈਕਟਰ ਹਨ। ਗਾਇਕ ਰਣਜੀਤ ਰਾਣਾ ਹਰ ਵਰ੍ਹੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਮੌਕੇ ਆਪਣੀ ਹਾਜ਼ਰੀ ਵੱਖ ਵੱਖ ਸਿੰਗਲ ਟਰੈਕਸ ਰਾਹੀਂ ਸੰਗਤ ਵਿੱਚ ਲਗਵਾਉਂਦੇ ਰਹਿੰਦੇ ਹਨ, ਉਹਨਾਂ ਦੀ ਇਸ ਸਫਲ ਕੋਸ਼ਿਸ਼ ਨੂੰ ਸੰਗਤ ਅਥਾਹ ਮੁਹੱਬਤਾਂ ਦੇ ਕੇ ਨਿਵਾਜਦੀ ਹੈ।




# ਗਾਇਕ ਜੇ ਐਚ ਤਾਜਪੁਰੀ "ਗੁਰੂ ਰਵਿਦਾਸ ਦੇ ਜਾਏ" ਸਿੰਗਲ ਟਰੈਕ ਨਾਲ ਭਰੇਗਾ ਦਮਦਾਰ ਹਾਜ਼ਰੀ

**ਕਨੇਡਾ/ ਵੈਨਕੂਵਰ (ਕੁਲਦੀਪ ਚੁੰਬਰ)–** ਮੇਲਾ ਇੰਟਰਟੇਨਮੈਂਟ ਕੰਪਨੀ ਕਨੇਡਾ ਦੇ ਐਮ ਡੀ ਬਿੱਲ ਬਸਰਾ ਜੀ ਅਤੇ ਪ੍ਰਸਿੱਧ ਮਿਸ਼ਨਰੀ ਗੀਤਕਾਰ ਅਮ-ਰਜੀਤ ਬੇਗਮਪੁਰੀ ਦੀ ਪੇਸ਼ਕਸ਼ ਵਿੱਚ ਗਾਇਕ ਜੇ ਐਚ ਤਾਜਪੁਰੀ "ਗੁਰੂ ਰਵਿਦਾਸ ਦੇ ਜਾਏ" ਟਰੈਕ ਨਾਲ ਇਸ ਵਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਮੌਕੇ ਸੰਗਤ ਵਿੱਚ ਹਾਜ਼ਰੀ ਲਗਵਾ ਰਿਹਾ ਹੈ। ਇਸ ਸਬੰਧੀ ਗਾਇਕ ਜੇ ਐਚ ਤਾਂਜਪੁਰੀ (ਬੀਬੇ ਪੁੱਤ ਚਮਾਰਾਂ ਦੇ ਫੇਮ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟਰੈਕ ਨੂੰ ਬੰਸਾ ਮਲਕਪੁਰੀ ਜਰਮਨ ਨੇ ਕਲਮਬੱਧ ਕੀਤਾ ਹੈ ਅਤੇ ਇਸਦਾ ਸੰਗੀਤ ਕੇ ਕੁਲਦੀਪ ਵਲੋਂ ਰਿਵਾਇਤੀ ਅੰਦਾਜ਼ ਵਿੱਚ ਕੀਤਾ ਗਿਆ ਹੈ। ਵੀਡੀਓ ਐਡੀਟਰ ਆਰ ਸੀ ਹਨ। ਰਾਜ ਦਦਰਾਲ ਦੇ ਇਸ ਪ੍ਰੋਜੈਕਟ ਦੇ ਪ੍ਰੋਡਿਊਸਰ ਬਿੱਲ ਬਸਰਾ ਅਤੇ ਅਮਰਜੀਤ ਬੇਗਮਪੁਰੀ ਪ੍ਰਸਿੱਧ ਗੀਤਕਾਰ ਹਨ। ਗਾਇਕ ਜੇ ਐਚ ਤਾਜਪੁਰੀ ਆਪਣੇ ਇਸ ਟਰੈਕ ਨਾਲ ਸੰਗਤ ਦਾ ਭਰਪੂਰ ਪਿਆਰ ਖੱਟੇਗਾ, ਕਿਉਂਕਿ ਇਸ ਤੋਂ ਪਹਿਲਾਂ ਉਸ ਵਲੋਂ ਗਾਏ ਗਏ ਅਨੇਕਾਂ ਗੀਤ ਸਮਾਜ ਵਿੱਚ ਸੁਪਰ ਹਿੱਟ ਹੋਏ ਹਨ ਅਤੇ "ਬੀਬੇ ਪੁੱਤ" ਉਸ ਦਾ ਹਿੱਟ ਸੌਂਗ ਹੈ।




# ਗੋਲਡਨ ਸਟਾਰ ਮਲਕੀਤ ਸਿੰਘ ਵਲੋਂ ਦਲਵਿੰਦਰ ਦਿਆਲਪੁਰੀ ਨਾਲ ਅਫ਼ਸੋਸ ਦਾ ਪ੍ਰਗਟਾਵਾ



**ਕਰਤਾਰਪੁਰ –** ਪਿਛਲੇ ਦਿਨੀਂ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦੇ ਪਿਤਾ ਸੂਬੇਦਾਰ ਕਰਨੈਲ ਸਿੰਘ ਲੰਬੜਦਾਰ ਦੇ ਦੇਹਾਂਤ ਤੋਂ ਬਾਅਦ ਗੋਲਡਨ ਸਟਾਰ ਮਲਕੀਤ ਸਿੰਘ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦੇ ਗ੍ਰਹਿ ਵਿਖੇ ਪਿੰਡ ਦਿਆਲਪੁਰ ਵਿਖੇ ਪਰਿਵਾਰ ਨਾਲ ਅਫ਼ਸੋਸ ਕਰਨ ਲਈ ਪੁੱਜੇ।ਇਸ ਮੌਕੇ ਗੋਲਡਨ ਸਟਾਰ ਮਲਕੀਤ ਸਿੰਘ ਨੇ ਕਿਹਾ ਕਿ ਮਾਤਾ ਪਿਤਾ ਹੀ ਅਨਮੋਲ ਖ਼ਜ਼ਾਨਾ ਹਨ ਅਤੇ ਸਾਨੂੰ ਸੱਭ ਨੂੰ ਮਾਤਾ ਪਿਤਾ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਓਹਨਾਂ ਕਿਹਾ ਕਿ ਖੁਸ਼ੀ ਵੰਡਾ ਕੇ ਵੱਧਦੀ ਏ ਅਤੇ ਦੁੱਖ ਸਾਂਝਾ ਕਰਨ ਨਾਲ ਦੁੱਖ ਘੱਟ ਜਾਂਦਾ ਹੈ। ਇਸ ਮੌਕੇ ਤੇ ਦਲਵਿੰਦਰ ਦਿਆਲਪੁਰੀ ਦੇ ਮਾਤਾ ਸਰਦਾਰਨੀ ਸਵਿੰਦਰ ਕੌਰ, ਭੈਣ ਪਰਮਜੀਤ ਕੋਰ ਜੀਜਾ ਰਸ਼ਪਾਲ ਸਿੰਘ ਇੰਗਲੈਂਡ, ਸਰਬਜੀਤ ਕੌਰ ਇਟਲੀ, ਸਾਬਕਾ ਮੈਂਬਰ ਪੰਚਾਇਤ ਜਸਵਿੰਦਰ ਕੌਰ, ਹਰਸਿਮਰਨਜੀਤ ਸਿੰਘ, ਅਕਾਸ਼ਦੀਪ ਕੌਰ, ਹਰਮਨਜੋਤ ਸਿੰਘ, ਗੋਲਡਨ ਸਟਾਰ ਮਲਕੀਤ ਸਿੰਘ ਦੇ ਮੈਨੇਜਰ ਰਾਜ ਕੁਮਾਰ ਰਾਜੂ ਜਲੰਧਰ ਹਾਜ਼ਰ ਸਨ। **ਰਿਪੋਰਟ : ਕੁਲਦੀਪ ਚੁੰਬਰ ਕਨੇਡਾ**

# ਭਾਰਤ ਵਿੱਚ ਧਰਮ ਦਾ ਹੋ ਰਿਹਾ ਰਾਜਨੀਤੀਕਰਨ ਅਤੇ ਸਰਕਾਰੀਕਰਣ ਭਾਰਤੀ ਸੰਵਿਧਾਨ ਅਤੇ ਧਰਮ ਨਿਰਪੱਖਤਾ ਲਈ ਵੱਡੀ ਚੁਣੌਤੀ

**(ਸਫਾ 23 ਦੀ ਬਾਕੀ)**

ਵਿਕਸਤ ਕਰਨ ਵਿੱਚ ਸਰਕਾਰ ਦੀ ਅਸਫਲਤਾ, ਘੱਟ ਗਿਣਤੀ ਸਮੂਹ ਧਾਰਨਾਵਾਂ, ਨੁਕਸਦਾਰ ਵਿੱਦਿਅਕ ਪ੍ਰਣਾਲੀ, ਸੰਵਿਧਾਨਕ ਅਤੇ ਲੋਕਤੰਤਰੀ ਸੰਸਥਾਵਾਂ ਵਿੱਚ ਆ ਰਹੀ ਗਿਰਾਵਟ ਆਦਿ ਪ੍ਰਮੁੱਖ ਹਨ। ਭਾਰਤੀ ਰਾਜਨੀਤੀ ਵਿੱਚ ਪਿਛਲੇ ਕੁੱਝ ਦਹਾਕਿਆਂ ਦੌਰਾਨ ਧਰਮ ਦੀ ਭੂਮਿਕਾ ਮਹੱਤਵਪੂਰਨ ਹੋ ਗਈ ਹੈ ਅਤੇ ਧਰਮ ਦੇਸ਼ ਦੀ ਰਾਜਨੀਤੀ ਅਤੇ ਇਸ ਦੇ ਲੋਕਤੰਤਰਿਕਅਧਾਰ ਨੂੰ ਪ੍ਰਭਾਵਿਤ ਕਰਦਾ ਹੈ। ਭਾਰਤ ਦੀ ਰਾਜਨੀਤੀ ਵਿੱਚ ਧਰਮ ਨੂੰ ਸਕਾਰਾਤਮਕ ਅਤੇ ਨਕਾਰਾਤਮਕ ਰੂਪ ਵਿੱਚ ਵਰਤਿਆ ਗਿਆ ਹੈ। ਇਸ ਦੀ ਵਰਤੋਂ ਲੋਕਾਂ ਦਾ ਸਮੱਰਥਨ ਪ੍ਰਾਪਤ ਕਰਨ ਲਈ ਕੀਤੀ ਗਈ ਹੈ। ਚੋਣਾਂ ਜਿੱਤਣ ਜਾਂ ਹਾਰਨ ਵਿਚ ਧਰਮ ਅਧਾਰਿਤ ਰਾਜਨੀਤੀ ਦਾ ਅਹਿਮ ਰੋਲ ਰਿਹਾ ਹੈ। ਇਸ ਨੇ ਸਮਾਜਿਕ ਅਤੇ ਸੱਭਿਆਚਾਰਕ ਮੁੱਦਿਆਂ ਨਾਲ ਨਜਿੱਠਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਰਾਜਨੀਤਿਕ ਪਾਰਟੀਆਂ ਵੱਖ-ਵੱਖ ਤਰੀਕਿਆਂ ਨਾਲ ਧਰਮ ਦੀ ਵਰਤੋਂ ਕਰਦੀਆਂ ਹਨ। ਬਹੁਤੇ ਸਿਆਸਤਦਾਨ ਧਾਰਮਿਕ ਸਮੂਹਾਂ ਵਿੱਚ ਸ਼ਾਮਲ ਹੁੰਦੇ ਹਨ ਅਤੇ ਚੋਣਾਂ ਵਿੱਚ ਸਮੱਰਥਨ ਪ੍ਰਾਪਤ ਕਰਨ ਲਈ ਆਪਣੇ ਧਾਰਮਿਕ ਵਿਸ਼ਵਾਸਾਂ ਦੀ ਵੱਖ ਵੱਖ ਤਰੀਕਿਆਂ ਨਾਲ ਵਕਾਲਤ ਕਰਦੇ ਹਨ। ਕੁੱਝ ਸਿਆਸੀ ਪਾਰਟੀਆਂ ਵੋਟਾਂ ਹਾਸਲ ਕਰਨ ਲਈ ਧਾਰਮਿਕ ਮਤਭੇਦਾਂ ਦੀ ਵਰਤੋਂ ਕਰਦੀਆਂ ਹਨ। ਕਈ ਰਾਜਨੀਤਿਕ ਆਗੂ ਵੱਖ-ਵੱਖ ਧਾਰਮਿਕ ਸਮੂਹਾਂ ਵਿਚਕਾਰ ਤਣਾਅ ਪੈਦਾ ਕਰਕੇ, ਲੋਕਾਂ ਨੂੰ ਡਰਾਕੇ ਅਤੇ ਅਸੁਰੱਖਿਅਤ ਮਹਿਸੂਸ ਕਰਵਾਕੇਧਾਰਮਿਕ ਹਿੰਸਾ ਨੂੰ ਉਤਸ਼ਾਹਿਤ ਕਰਦੇ ਹਨ। ਕਈ ਰਾਜਨੇਤਾ ਵੱਖ ਵੱਖ ਧਾਰਮਿਕ ਕੇਂਦਰਾਂ ਵਿੱਚ ਜਾਂਦੇ ਹਨ ਅਤੇ ਅਜਿਹੇ ਧਾਰਮਿਕ ਕੇਂਦਰਾਂ ਨੂੰ ਫੰਡ ਵੀ ਦਿੰਦੇ ਹਨ। ਇਸ ਅਭਿਆਸ ਨੂੰ ਤੁਸ਼ਟੀਕਰਨ ਜਾਂ ਪੱਖਪਾਤ ਵਜੋਂ ਦੇਖਿਆ ਜਾ ਸਕਦਾ ਹੈ। ਲੋਕ ਪ੍ਰਤੀਨਿਧਤਾ ਐਕਟ 1951 ਚੋਣ ਪ੍ਰਚਾਰ ਲਈ ਧਰਮ, ਜਾਤ ਆਦੀ ਦੀ ਵਰਤੋਂ ਤੇ ਪਾਬੰਦੀ ਲਗਾਉਂਦਾ ਹੈ। ਭਾਰਤੀ ਚੋਣ ਆਯੋਗਇਹ ਯਕੀਨੀ ਬਣਾਉਂਦੇ ਹਨ ਕਿ ਭਾਰਤ ਵਿੱਚ ਚੋਣਾਂ ਨਿਰਪੱਖ ਅਤੇ ਆਜ਼ਾਦ ਹੋਣ ਅਤੇ ਸਿਆਸੀ ਪਾਰਟੀਆਂ ਅਤੇ ਉਮੀਦਵਾਰ ਧਰਮ ਦੇ ਆਧਾਰ ਤੇ ਵੋਟਾਂ ਨਹੀਂ ਮੰਗ ਸਕਦੇ ਹਨ।

ਇਹ ਨਿਯਮਾਂ ਨੂੰ ਤੋੜਨ ਵਾਲੇ ਲੋਕਾਂ ਨੂੰ ਸਜ਼ਾ ਦਿੰਦਾ ਹੈ। ਸੰਵਿਧਾਨ ਦਾ ਆਰਟੀਕਲ 27 ਕਿਸੇ ਖਾਸ ਧਰਮ ਜਾਂ ਧਾਰਮਿਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਜਨਤਕ ਫੰਡਾਂ ਦੀ ਵਰਤੋਂ ਤੇ ਪਾਬੰਦੀ ਲਗਾਉਂਦਾ ਹੈ ਪਰੰਤੂ ਇਸਦੇ ਬਾਬਜੂਦ ਕਈ ਰਾਜਨੀਤਿਕ ਪਾਰਟੀਆਂ ਅਤੇ ਸਰਕਾਰਾਂ ਕਈ ਵਾਰ ਅਪਣੇ ਫੰਡਾਂ ਦੀ ਵਰਤੋਂ ਧਾਰਮਿਕ ਅਦਾਰਿਆਂ ਲਈ ਸ਼ਰੇਆਮ ਕਰਦੀਆਂ ਹਨ ਜੋ ਵੱਡੀ ਚਿੰਤਾ ਦਾ ਵਿਸ਼ਾ ਹੈ। ਭਾਰਤ ਵਿੱਚ 60 ਦੇ ਦਹਾਕੇ ਤੋਂ ਭਾਰਤੀ ਰਾਜਨੀਤੀ ਨੇ ਸ਼ੈਲੀ, ਭਾਸ਼ਾ, ਵਿਵਹਾਰ ਦੇ ਢੰਗਾਂ ਵਿੱਚ ਭਾਰੀ ਤਬਦੀਲੀਆਂ ਵੇਖੀਆਂ ਹਨ।ਪ੍ਰਸ਼ਾਸਨਿਕ ਅਤੇ ਅਦਾਲਤੀ ਮਾਮਲਿਆਂ ਵਿੱਚ ਰਾਜਨੀਤਿਕ ਅਤੇ ਧਾਰਮਿਕਆਗੂਆਂ ਦੀ ਦਖ਼ਲਅੰਦਾਜ਼ੀ ਦੇ ਇਲਜ਼ਾਮ ਭਾਰਤ ਦੇ ਧਰਮ ਨਿਰਪੱਖ ਲੋਕਤੰਤਰ ਲਈ ਖ਼ਤਰਨਾਕ ਸਾਬਤ ਹੋ ਰਹੇ ਹਨ। ਰਾਜਨੀਤਿਕ ਆਗੂ ਵੱਖ-ਵੱਖ ਐਲਾਨ ਕਰਕੇ ਕਿਸੇ ਵਿਸ਼ੇਸ਼ ਭਾਈਚਾਰੇ, ਰਾਜਨੀਤਿਕ ਪਾਰਟੀਆਂ ਦਾ ਪੱਖ ਪੂਰਣ ਵਾਲੀਆਂ ਸਕੀਮਾਂ, ਧਰਮ ਨਿਰਪੱਖਤਾ ਦੇ ਵਿਚਾਰ ਦੀ ਖੁੱਲ੍ਹੇਆਮ ਉਲੰਘਣਾ ਕਰਦੇ ਹਨ। ਚੋਣਾਂ ਦੌਰਾਨ ਟਿਕਟਾਂ ਵੰਡਣ ਸਮੇਂ ਤਕਰੀਬਨ ਸਾਰੀਆਂ ਸਿਆਸੀ ਪਾਰਟੀਆਂ ਇਲਾਕੇ ਅਤੇ ਉਮੀਦਵਾਰ ਦੇ ਧਰਮ ਦਾ ਵਿਸ਼ੇਸ਼ ਧਿਆਨ ਰੱਖਦੀਆਂ ਹਨ। ਪਿਛਲੇ ਕੁੱਝ ਦਹਾਕਿਆਂ ਦੌਰਾਨ ਸਰਕਾਰਾਂ ਵਲੋਂ ਸੰਵਿਧਾਨਿਕ ਸੰਸਥਾਵਾਂ ਅਤੇ ਸਰਕਾਰੀ ਅਦਾਰਿਆਂ ਦੀ ਧਰਮ ਲਈ ਖੁਲੇਆਮ ਵਰਤੋਂ ਅਤੇ ਧਰਮ ਲਈ ਸਰਕਾਰੀ ਸਾਧਨਾ ਦੀ ਦੁਰਵਰਤੋਂ ਦੇ ਵੀ ਕਈ ਮਾਮਲੇ ਸਾਹਮਣੇ ਆਏ ਹਨ।

ਕਈ ਵਾਰ ਕੁੱਝ ਬੁੱਧੀਜੀਵੀਆਂ, ਲੇਖਕਾਂ, ਮੀਡੀਆ ਕਰਮੀਆਂ, ਸੰਵਿਧਾਨਿਕ ਸੰਸਥਾਵਾਂ ਦੇ ਕੁੱਝ ਅਧਿਕਾਰੀਆਂ ਨੇ ਵੀ ਸਰਕਾਰ ਦੀਆਂ ਅਜਿਹੀਆਂ ਕਰਵਾਈਆਂ ਦੀ ਸੱਖਤ ਵਿਰੋਧਤਾ ਕੀਤੀ ਹੈ।ਦੇਸ਼ ਵਿੱਚ ਧਰਮ ਨਿਰਪੱਖਤਾ ਸੰਕਟ ਵਿੱਚ ਘਿਰਦੀ ਨਜ਼ਰ ਆ ਰਹੀ ਹੈ। ਧਰਮ ਨਿਰਪੱਖਤਾ ਦੇ ਵਿਚਾਰ ਦਾ ਵਿਕਾਸ ਰੁਕ ਗਿਆ ਹੈ ਕਿਉਂਕਿ ਧਰਮ ਨਿਰਪੱਖਤਾ ਦੇ ਵਿਰੋਧੀ ਅਤੇ ਸਮੱਰਥਕ ਇਸਨੂੰ ਭਾਰਤ ਲਈ ਅਪਣੇ-ਅਪਣੇ ਅਨੁਸਾਰ ਪਰਿਭਾਸ਼ਿਤ ਕਰਦੇ ਹਨ। ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ਤੇ ਹੋ ਰਹੇ ਹਮਲੇ, ਸਰਕਾਰਾਂ ਵਲੋਂ ਸਿੱਧੇ ਤੋਰ ਤੇ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜੀ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਲਈ ਵੱਡੀ ਚੁਣੌਤੀ ਹੈ ਜਿਸ ਲਈ ਵੱਖ ਵੱਖ ਸਮਾਜਿਕ, ਧਾਰਮਿਕ, ਰਾਜਨੀਤਿਕ, ਸੰਵਿਧਾਨਿਕ ਸੰਸਥਾਵਾਂ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਨਹੀਂ ਤਾਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੀਆਂ ਅਜਿਹੀਆਂ ਕੋਝੀਆਂ ਨੀਤੀਆਂ ਦੇਸ਼ ਦੇ ਸੁਨਿਹਰੀ ਭਵਿੱਖ ਲਈ ਖਤਰਨਾਕ ਸਾਬਿਤ ਹੋ ਸਕਦੀਆਂ ਹਨ। ਸਾਨੂੰ ਇੱਕ ਸੱਚੇ ਧਰਮ ਨਿਰਪੱਖ ਦੀ ਲੋੜ ਹੈ ਜਿਸ ਵਿੱਚ ਪਛਾਣ ਅਤੇ ਵਫ਼ਾਦਾਰੀ ਦੇ ਗੁੰਝਲਦਾਰ ਮੁੱਦਿਆਂ ਤੇ ਚਰਚਾ ਕੀਤੀ ਜਾ ਸਕਦੀ ਹੈ ਅਤੇ ਪ੍ਰਗਤੀਸ਼ੀਲ ਸਮਾਜਿਕ ਤਬਦੀਲੀ ਨੂੰ ਸਮਰੱਥ ਬਣਾਇਆ ਜਾ ਸਕੇ।

# 21ਵੇਂ ਰਾਜ ਪੱਧਰੀ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਟੂਰਨਾਮੈਂਟ ਦੀ ਤਿਆਰੀ ਲਈ ਮੀਟਿੰਗ ਹੋਈ

## 8 ਕਲੱਬ, 6 ਕਾਲਜ ਤੇ 8 ਪੇਂਡੂ ਟੀਮਾਂ ਲੈਣਗੀਆਂ ਹਿੱਸਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਗੜ੍ਹਸ਼ੰਕਰ ਦੀ ਮੀਟਿੰਗ ਇਥੇ ਉਲੰਪੀਅਨ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਸਟੇਡੀਅਮ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਮੇਟੀ ਦੇ ਸੀਨੀਅਰ ਵਾਈਸ ਪ੍ਰਧਾਨ ਡਾ. ਹਰਵਿੰਦਰ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਹੋਈ।



ਮੀਟਿੰਗ ਵਿਚ 8 ਫਰਵਰੀ ਤੋਂ 12 ਫਰਵਰੀ ਤੱਕ ਕਰਵਾਏ ਜਾ ਰਹੇ 21ਵੇਂ ਰਾਜ ਪੱਧਰੀ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਟੂਰਨਾਮੈਂਟ ਦੀ ਤਿਆਰੀ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦੌਰਾਨ ਡਾ। ਹਰਵਿੰਦਰ ਸਿੰਘ ਬਾਠ ਨੇ ਦੱਸਿਆ ਕਿ ਟੂਰਨਾਮੈਂਟ ਕਮੇਟੀ ਦੇ ਸਰਪ੍ਰਸਤ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਦੀ ਸਰਪ੍ਰਸਤੀ ਹੇਠ ਕਰਵਾਏ ਜਾ ਰਹੇ ਟੂਰਨਾਮੈਂਟ ਦਾ ਉਦਘਾਟਨ 8 ਫਰਵਰੀ ਨੂੰ ਸਵੇਰੇ 10 ਵਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਕੀਤਾ ਜਾਵੇਗਾ ਤੇ 12 ਫਰਵਰੀ ਨੂੰ ਟੂਰਨਾਮੈਂਟ ਦੇ ਇਨਾਮਾਂ ਦਾ ਵੰਡ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਵਲੋਂ ਕੀਤੀ ਜਾਵੇਗੀ। ਉਨ੍ਹਾਂ ਮੀਟਿੰਗ ਦੌਰਾਨ ਟੂਰਨਾਮੈਂਟ ਦੇ ਕਲੱਬ ਵਰਗ ਲਈ ਮੇਜ਼ਬਾਨ ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਅਕੈਡਮੀ ਗੜ੍ਹਸ਼ੰਰ, ਜੇ।ਸੀ।ਟੀ। ਫੁੱਟਬਾਲ ਅਕੈਡਮੀ ਫਗਵਾੜਾ, ਪੰਜਾਬ ਪੁਲਿਸ ਜਲੰਧਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜੱਬੜ, ਰੇਲ ਕੋਚ ਫੈਕਟਰੀ ਕਪੂਰਥਲਾ, ਯੰਗ ਫੁੱਟਬਾਲ ਕਲੱਬ ਮਾਹਿਲਪੁਰ, ਨਾਮਧਾਰੀ ਫੁੱਟਬਾਲ ਅਕੈਡਮੀ ਭੈਣੀ ਸਾਹਿਬ, ਦਲਬੀਰ ਫੁੱਟਬਾਲ ਅਕੈਡਮੀ ਪਟਿਆਲਾ, ਕਾਲਜ ਵਰਗ ਲਈ ਪ੍ਰਿੰਸੀਪਲ ਹਰੀ ਸਿੰਘ ਫੁੱਟਬਾਲ ਅਕੈਡਮੀ ਮਾਹਿਲਪੁਰ, ਫੁੱਟਬਾਲ ਅਕੈਡਮੀ ਬੱਡੋਂ, ਬੀ।ਏ।ਐਮ।ਖਾਲਸਾ ਕਾਲਜ ਗੜ੍ਹਸ਼ੰਕਰ, ਸਿੱਖ ਨੈਸ਼ਨਲ ਕਾਲਜ ਬੰਗਾ, ਖਾਲਸਾ ਕਾਲਜ ਮਾਹਿਲਪੁਰ, ਫੁੱਟਬਾਲ ਅਕੈਡਮੀ ਪਾਲਦੀ ਤੇ ਪੇਂਡੂ ਵਰਗ ਲਈ ਪੱਦੀ ਸੂਰਾ ਸਿੰਘ, ਚੱਕ ਫੁੱਲੂ, ਪਨਾਮ, ਸਮੁੰਦੜਾ, ਧਮਾਈ, ਸਿੰਬਲੀ, ਚੱਕ ਗੁਰੂ ਤੇ ਫਤਹਿਪੁਰ ਖੁਰਦ ਦੀਆਂ ਟੀਮਾਂ ਨੂੰ ਸ਼ਾਮਿਲ ਕੀਤਾ ਗਿਆ। ਮੀਟਿੰਗ ਦੌਰਾਨ ਰੌਸ਼ਨਜੀਤ ਸਿੰਘ ਪਨਾਮ, ਯੋਗਰਾਜ ਗੰਭੀਰ, ਰਣਜੀਤ ਸਿੰਘ ਖੱਖ, ਸਤਨਾਮ ਸਿੰਘ ਸੰਘਾ ਨਿਊਜ਼ੀਲੈਂਡ, ਅਮਨਦਪ ਸਿੰਘ ਬੈਂਸ, ਕਸ਼ਮੀਰ ਸਿੰਘ ਭੱਜਲ, ਕੋਚ ਹਰਦੀਪ ਸਿੰਘ ਗਿੱਲ, ਜਸਵੰਤ ਸਿੰਘ ਭੱਠਲ, ਸੱਜਣ ਸਿੰਘ ਧਮਾਈ, ਤਰਲੋਚਨ ਸਿੰਘ ਗੋਲੀਆਂ ਤੇ ਹੋਰ ਸ਼ਾਮਿਲ ਹੋਏ।

# ਲੋਕ ਗਾਇਕ ਤਾਜ ਨਗੀਨਾ ਨੇ ਵੀ ਆਪਣਾ ਧਾਰਮਿਕ ਟਰੈਕ "ਤੇਰੇ ਦਰਸ਼ਨ ਕਰ" ਕੀਤਾ ਰਿਲੀਜ਼

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਪ੍ਰਸਿੱਧ ਲੋਕ ਗਾਇਕ ਅਤੇ ਸੂਫ਼ੀ ਸਿੰਗਰ ਤਾਜ ਨਗੀਨਾ ਨੇ ਵੀ ਆਪਣਾ ਧਾਰਮਿਕ ਸਿੰਗਲ ਟਰੈਕ "ਤੇਰੇ ਦਰਸ਼ਨ ਕਰ" ਤਾਜ ਨਗੀਨਾ ਮਿਊਜ਼ਿਕ ਕੰਪਨੀ ਵਲੋਂ ਹਾਲ ਹੀ ਵਿੱਚ ਰਿਲੀਜ਼ ਕੀਤਾ ਹੈ। ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਗਾਇਕ ਤਾਜ ਨਗੀਨਾ ਵਲੋਂ ਇਹ ਟਰੈਕ ਰਿਲੀਜ਼ ਕੀਤਾ ਗਿਆ । ਜਿਸ ਨੂੰ ਸਾਧ ਬੋਦਲਾਂ ਵਾਲਾ ਨੇ ਕਲਮਬੱਧ ਕੀਤਾ ਹੈ। ਅਮਨ ਕੁਮਾਰੀ ਇਸ ਟਰੈਕ ਦੇ ਪ੍ਰੋਡਿਊਸਰ ਹਨ ਅਤੇ ਸ਼ਹਿਰਾਜ ਵਲੋਂ ਇਸ ਦਾ ਸੰਗੀਤ ਤਿਆਰ ਕੀਤਾ ਗਿਆ ਹੈ। ਲਵੇ ਟੀਮ ਫ਼ਿਲਮਜ਼ ਨੇ ਇਸ ਦਾ ਵੀਡੀਓ ਸ਼ਾਨਦਾਰ ਢੰਗ ਨਾਲ ਫਿਲਮਾਇਆ ਹੈ । ਗੁਰਮੀਤ ਸਿੰਘ ਚੱਬੇਵਾਲ ਅਤੇ ਕੁਲਦੀਪ ਚੁੰਬਰ ਇਸ ਟਰੈਕ ਨੇ ਮੀਡੀਆ ਐਡਵਾਈਜ਼ਰ ਹਨ।




# ਗਾਇਕ ਕੁਲਵਿੰਦਰ ਕਿੰਦਾ "ਮਾਂ ਕਲਸਾਂ ਦਾ ਚੰਨ" ਟਰੈਕ ਨਾਲ ਭਰੇਗਾ ਗੁਰਪੁਰਬ ਤੇ ਹਾਜ਼ਰੀ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਪੰਜਾਬ ਦੇ ਬੇਹੱਦ ਸੁਰੀਲੇ ਅਤੇ ਪ੍ਰਸਿੱਧ ਗਾਇਕ ਕੁਲਵਿੰਦਰ ਕਿੰਦਾ ਇਸ ਵਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਆਗਮਨ ਪੁਰਬ ਤੇ ਆਪਣੇ ਵਲੋਂ ਗਾਏ ਗਏ ਖ਼ੂਬਸੂਰਤ ਟਰੈਕ "ਮਾਂ ਕਲਸਾਂ ਦਾ ਚੰਨ" ਦੇ ਨਾਲ ਹਾਜਰੀ ਭਰ ਰਿਹਾ ਹੈ । ਇਸ ਸਬੰਧੀ ਕੁਲਵਿੰਦਰ ਕਿੰਦਾ ਵਲੋਂ ਸੋਸ਼ਲ ਮੀਡੀਆ ਤੇ ਸ਼ੇਅਰ ਕੀਤੇ ਗਏ ਇਸ ਟਰੈਕ ਦੇ ਪੋਸਟਰ ਨੂੰ ਰਿਲੀਜ ਕਰਨ ਉਪਰੰਤ ਦੱਸਿਆ ਗਿਆ ਕਿ ਇਸ ਟਰੈਕ ਨੂੰ ਸ਼ਿੰਦਾ ਜੱਸੋਮਜਾਰੀਆ ਨੇ ਕਲਮਬੱਧ ਕੀਤਾ ਹੈ ਅਤੇ ਸ਼ਿੰਦਾ ਜੱਸੋਮਜਾਰੀਆ ਹੀ ਇਸ ਟਰੈਕ ਦੇ ਪੇਸ਼ਕਾਰ ਹਨ। ਸਾਹਿਬ ਹੀਰਾ ਨੇ ਸੰਗੀਤ ਕੀਤਾ ਹੈ, ਜਦਕਿ ਪਰਮਿੰਦਰ ਸਿੰਘ ਵਲੋਂ ਇਸ ਦਾ ਸ਼ਾਨਦਾਰ ਵੀਡੀਓ ਸ਼ੂਟ ਕੀਤਾ ਗਿਆ ਹੈ । ਟਰੈਕ ਦੇ ਪ੍ਰੋਡਿਊਸਰ ਬਬਨਦੀਪ ਅਤੇ ਇਸ ਟਰੈਕ ਲਈ ਗਗਨਦੀਪ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ ਹੈ। ਕੁਲਵਿੰਦਰ ਕਿੰਦਾ ਆਪਣੀ ਖ਼ੂਬਸੂਰਤ ਸੁਰੀਲੀ ਅਤੇ ਸਾਫ ਸੁਥਰੀ ਗਾਇਕੀ ਨਾਲ ਲੋਕ ਦਿਲਾਂ ਵਿੱਚ ਅਹਿਮ ਜਗਾ ਬਣਾ ਚੁੱਕਿਆ ਹੈ ਅਤੇ ਇਸ ਟਰੈਕ ਰਾਹੀਂ ਉਸ ਨੂੰ ਸੰਗਤ ਦਾ ਭਰਪੂਰ ਪਿਆਰ ਮਿਲਣ ਦੀ ਆਸ ਹੈ।




# ਸਰਦਾਰ ਅਲੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਗਾ ਕੇ ਲਗਵਾਈ ਹਾਜ਼ਰੀ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਆਰ ਜੇ ਬੀਟਸ ਅਤੇ ਰਾਮ ਭੋਗਪੁਰੀਆ ਵਲੋਂ ਭਗਤੀ ਚੈਨਲ ਤੇ ਵੱਖ-ਵੱਖ ਧਾਰਮਿਕ ਟਰੈਕਸ ਰਿਲੀਜ਼ ਕੀਤੇ ਜਾ ਰਹੇ ਹਨ। ਇਸ ਕੜੀ ਵਿੱਚ ਆਰ ਜੇ ਬੀਟਸ ਨੇ ਪ੍ਰਸਿੱਧ ਗਾਇਕ ਸਰਦਾਰ ਅਲੀ ਦੀ ਆਵਾਜ਼ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਪਵਿੱਤਰ ਬਾਣੀ ਆਰਤੀ ਦੇ ਗਾਇਨ ਕਰਕੇ ਸੰਗਤ ਵਿੱਚ ਆਪਣੀ ਹਾਜ਼ਰੀ ਲਗਵਾਈ ਹੈ । ਇਸ ਸਬੰਧੀ ਰਾਮ ਭੋਗਪੁਰੀਆ ਪ੍ਰੋਡਿਊਸਰ ਆਰ ਜੇ ਬੀਟਸ ਨੇ ਦੱਸਿਆ ਕਿ ਸਰਦਾਰ ਅਲੀ ਬਹੁਤ ਹੀ ਸੰਜੀਦਾ ਅਤੇ ਸੁਲਝੇ ਹੋਏ ਕਲਾਕਾਰ ਹਨ, ਜਿਨਾਂ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਗੁਰੂ ਸਾਹਿਬ ਜੀ ਦੀ ਆਰਤੀ ਦਾ ਗਾਇਨ ਕਰਕੇ ਸਮੁੱਚੇ ਸੰਸਾਰ ਦੀਆਂ ਸੰਗਤਾਂ ਨੂੰ ਆਗਮਨ ਪੁਰਬ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ ਅਤੇ ਗੁਰੂ ਸਾਹਿਬ ਦੇ ਦਰਸਾਏ ਹੋਏ ਮਾਰਗ ਤੇ ਚੱਲਣ ਦਾ ਸਰਵ ਸਮਾਜ ਨੂੰ ਸੰਦੇਸ਼ ਦਿੱਤਾ ਹੈ। ਇਸ ਸ਼ਬਦ ਵਿੱਚ ਰੋਹਿਤ ਕੁਮਾਰ ਨੇ ਸੰਗੀਤਕ ਸੇਵਾਵਾਂ ਪ੍ਰਦਾਨ ਕਰਵਾਈਆਂ ਹਨ ਅਤੇ ਬਾਬਾ ਕਮਲ ਵਲੋਂ ਇਸ ਦਾ ਵੀਡੀਓ ਸ਼ੂਟ ਕੀਤਾ ਗਿਆ। ਪੁਰੀ ਸਾਹਿਬ, ਮਨੀਸ਼ ਸ਼ਰਮਾ, ਮਨੀਸ਼ ਠੁਕਰਾਲ ਨੇ ਵੀ ਆਰ ਜੇ ਬੀਟਸ ਦੀ ਟੀਮ ਵਿੱਚ ਆਪਣਾ ਸਹਿਯੋਗ ਪਹਿਲਾਂ ਦੀ ਤਰ੍ਹਾਂ ਜੁਟਾਇਆ ਹੈ।




# ਗਾਇਕਾ ਹੁਸਨਪ੍ਰੀਤ ਹੰਸ "ਗੁਰੂ ਰਵਿਦਾਸ ਦੀ ਸ਼ੇਰ ਕੌਮ" ਟਰੈਕ ਲੈ ਕੇ ਹੋਈ ਹਾਜ਼ਰ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਬੀ ਆਰ ਰਿਕਾਡਸ ਅਤੇ ਪੰਮਾ ਬਖਲੌਲੌਰੀਆ ਵਲੋਂ ਦੁਆਬੇ ਦੀ ਪ੍ਰਸਿੱਧ ਗਾਇਕਾ ਹੁਸਨਪ੍ਰੀਤ ਹੰਸ ਦੀ ਖ਼ੂਬਸੂਰਤ ਆਵਾਜ਼ ਵਿੱਚ ਸ਼ਿੰਗਾਰਿਆ ਧਾਰਮਿਕ ਟਰੈਕ "ਰਵਿਦਾਸ ਗੁਰੂ ਦੀ ਸ਼ੇਰ ਕੌਮ" ਟਾਈਟਲ ਹੇਠ ਰਿਲੀਜ ਕੀਤਾ ਗਿਆ ਹੈ । ਲੋਕ ਗਾਇਕਾ ਹੁਸਨਪ੍ਰੀਤ ਹੰਸ ਨੇ ਇਸ ਟਰੈਕ ਦਾ ਪੋਸਟਰ ਰਿਲੀਜ ਕਰਦਿਆਂ ਦੱਸਿਆ ਕਿ ਇਸ ਨੂੰ ਉਸ ਦੇ ਪੂਜਨੀਕ ਪਤੀ ਸਵ। ਜਸਵੀਰ ਜੱਸੀ ਵੱਲੋਂ ਕਲਮਬੱਧ ਕੀਤਾ ਗਿਆ ਸੀ, ਇਸ ਟਰੈਕ ਦੇ ਪ੍ਰੋਡਿਊਸਰ ਪੰਮਾ ਕਲੇਰ ਹਨ। ਨਵਨੀਤ ਨਵੀ ਨੇ ਇਸਦਾ ਸ਼ਾਨਦਾਰ ਸੰਗੀਤ ਤਿਆਰ ਕੀਤਾ ਹੈ ਸੋਨੂ ਬੈਂਸ ਵਲੋਂ ਇਸ ਦਾ ਵੀਡੀਓ ਵੱਖ ਵੱਖ ਧਾਰਮਿਕ ਲੋਕੇਸ਼ਨਾਂ ਤੇ ਫਿਲਮਾਇਆ ਹੈ । ਇਸ ਟਰੈਕ ਲਈ ਸੋਡੀ ਬਖਲੌਰੀਆ, ਗੋਪੀ ਇਟਲੀ, ਲੱਕੀ ਕਪੂਰਪਿੰਡੀਆ, ਕਲੇਰ ਸਾਹਿਬ ਅਤੇ ਵਿਸ਼ੇਸ਼ ਤੌਰ ਤੇ ਪੰਮਾ ਬਖਲੌਰੀਆ ਦਾ ਗਾਇਕਾ ਹੁਸਨਪ੍ਰੀਤ ਹੰਸ ਨੇ ਧੰਨਵਾਦ ਕੀਤਾ ਹੈ । ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਆਗਮਨ ਪੁਰਬ ਮੌਕੇ ਲੋਕ ਗਾਇਕਾ ਹੁਸਨ ਪ੍ਰੀਤ ਹੰਸ ਨੇ ਇਸ ਟਰੈਕ ਰਾਹੀਂ ਜਿੱਥੇ ਸਮਾਜ ਨੂੰ ਇੱਕ ਸੰਦੇਸ਼ ਅਤੇ ਸੁਨੇਹਾ ਦਿੰਦਿਆਂ ਇਕਮੁੱਠ ਹੋਣ ਦਾ ਸੰਕੇਤ ਦਿੱਤਾ ਹੈ, ਉਥੇ ਹੀ ਉਸ ਵਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਦੀਆਂ ਸਮੁੱਚੇ ਸੰਸਾਰ ਦੀਆਂ ਸੰਗਤਾਂ ਨੂੰ ਲੱਖ ਲੱਖ ਮੁਬਾਰਕਾਂ ਦਿੱਤੀਆਂ ਗਈਆਂ ਹਨ।





# ਗਾਇਕਾ ਸੁਨੀਤਾ ਹੀਰ ਆਪਣੀ ਧਾਰਮਿਕ ਟਰੈਕ ਨਾਲ ਗੁਰਪੁਰਬ ਤੇ ਲਗਵਾ ਰਹੀ ਹੈ ਸ਼ਾਨਦਾਰ ਹਾਜ਼ਰੀ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਐਮਏ ਸੰਗੀਤ ਐਮ ਫਿਲ ਪੀਐਚਡੀ ਸੰਗੀਤ ਦੀ ਸੁਰੀਲੀ ਸੁਰ ਗਾਇਕਾ ਸੁਨੀਤਾ ਹੀਰ ਵਲੋਂ ਗਾਏ ਗਏ ਧਾਰਮਿਕ ਟਰੈਕ "ਘਰ ਘਰ ਦੇ ਵਿੱਚ ਗੱਲਾਂ ਗੁਰੂ ਰਵਿਦਾਸ ਜੀ" ਰਾਹੀਂ ਇਸ ਵਾਰ ਸੰਗਤ ਦੇ ਵਿੱਚ ਹਾਜ਼ਰੀ ਭਰ ਰਹੀ ਹੈ । ਤਾਜ ਇੰਟਰਟੇਨਮੈਂਟ ਵਲੋਂ ਇਸ ਖ਼ੂਬਸੂਰਤ ਟਰੈਕ ਨੂੰ ਰਿਲੀਜ ਕੀਤਾ ਗਿਆ ਹੈ । ਇਸ ਟਰੈਕ ਦੇ ਪੇਸ਼ਕਾਰ ਅਤੇ ਗੀਤਕਾਰ ਰੱਤੂ ਰੰਧਾਵਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟਰੈਕ ਲਈ ਦਿਲਬਾਗ ਕੁਮਾਰ ਹੀਰ ਨੇ ਆਪਣਾ ਆਸ਼ੀਰਵਾਦ ਦਿੱਤਾ ਹੈ । ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਆਗਮਨ ਪੁਰਬ ਦੀ ਖੁਸ਼ੀ ਵਿੱਚ ਇਸ ਟਰੈਕ ਨੂੰ ਵੱਖ-ਵੱਖ ਧਾਰਮਿਕ ਸੋਸ਼ਲ ਸਾਈਟਾਂ ਤੇ ਰਿਲੀਜ਼ ਕੀਤਾ ਜਾ ਚੁੱਕਾ ਹੈ । ਇਸ ਟਰੈਕ ਨੂੰ ਕਲਮਬੱਧ ਰੱਤੂ ਰੰਧਾਵਾ ਵਲੋਂ ਕੀਤਾ ਗਿਆ ਹੈ, ਜਦਕਿ ਇਸ ਦਾ ਸੰਗੀਤ ਅਮਰ ਦਾ ਮਿਊਜ਼ਿਕ ਮਿਰਰ ਵਲੋਂ ਕੀਤਾ ਗਿਆ ਹੈ। ਇਸ ਧਾਰਮਿਕ ਟਰੈਕ ਦਾ ਵੱਖ ਵੱਖ ਲੋਕੇਸ਼ਨਾਂ ਤੇ ਵੀਡੀਓ ਡਾਇਰੈਕਟਰ ਮੁਨੀਸ਼ ਠੁਕਰਾਲ ਵਲੋਂ ਸ਼ਾਨਦਾਰ ਵੀਡੀਓ ਸ਼ੂਟ ਕੀਤਾ ਗਿਆ ਹੈ। ਜਿਸ ਨੂੰ ਸੰਗਤ ਦਾ ਪਿਆਰ ਖੱਟਣ ਲਈ ਸਭ ਸਾਈਟਾਂ ਤੇ ਰਿਲੀਜ਼ ਕਰ ਦਿੱਤਾ ਗਿਆ ਹੈ। ਸੁਨੀਤਾ ਹੀਰ ਦੇ ਇਸ ਟਰੈਕ ਨੂੰ ਸੰਗਤ ਮਣਾਂਮੂੰਹੀਂ ਪਿਆਰ ਦੇਵੇਗੀ, ਇਸ ਆਸ ਨਾਲ ਉਸਨੇ ਆਪਣੀ ਗਾਇਕੀ ਰਾਹੀਂ ਸਤਿਗੁਰਾਂ ਦੇ ਚਰਨਾਂ ਵਿੱਚ ਹਾਜਰੀ ਭਰੀ ਹੈ।




# ਪ੍ਰਸਿੱਧ ਗਾਇਕਾ ਅੰਮ੍ਰਿਤਾ ਵਿਰਕ "ਗੁਰੂ ਰਵਿਦਾਸ ਦੀ ਸਿੱਖਿਆ" ਟਰੈਕ ਨਾਲ ਭਰੇਗੀ ਹਾਜਰੀ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਨੂਰ ਰਿਕਾਰਡਸ ਅਤੇ ਮਲਕੀਤ ਬੇਗੋਵਾਲੀਆ ਵਲੋਂ ਪੇਸ਼ ਕੀਤਾ ਗਿਆ ਟਰੈਕ "ਗੁਰੂ ਰਵਿਦਾਸ ਦੀ ਸਿੱਖਿਆ " ਸੰਗਤ




ਵਲੋਂ ਜਰੂਰ ਪ੍ਰਵਾਨ ਕੀਤਾ ਜਾਵੇਗਾ ਜਿਸ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਬਣਾਉਣ ਵਾਲੀ ਪ੍ਰਸਿੱਧ ਗਾਇਕਾ ਅੰਮ੍ਰਿਤਾ ਵਿਰਕ ਨੇ ਆਪਣੀ ਖ਼ੂਬਸੂਰਤ ਆਵਾਜ਼ ਦੇ ਕੇ ਸ਼ਿੰਗਾਰਿਆ ਹੈ। ਇਸ ਟਰੈਕ ਦੇ ਲੇਖਕ ਗੀਤਕਾਰ ਮਹਿੰਦਰ ਮਹੇੜੂ ਹਨ, ਜੋ ਸਮੇਂ ਸਮੇਂ ਮਿਸ਼ਨਰੀ ਗੀਤਾਂ ਨਾਲ ਆਪਣੀ ਹਾਜਰੀ ਲਗਵਾਉਂਦੇ ਰਹਿੰਦੇ ਹਨ। ਬੀਟ ਮੇਕਰ ਨੇ ਇਸ ਨੂੰ ਸ਼ਾਨਦਾਰ ਸੰਗੀਤਕ ਧੁੰਨਾਂ ਪ੍ਰਦਾਨ ਕੀਤੀਆਂ ਹਨ। ਆਰ ਕੇ ਬਾਂਸਲ ਇਸ ਸਿੰਗਲ ਟਰੈਕ ਦੇ ਡਾਇਰੈਕਟਰ ਹਨ। ਪੇਸ਼ਕਾਰ ਮਲਕੀਤ ਬੇਗੋਵਾਲੀਆ ਅਤੇ ਗੀਤਕਾਰ ਮਹਿੰਦਰ ਮਹੇੜੂ ਨੇ ਦੱਸਿਆ ਕਿ ਇਸ ਟਰੈਕ ਨੂੰ ਵੱਖ ਵੱਖ ਧਾਰਮਿਕ ਲੋਕੇਸ਼ਨਾਂ ਤੇ ਫਿਲਮਾਇਆ ਹੈ ਅਤੇ ਇਸ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਰਿਲੀਜ਼ ਕੀਤਾ ਗਿਆ ਹੈ। ਲੋਕ ਗਾਇਕਾ ਅੰਮ੍ਰਿਤਾ ਵਿਰਕ ਨੇ ਸਭ ਸੰਗਤ ਨੂੰ ਆਪਣੇ ਇਸ ਟਰੈਕ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਮੁਬਾਰਕਾਂ ਦਿੱਤੀਆਂ ਹਨ।

# ਸੁਰੀਲੀ ਗਾਇਕਾ ਪ੍ਰੇਮ ਲਤਾ "ਪ੍ਰਗਟ ਦਿਵਸ ਗੁਰੂ ਰਵਿਦਾਸ ਜੀ" ਟਰੈਕ ਨਾਲ ਸੰਗਤ ਦੇ ਹੋਈ ਰੂਬਰੂ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਦੁਆਬੇ ਦੀ ਪ੍ਰਸਿੱਧ ਸੁਰੀਲੀ ਗਾਇਕਾ ਪ੍ਰੇਮ ਲਤਾ ਜਿਸ ਨੂੰ ਮਿਸ਼ਨਰੀ ਗੀਤਾਂ ਦਾ ਸੰਸਾਰ ਪੱਧਰ ਤੇ ਸੰਗਤ ਦਾ ਪ੍ਰੇਮ ਮਿਲਿਆ ਹੈ ,ਇਸ ਵਾਰ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਆਗਮਨ ਪੁਰਬ ਮੌਕੇ ਆਪਣੇ ਸਿੰਗਲ ਟਰੈਕ "ਪ੍ਰਗਟ ਦਿਵਸ ਗੁਰੂ ਰਵਿਦਾਸ ਜੀ" ਨਾਲ ਹਾਜ਼ਰ ਹੋ ਰਹੀ ਹੈ । ਤਾਜ ਇੰਟਰਟੇਨਮੈਂਟ ਵਲੋਂ ਇਸ ਟਰੈਕ ਨੂੰ ਰਿਲੀਜ ਕੀਤਾ ਗਿਆ ਹੈ। ਅਨਿਲ ਮੋ-ਹਾਲੀ ਦੇ ਵਿਸ਼ੇਸ਼ ਸਹਿਯੋਗ ਨਾਲ ਇਸ ਟਰੈਕ ਨੂੰ ਤਿਆਰ ਕੀਤਾ ਗਿਆ ਹੈ।




ਟਰੈਕ ਦੇ ਪੇਸ਼ਕਾਰ ਤੇ ਗੀਤਕਾਰ ਰੱਤੂ ਰੰਧਾਵਾ ਨੇ ਆਪਣੀ ਕਲਮ ਰਾਹੀਂ ਪ੍ਰਗਟ ਦਿਵਸ ਦੀਆਂ ਸੰਗਤ ਨੂੰ ਖ਼ੂਬਸੂਰਤ ਮੁਬਾਰਕਾਂ ਦਿੱਤੀਆਂ ਹਨ। ਅਮਰ ਦਾ ਮਿਊਜ਼ਿਕ ਮਿਰਰ ਨੇ ਇਸ ਦਾ ਸ਼ਾਨਦਾਰ ਸੰਗੀਤ ਦਿੱਤਾ ਹੈ, ਜਦਕਿ ਇਸਦਾ ਵੀਡੀਓ ਪ੍ਰਸਿੱਧ ਵੀਡੀਓ ਡਾਇਰੈਕਟਰ ਮੁਨੀਸ਼ ਠੁਕਰਾਲ ਨੇ ਵੱਖ-ਵੱਖ ਲੋਕੇਸ਼ਨਾਂ ਤੇ ਫਿਲਮਾਇਆ ਹੈ । ਸੰਗਤ ਵਿੱਚ ਗੁਰੂ ਰਵਿਦਾਸ ਮਹਿਮਾ ਨੂੰ ਗੁਣਗਾਨ ਕਰਦਿਆਂ ਗਾਇਕਾ ਪ੍ਰੇਮ ਲਤਾ ਵਲੋਂ ਇਸ ਟਰੈਕ ਨੂੰ ਰਿਲੀਜ਼ ਕਰ ਦਿੱਤਾ ਗਿਆ ਹੈ, ਜੋ ਸੰਗਤ ਦਾ ਭਰਪੂਰ ਪਿਆਰ ਖੱਟ ਰਿਹਾ ਹੈ।

# ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ

ਪੜ੍ਹਨ ਲਿਖਣ ਤੋਂ ਕੋਰੇ ਅਤੇ
ਗੁਲਾਮ ਤਾਂ ਸੀ
ਪਰ ਗੈਰਤ ਮਰੀ ਨਹੀਂ ਸੀ
ਚਮੜਾ ਮਾਰਕੀਟ ਦੀਆਂ ਚਿੱਠੀਆਂ ਪੜ੍ਹਾਉਣ ਲਈ
ਉੱਚ ਵਰਗਾਂ ਕੋਲ ਜਾਣਾ ਮਜਬੂਰੀ ਸੀ
ਪਰ ਘੱਟਿਆਂ ਬੱਧੀ ਵਗਾਰ ਕੀਤੇ ਬਿਨਾ
ਉਨ੍ਹਾਂ ਕਦੇ ਵੀ ਉਸ ਦੀ
ਚਿੱਠੀ ਪੜ੍ਹੀ ਨਹੀਂ ਸੀ

ਇਸੇ ਗੁਲਾਮੀ ਦਾ ਜੂਲਾ ਵੱਢਣ ਲਈ
ਬਾਪੂ ਨੇ ਸੀ ਉਸ ਨੂੰ
ਸਕੂਲ ਦਾ ਰਾਹ ਦਿਖਾਇਆ
ਤਾਂ ਉਹ ਵੀ ਅੰਬੇਡਕਰ ਵਾਂਗੂ
ਨਫਰਤ ਦੇ ਖਾ ਥਪੇੜੇ
ਕੁਝ ਅੱਖਰ ਪੜ੍ਹ ਸੀ ਪਾਇਆ

ਮਾਂ ਬਾਪ ਸੰਗ ਗੁਜਾਰੇ
ਉਸ ਜ਼ਿੰਦਗੀ ਦੇ ਤੇਈ ਵਰੇ
ਸੰਨ ਉੰਨੀ ਸੌ ਨੌਂ ਵਿੱਚ
ਉਸ ਧਰਤੀ ਪੁੱਤਰ ਨੇ
ਅਮਰੀਕਾ ਦੇ ਕੈਲੀਫ਼ੋਰਨੀਆ 'ਚ
ਪੈਰ ਜਾ ਧਰੇ

ਇਹ ਸਫਰ ਕੋਈ ਸੌਖਾ ਨਹੀਂ ਸੀ
ਤੇਗਾਂ ਦੀ ਧਾਰ ਤੇ ਤੁਰਨ ਵਾਲਾ
ਰਿਹਾ ਸੀ ਇਹ ਸਫ਼ਰ
ਫਰਿਜਨੋ ਕੈਲੀਫ਼ੋਰਨੀਆ ਸਟਾਕਟਨ
ਤੇ ਸੈਕਰਾਮੈਂਟੋ ਵਿੱਚ ਮਜ਼ਦੂਰਾਂ ਦਾ
ਨਸਲੀ ਨਫ਼ਰਤ ਤੇ ਘੱਟ ਮਿਹਨਤ ਨਾਲ
ਪਸ਼ੂਆਂ ਵਰਗਾ ਹੁੰਦਾ ਸੀ
ਇੱਥੇ ਹਸ਼ਰ

ਇਹ ਸਭ ਕੁਝ ਦੇਖਦਿਆਂ
ਹੱਡੀਂ ਹੰਢਾਉਂਦਿਆਂ
ਆਇਆ ਉਨੀ ਸੌ ਤੇਰਾਂ ਦਾ ਸਾਲ
ਜਦੋਂ ਉਸ ਨੇ ਦਰਦਭਰੀ ਇੱਕ ਆਵਾਜ਼ ਲਾਈ
ਜਿਸ ਨੂੰ ਸੁਣ ਰਿਹਾ ਸੀ ਯੁਗਾਂਤਰ ਆਸ਼ਰਮ ਵਿੱਚ
ਬਾਬਾ ਸੋਹਣ ਸਿੰਘ ਭਕਨਾ
ਕਰਤਾਰ ਸਿੰਘ ਸਰਾਭਾ ਤੇ
ਲਾਲਾ ਹਰਦਿਆਲ
ਗਦਰ ਅਖਬਾਰ ਵੰਡ ਵੰਡਾਈ
ਤੇ ਹੋਰ ਬਹੁਤ ਸਾਰੇ ਕੰਮਾਂ ਦੀ
ਫਿਰ ਕੀਤੀ ਉਸ ਨੇ ਸੀ ਦੇਖਭਾਲ

ਦੇਸੀ ਵਿਦੇਸ਼ੀ ਗੁਲਾਮੀ ਦਾ ਜੂਲਾ
ਲਾਹੁਣ ਖਾਤਰ
ਬਹੁਤ ਸਾਰੇ ਗਦਰੀਆਂ ਨੇ ਮਿਲ
ਮਤਾ ਪਕਾਇਆ
ਫਿਰ ਉਨੀ ਸੌ ਪੰਦਰਾਂ ਨੂੰ
ਆਪਣੇ ਹੀ ਸਾਥੀਆਂ
ਬਾਬਾ ਹਰੀ ਸਿੰਘ ਉਸਮਾਨ ਗੰਭੀਰ ਸਿੰਘ
ਹਰਨਾਮ ਚੰਦ ਅਤੇ ਹਰਚਰਨ ਦਾਸ ਨਾਲ
ਹਥਿਆਰਾਂ ਦਾ ਜਖੀਰਾ ਚੁੱਕ
"ਐਨੀ ਲਾਰਸਨ" ਜਹਾਜ਼ ਰਾਹੀਂ
ਭਾਰਤ ਦੇਸ਼ ਵੱਲ ਚਾਲਾ ਸੀ ਪਾਇਆ

ਪਰ
ਹਕੂਮਤੀ ਮੁਖਬਰ ਵੀ ਹਕੂਮਤੀ
ਧਰਮ ਨਿਭਾਉਂਦੇ ਨੇ
ਆਪਣੇ ਹੀ ਮੁਲਕ ਨਾਲ
ਧਰੋਹ ਕਮਾਉਂਦੇ ਨੇ
ਇਸੇ ਹੀ ਧ੍ਰੋਹ ਦਾ ਸ਼ਿਕਾਰ ਹੋਇਆ
ਹਥਿਆਰਾਂ ਨਾਲ ਭਰਿਆ ਇਹ ਜਹਾਜ਼
ਪੁਲਿਸ ਦੇ ਅੜਿੱਕੇ ਜਾ ਚੜ੍ਹਿਆ
ਤੇ ਉਹ ਯੋਧਾ ਆਪਣੇ ਹੀ ਸਾਥੀਆਂ ਨਾਲ
ਪੁਲਿਸ ਨੇ ਆ ਫੜਿਆ

ਜੇਲਾਂ ਦੀਆਂ ਕਾਲ ਕੋਠੜੀਆਂ ਦੇ
ਤਸੀਹੇ ਝੱਲਦਿਆਂ
ਫਾਂਸੀ ਦੀ ਸਜਾ ਹੋਈ
ਤੇ ਇਸ ਇਨਕਲਾਬੀ ਕਦਮ ਨੂੰ ਤੱਕਦਿਆਂ
ਹੱਕ ਵਿੱਚ ਖੜ੍ਹਦਿਆਂ
ਜਰਮਨ ਦੀ ਅੱਖ ਰੋਈ
ਤਾਂ ਫਿਰ ਸਜਾ ਮੁਆਫ਼ ਹੋਈ

ਸਮੁੰਦਰ ਰਾਹੀਂ ਵਾਪਸੀ ਕਰਦਿਆਂ
ਜਹਾਜ਼ ਨੇ ਰਸਤਾ ਭਟਕ ਜਾਣਾ
ਸਫ਼ਰ ਦੀਆਂ ਉਲਝਣਾ ਨਾਲ ਦੋ ਚਾਰ ਹੁੰਦਿਆਂ
ਸਿੰਘਾਪੁਰ ਅਟਕ ਜਾਣਾ
ਫਿਰ ਇੱਥੇ ਵੀ ਬੇਲਾ ਸਿੰਘ ਜਿਆਣ
ਹਰਾਮਖੋਰ ਬੇਈਮਾਨ
ਕਰ ਗਿਆ ਬਹੁਤ ਵੱਡਾ ਨੁਕਸਾਨ

ਕਰ ਲਿਆ ਫਿਰ ਸੂਰਮੇ ਨੂੰ ਗ੍ਰਿਫਤਾਰ
ਤੇ ਤੋਪ ਦੇ ਗੋਲੇ ਨਾਲ ਉਡਾ ਦੇਣ ਦੀ
ਸਜਾ ਮਿਲੀ ਉਸ ਨੂੰ ਇਸ ਵਾਰ

ਪਰ ਇਨਕਲਾਬੀਆਂ ਲਈ ਫਿਰ
ਕਈ ਨਵੇਂ ਰਾਹ ਵੀ ਖੁੱਲ੍ਹਦੇ ਨੇ
ਜਿਨ੍ਹਾਂ ਲਈ ਆਇਆ ਫਿਰ
ਇੱਕ ਜਰਮਨ ਯਾਰ
ਜਿਸ ਦੀ ਗਵਾਹੀ ਸਦਕਾ
ਇੱਕ ਵਾਰ ਫਿਰ
ਇਨਕਲਾਬ ਦਾ ਉਹ ਸ਼ਾਹ ਅਸਵਾਰ
ਆਇਆ ਸੰਕਟ ਚੋਂ ਬਾਹਰ




ਇਨਕਲਾਬ ਅਤੇ ਭੁੱਖ ਦੀ ਜੰਗ ਨਾਲ
ਦੋ ਚਾਰ ਹੁੰਦਿਆਂ
ਮਨੀਲਾ ਵਿੱਚ ਕੱਟੇ ਨੌ ਸਾਲ
ਅਤੇ ਸੋਲਾਂ ਸਾਲ ਪਿੱਛੋਂ ਕੋਲੰਬੋ ਤੋਂ
ਵਾਪਿਸ ਪਰਤਿਆ ਆਪਣੇ ਵਤਨ
ਪਿੰਡ ਮੁੱਗੋਵਾਲ

ਵਤਨਪ੍ਰਸਤੀ ਲਈ ਜੰਗ ਲੜਦਿਆਂ
ਵਤਨ ਪਰਤਦਿਆਂ
ਦੇਖਿਆ ਸੁਣਿਆ ਕਿ
ਨਸਲੀ ਵਿਤਕਰੇ ਸਨ ਲਗਾਤਾਰ ਜਾਰੀ
ਜਿਨ੍ਹਾਂ ਨੂੰ ਅੱਸੀ ਪ੍ਰਤੀਸ਼ਤ ਜਨਤਾ
ਪਈ ਝੱਲਦੀ ਵਿਚਾਰੀ
ਪਰ
ਦਲਿਤਾਂ ਦੀ ਪੀੜਾ
ਨਾ ਉਸ ਨੇ ਸਹਾਰੀ

ਤੇ ਕੁੱਦ ਪਿਆ ਫਿਰ ਉਹ ਯੋਧਾ
ਦਿਲ ਵਿੱਚ ਵੱਡਾ ਹੌਸਲਾ ਧਾਰ
11-12 ਜੂਨ 1926 ਨੂੰ
ਮੁੱਗੋਵਾਲ ਦੀ ਧਰਤੀ ਤੇ
ਵਿਸ਼ਾਲ ਸੰਮੇਲਨ ਕਰਵਾ
ਆਦਿ ਧਰਮ ਮੰਡਲ ਦੀ ਸਥਾਪਨਾ ਕਰ
ਪਿੰਡ ਵਿੱਚ ਆਦਿ ਧਰਮ ਸਕੂਲ ਖੋਲ ਕੇ
ਕੱਢਿਆ ਇੱਕ
"ਡੰਕਾ" ਇੱਕ ਅਖਬਾਰ
ਫਿਰ ਸੁੰਨ ਹੋ ਗਏ
ਅਖੌਤੀ ਸਭ
ਧਰਮ ਦੇ ਠੇਕੇਦਾਰ

ਇੱਸ ਯੋਧੇ ਦੀ ਅਣਥੱਕ ਘਾਲਣਾ ਨ਼ਾਲ
ਅਸ਼ੂਤਾਂ ਨੇ ਹੁਣ
ਆਪਣੇ ਆਪ ਨੂੰ ਆਦਿ ਧਰਮੀ ਅਖਵਾਇਆ
ਤੇ ਜਨਵਰੀ ਇਕੱਤੀ ਦੀ ਗਣਨਾ ਵਿੱਚ
ਆਦਿ ਧਰਮ ਨੇ ਵੱਖਰਾ
ਖਾਨਾ ਦਰਜ਼ ਕਰਵਾਇਆ

ਤੇ ਇਹ ਵੀ ਇੱਕ ਇਨਕਲਾਬ ਸੀ
ਜਦ ਫਰਸ਼ ਤੋਂ ਚੁੱਕ ਲੋਕਾਂ ਨੂੰ
ਸੀ ਅਰਸ਼ ਤੇ ਪਹੁੰਚਾਉਣਾ
ਤੇ ਲੱਖਾਂ ਹੀ ਲੋਕਾਂ ਤੋਂ ਧਰਮ ਨੂੰ
ਆਦਿ ਧਰਮ ਲਿਖਵਾਉਣਾ

ਫਿਰ ਉੰਨੀ ਸੌ ਬੱਤੀ ਦੀ ਗੋਲ ਮੇਜ਼ ਕਾਨਫਰੰਸ ਸਮੇ
ਗਾਂਧੀ ਦੇ ਮੁਕਾਬਲੇ ਮਰਨ ਵਰਤ ਰੱਖਣਾ ਵੀ
ਉਸ ਸੂਰਬੀਰ ਯੋਧੇ ਦੇ ਹਿੱਸੇ ਆਇਆ ਸੀ
ਜਿਸ ਨੇ ਸਦੀਆਂ ਤੋਂ ਲਤਾੜੇ ਹੋਏ ਲੋਕਾਂ ਦਾ
ਸਨਮਾਨ ਬਹਾਲ ਕਰਾਇਆ ਸੀ
ਤੇ ਉੰਨੀ ਸੌ ਸੈਂਤੀ ਵਿੱਚ
ਸੱਤ ਆਦਿ ਧਰਮੀਆਂ ਨੂੰ
ਪੰਜਾਬ ਅਸੈਂਬਲੀ ਦੇ ਮੈਂਬਰ ਬਣਾਇਆ ਸੀ
ਤੇ ਲੋਕਾਂ ਦੀ ਹਿੱਤਾਂ ਦੀ ਰਾਖੀ ਲਈ ਖੁਦ ਵੀ
ਉੰਨੀ ਸੌ ਛਿਆਲੀ ਵਿੱਚ
ਅਸੈਂਬਲੀ ਜਾ ਪੈਰ ਪਾਇਆ ਸੀ

ਆਜ਼ਾਦ ਭਾਰਤ ਵਿੱਚ
ਤਾਮਰ ਪੱਤਰ ਨਾਲ ਸਨਮਾਨਿਤ ਹੋ ਕੇ ਵੀ
ਜ਼ਿੰਦਗੀ ਭਰ ਲੋਕਾਈ ਦੇ ਦਰਦਾਂ ਨੂੰ
ਆਪਣਾ ਦਰਦ ਸਮਝਦਿਆਂ
ਉਹ ਯੋਧਾ
ਪੈਰ ਪੈਰ ਤੇ ਲੋਕਾਂ ਦੇ ਹੱਕ ਵਿੱਚ ਖੜ੍ਹਦਾ ਰਿਹਾ
ਅਜ਼ਾਦੀ ਦਿਵਾਉਣ ਲਈ
ਫਿਰ ਅਜ਼ਾਦੀ ਬਚਾਉਣ ਲਈ
ਆਖਰੀ ਸਾਹਾਂ ਤੱਕ ਉਹ ਲੜਦਾ ਰਿਹਾ

ਤੇ ਅੱਜ ਤੇਰੇ ਪੋਤਿਆਂ ਪੜਪੋਤਿਆਂ ਨੇ
ਉਤਾਰਿਆ ਹੈ ਤੇਰਾ
ਰੱਤੀ ਭਰ ਕਰਜ਼
ਤੇਰੇ ਪਿੰਡ ਦੇ ਸਕੂਲ ਦਾ ਨਾਮ
ਤੇਰੇ ਨਾਮ ਕਰਵਾਕੇ
ਤੇਰੇ ਨਾਮ ਦੀ ਤਖਤੀ ਗੇਟ ਤੇ ਲਾਕੇ
"ਲੰਗੇਰੀ" ਦੇ ਕੋਲੋਂ ਇਹ ਸਤਰਾਂ ਲਿਖਵਾ ਕੇ

ਸਲਾਮ !!
ਆਖਿਆ ਹੈ ਬੜੇ ਹੀ ਅਦਬ ਨਾਲ
ਬਾਪੂ ਹਰਨਾਮ ਦਾਸ ਤੇ ਮਾਤਾ ਅਤਰੀ ਜੀ ਨੂੰ
ਜਿਨ੍ਹਾਂ ਦੀ ਕੁੱਖੋਂ ਜੰਮਿਆ ਇਹ ਲਾਲ
ਇੱਕ ਮਹਾਨ ਗਦਰੀ ਯੋਧਾ ਇਨਕਲਾਬੀ
ਕੰਮੀਆਂ ਦੇ ਵਿਹੜੇ ਦਾ ਸੂਰਜ
ਬਾਬੂ ਮੰਗੂ ਰਾਮ ਮੁੱਗੋਵਾਲ ॥

**ਅਵਤਾਰ ਲੰਗੇਰੀ**
9463260181

## ਦੋਹੇ



ਲਾਲ ਸਿੰਘ ਸੁਲਹਾਣੀ
91-98721-55120

1. ਉੱਦਮ ਕਰ ਮਨ ਬਾਵਰੇ, ਅੰਮ੍ਰਿਤ ਵੇਲੇ ਜਾਗ।
ਸਿਮਰਨ ਕਰਦੇ 'ਲਾਲ' ਉਹ, ਜਿਸਦੇ ਉਤਮ ਭਾਗ।

2. ਚੋਰ ਉਚੱਕੇ ਜਾਗ ਕੇ ਰਾਤੀਂ ਕਰਨ ਵਿਕਾਰ।
'ਲਾਲ' ਵਿਰਲੇ ਉੱਦਮੀ, ਜਪਦੇ ਸਤਿ ਕਰਤਾਰ।

3. ਸੱਤ ਸਮੁੰਦਰ ਛਾਣਕੇ, ਗਾਹੁਣ ਲੱਗਾ ਅਸਮਾਨ।
'ਲਾਲ'! ਪਾ ਨਹੀਂ ਸਕਿਆ, ਮਨ ਦੀ ਥਾਹ ਇਨਸਾਨ।

4. ਨਾ ਆਏ ਨਾ ਜਾਏ ਕੁਛ, ਇਹ ਕਰਤੇ ਦਾ ਖੇਲ੍ਹ।
'ਲਾਲ' ਸੰਜੋਗੀਂ ਹੋਇਆ, ਪੰਜ ਤੱਤਾਂ ਦਾ ਮੇਲ।

5. ਨਾ ਸੁਖੀਆ ਧਨ ਹੀਣ ਨਰ,ਨਾ ਸੁਖੀਆ ਧਨਵਾਨ।
'ਲਾਲ' ਸੁਖੀ ਉਹ ਜੱਗ 'ਤੇ, ਜੋ ਸਿਮਰਨ ਭਗਵਾਨ।

6. ਧਰਮ ਕਰਮ ਦੇ ਨਾਮ 'ਤੇ, ਕਰਕੇ ਹੋਰ ਪਾਖੰਡ।
'ਲਾਲ' ਭਾਰੀ ਧਰ ਲਈ, ਸਿਰ ਪਾਪਾਂ ਦੀ ਪੰਡ।

7. ਔਰਤ ਜਨਨੀ ਜੱਗ ਦੀ, ਔਰਤ ਤੋਂ ਜੱਗ ਕੁੱਲ।
'ਲਾਲ' ਕੁੱਲ ਮਖਲੂਕ ਦਾ, ਔਰਤ ਉੱਤਮ ਫੁੱਲ।

8. ਧਰਮ ਧਾਮ 'ਤੇ ਭਾਲਦੈਂ, ਜਿਸ ਨੂੰ ਟੱਕਰਾਂ ਮਾਰ।
ਜ਼ਰੇ ਜ਼ਰੇ ਵਿਚ 'ਲਾਲ' ਉਹ, ਵਸਦਾ ਸਿਰਜਣਹਾਰ।

9. ਰੁੱਖ ਵੱਢ ਕਿਥੋਂ ਭਾਲਦੈਂ, ਫੂਲ ਫੁੱਲ ਸੰਘਣੀ ਛਾਂ।
ਸੁੰਨੀ ਹੋ ਜਾਊ 'ਲਾਲ' ਇਹ, ਇਕ ਦਿਨ ਧਰਤੀ ਮਾਂ।

10. ਇਹ ਧਰਤੀ ਹਰਿਆਵਲੀ ਫੁੱਲਾਂ ਭਰੀ ਚੰਗੇਰ।
'ਲਾਲ' ਜੰਗਲ ਵੱਢ ਕੇ, ਹੱਥ ਮਲੇਂਗਾ ਫੇਰ।

11. ਬਾਲ ਜੁਆਨੀ ਬਿਰਧਪਨ, ਜੀਵਨ ਦੇ ਤਿੰਨ ਰੰਗ।
'ਲਾਲ' ਅੰਤ ਖੇਹ ਹੋਣਗੇ, ਇਹ ਤਨ ਸੁੰਦਰ ਅੰਗ।

12. ਮਹਿਲ, ਚੁਬਾਰੇ, ਕੋਠੀਆਂ, ਛੂੰਹਦੇ ਭਵਨ ਆਕਾਸ਼।
'ਲਾਲ' ਛੱਡ ਕੇ ਇਹ ਸੱਭ, ਕਬਰੀਂ ਕਰਨੈਂ ਵਾਸ।

13. ਹੁਸਨ, ਜੁਆਨੀ, ਜਾਤ, ਰੂਪ,ਦੌਲਤ ਦਾ ਹੰਕਾਰ।
'ਲਾਲ' ਉਹ ਰੋਗੀ ਜੱਗ ਤੇ ਕਰਦੇ ਗਰਬ ਵਿਕਾਰ।

14. ਡੇਰੇ ਵਿਹਲੜ ਬੈਠਦੇ, ਜਾਂ ਫਿਰ ਸਾਧ ਮਲੰਗ।
ਚਿਲਮਾਂ ਪੀਂਦੇ 'ਲਾਲ' ਉਹ, ਜਾਂ ਫਿਰ ਘੋਟਣ ਭੰਗ।

15. ਜਿਉਂ ਪਾਣੀ ਤੇ ਬੁਲਬੁਲਾ, ਇਉਂ ਤੇਰੀ ਮੁਨਿਆਦ।
'ਲਾਲ' ਜੇ ਆਇਆਂ ਜੱਗ 'ਤੇ, ਕਰ ਸਾਈਂ ਨੂੰ ਯਾਦ।

16. ਹੋਰ ਦਿਉਤੇ ਪੂਜਦੇ, ਛੱਡਕੇ ਸਿਰਜਣਹਾਰ।
ਇਉਂ ਜਾਣੀਏਂ 'ਲਾਲ' ਉਹ,ਜਿਉਂ ਕੋਠੇ ਦੀ ਨਾਰ।

17. ਸ਼ੋਹਰਤ ਤੇ ਧਨ, ਸੰਪਤੀ, ਪਾਕੇ ਰਹੁ ਇਕਸਾਰ।
'ਲਾਲ' ਨਾ ਕਰੀਏ ਮੂਲ ਵੀ ਰੁਤਬੇ ਦਾ ਹੰਕਾਰ।

18. ਭੇਖ ਧਾਰਕੇ ਬਣ ਗਏ, ਸਾਧੂ ਨਾਮ ਧਰੀਕ।
ਠੱਗਣ ਜੱਗ ਨੂੰ 'ਲਾਲ' ਉਹ, ਰੱਬ ਦੇ ਬਣੇ ਸ਼ਰੀਕ।

19. ਕਿਰਤੀ ਤਰਸਣ ਟੁੱਕ ਨੂੰ, ਵੇਖੋ ਰੱਬ ਦੇ ਰੰਗ।
ਕਿਸ਼ਮਿਸ਼ ਵਾਲ਼ੀ 'ਲਾਲ' ਨਿੱਤ, ਖਾਂਦੇ ਖੀਰ ਮਲੰਗ।

20. ਨਾ ਘਰ, ਮਹਿਲ, ਅਟਾਰੀਆਂ, ਭਵਨ ਨਾ ਆਲੀਸ਼ਾਨ।
'ਲਾਲ' ਅਸਲ ਘਰ ਆਪਣਾ, ਗੋਰ, ਕਬਰ, ਸ਼ਮਸ਼ਾਨ।

21. ਕਰ ਜੋਬਨ ਦਾ ਗਰਬ ਨਾ, ਕੀ ਕਾਇਆਂ ਦੀ ਆਸ।
'ਲਾਲ' ਡਰਨਗੇ ਨੇੜਲੇ, ਜਦ ਨਿਕਲ ਗਏ ਸਵਾਸ।

22. ਦੁਨੀਆਂ ਝੱਲੀ ਬਾਵਰੀ, ਮਰੇ ਕਸੂਤੀ ਮੌਤ।
'ਲਾਲ' ਓਹਨਾਂ ਤੋਂ ਭਾਲਦੀ, ਆਪ ਗਏ ਜੋ ਔਤ।

23. ਕੀ ਅੰਤਰ ਧੀ ਪੁੱਤ ਦਾ, ਦੋਵੇਂ ਰੱਬ ਦੇ ਜੀਅ।
'ਲਾਲ' ਮਾਰੀਏ ਮੂਲ ਨਾ,ਕੁੱਖ 'ਚ ਪਲ਼ਦੀ ਧੀ।

24. ਵਿਰਲਾ ਕੋਈ ਸਾਧ ਹੈ, ਉਂਝ ਸਾਧਾਂ ਦੇ ਵੱਗ।
'ਲਾਲ' ਸਾਧਾਂ ਦੇ ਭੇਸ ਵਿਚ ਫਿਰਨ ਬਥੇਰੇ ਠੱਗ।

25. ਜੱਗ ਤੇ ਆਕੇ ਬੰਦਿਆ, ਸੱਚ ਕਹੁ ਸੱਚ ਕਮਾ।
'ਲਾਲ' ਅਮੋਲਕ ਜਨਮ ਹੈ, ਸਾਈਂ ਲੇਖੇ ਲਾ।

26. ਲੜ ਲੱਗ ਜਾ ਬਸ ਇਕ ਦੇ, ਹੋਰਾਂ ਦੀ ਛੱਡ ਆਸ।
ਗਰਜ਼ਾਂ ਖ਼ਾਤਰ ਲਾਲ ਸੱਭ, ਜੁੜਦੇ ਸੱਜਣ ਸਾਕ।

27. ਨੇਕ ਅਮਲ ਕਰ ਅੱਜ ਤੋਂ, ਬੀਤ ਗਿਆ ਸੋ ਬੀਤ।
ਦੇਹ ਕਿਰ ਚੱਲੀ 'ਲਾਲ' ਹੁਣ, ਕਰ ਸ਼ਹੁ ਨਾਲ ਪ੍ਰੀਤ।

28. ਪ੍ਰੇਤ ਪ੍ਰੇਤ ਕਰ ਭੱਜਣਗੇ, ਅੰਗ ਸਾਕ ਸੱਭ ਹੋਰ।
'ਲਾਲ' ਜਿਉਂ ਹੀ ਟੁੱਟ ਗਈ, ਇਹ ਸਾਹਾਂ ਦੀ ਡੋਰ।

29. ਗੀਦੀ ਮਰਦੇ ਹਰ ਸਮੇਂ, ਬਣ ਧਰਤੀ ਤੇ ਭਾਰ।
'ਲਾਲ' ਨਿੱਤ ਨਿੱਤ ਮਰਨ ਤੋਂ, ਮਰਨ ਭਲਾ ਇਕ ਵਾਰ।

30. ਸੱਚ ਸਿਆਣੇ ਆਖਦੇ, ਪੁਆੜੇ ਦੀ ਜੜ੍ਹ ਤੀਨ।
'ਲਾਲ' ਜੁਗਾਂ ਤੋਂ ਜੱਗ ਤੇ, ਜਰ, ਜ਼ੋਰੂ, ਜ਼ਮੀਨ।

31. ਤੀਵੀਂ ਪੁਰਖ਼ ਕੁਥਾਂ ਤੁਰੇ, ਬੇਝਿਜਕ ਬੇ ਰੋਕ।
ਦੀਨ, ਧਰਮ, ਈਮਾਨ 'ਲਾਲ', ਪੈਸਾ ਸਮਝਣ ਲੋਕ।

32. ਹੁਸਨ, ਜੁਆਨੀ, ਰੂਪ, ਰੰਗ, ਸੁੰਦਰ ਬਦਨ ਸਮੇਤ।
'ਲਾਲ' ਇਉਂ ਕਿਰ ਜਾਣਗੇ, ਜਿਉਂ ਮੁੱਠੀ ਚੋਂ ਰੇਤ।

33. ਖੀਰ ਚੜਾਉਂਦੇ ਕਬਰ ਤੇ ਬੇ ਗੁਰੇ ਗੁਰ ਹੀਣ।
'ਲਾਲ'! ਬਦਾਮ ਉਬਾਲਕੇ, ਦੁੱਧ ਬੂਬਨੇ ਪੀਣ।

34. ਸ਼ਰੇਆਮ ਪੁੱਤ ਵੇਚ ਕੇ, ਮੂਲ ਨਾ ਮੰਨਣ ਲਾਜ।
ਮਾਰਨ ਨੂੰਹ ਨਿਸ਼ੰਗ 'ਲਾਲ'! ਜੇ ਘੱਟ ਹੋਵੇ ਦਾਜ।

35. ਰਾਜੇ ਹੋ ਗਏ ਰਿਸ਼ਵਤੀ, ਮੁਨਸਿਫ਼ ਵੱਢੀ ਖੋਰ।
'ਲਾਲ'! ਅਹਿਲਕਾਰ ਸੱਭ, ਤੁਰ ਪਏ ਓਸੇ ਤੋਰ।

36. ਮਹਿਲ ਨਿਸੱਖਣ ਛੱਡ ਕੇ, ਕਬਰੀਂ ਹੋਣਾ ਵਾਸ।
'ਲਾਲ' ਇਕ ਦਿਨ ਭੌਰ ਨੇ,ਕਰ ਜਾਣਾ ਪਰਵਾਸ।

37. ਜ਼ੁਲਮ ਤਸ਼ੱਦਦ ਵਧ ਗਿਆ, ਮੱਚ ਗਈ ਹਾਹਾਕਾਰ।
ਗੁਰੂ ਨਾਨਕ ਨੂੰ ਕਹੁ ਲਾਲ, ਹਾਅ ਦਾ ਨਾਅਰਾ ਮਾਰ।

38. ਮਰ ਗਏ ਟੁੱਕ ਨੂੰ ਤਰਸਦੇ, ਮਗਰੋਂ ਕਰਨ ਸ਼ਰਾਧ।
'ਲਾਲ' ਏਥੇ ਸੁੱਖ ਮਾਣਦੇ ਜਿਸਦੀ ਨੇਕ ਔਲ਼ਾਦ।

39. ਪੌਣ, ਪਾਣੀ ਤੇ ਪ੍ਰਿਥਵੀ ਕੀਤੇ ਸੱਭ ਪਲੀਤ।
ਚੁਗਿਰਦਾ 'ਲਾਲ' ਸੁਆਰੀਏ ਆਓ ਰਲਕੇ ਮੀਤ।

40। ਬੰਦਿਆ ਕੁਲ਼ ਤੇ ਜਾਤ ਦਾ ਛੱਡ ਮਨੋਂ ਹੰਕਾਰ।
'ਲਾਲ'! ਛੱਡ ਚਲਾਕੀਆਂ ਜੁੜ ਗੁਰਬਾਣੀ ਨਾਲ।

# ਪੰਜਾਬੀ ਫ਼ਿਲਮ ਦਰਪਣ


ਅੰਮ੍ਰਿਤ ਪਵਾਰ

### 'ਜੱਟੀ ਪੰਦਰਾਂ ਮੁਰੱਬਿਆਂ ਵਾਲੀ'' ਆ ਰਹੀ ਹੈ

ਦੇਵੀ ਸ਼ਰਮਾ ਅੱਜ ਦੀ ਤਰੀਕ ਵਿੱਚ ਪੰਜਾਬੀ ਫ਼ਿਲਮਾਂ ਦਾ ਸਫ਼ਲ ਨਿਰਦੇਸ਼ਕ ਹੈ ਤੇ ਓਸ ਨੇ ਨਵੀਂ ਫ਼ਿਲਮ 'ਜੱਟੀ ਪੰਦਰਾਂ ਮੁਰੱਬਿਆਂ ਵਾਲੀ' ਮਲਟੀ ਸਟਾਰ ਕਾਸਟ ਨਾਲ ਤਿਆਰ



ਕਰ ਲਈ ਹੈ। ਫ਼ਿਲਮ ਦੀ ਕਹਾਣੀ ਵਿੱਚ ਖੁਸਬੂ ਭਰੀ ਏ ਖੁਸਬੂ ਸ਼ਰਮਾ ਨੇ ਤੇ ਤਿੰਨ ਸੰਗੀਤਕਾਰਾਂ ਨੇ 'ਜੱਟੀ ਪੰਦਰਾਂ ਮੁਰੱਬਿਆਂ ਵਾਲੀ' ਲਈ ਸੰਗੀਤ ਤਿਆਰ ਕੀਤਾ ਹੈ। ਇਹਨਾਂ ਵਿੱਚ ਗੁਰਮੀਤ ਸਿੰਘ ਤੇ ਹਰਿੰਦਰ ਸ਼ਾਮਿਲ ਹਨ। ਲੋਕ ਪ੍ਰਿਅ ਅਦਾਕਾਰਾ ਗੁਗਨੀ ਗਿੱਲ ਇਸ ਫ਼ਿਲਮ ਵਿੱਚ ਨਾਇਕਾ ਬਣ ਆਰੀਆ ਬੱਬਰ ਨਾਲ ਆ ਰਹੀ ਹੈ। ਗੁੱਗਨੀ ਦੀ ਸੁੰਦਰਤਾ ਦੇ ਨਾਲ ਮਲਕੀਤ ਰੌਣੀ, ਗੁਰਪ੍ਰੀਤ ਕੌਰ ਭੰਗੂ ਦੇ ਕਿਰਦਾਰ ਵੀ ਫ਼ਿਲਮ ਵਿੱਚ ਅਹਿਮ ਹੈ।ਦੇਵੀ ਸ਼ਰਮਾ ਨੇ ਫ਼ਿਲਮ ਦੀ ਫੋਟੋਗ੍ਰਾਫੀ ਵੀ ਆਪ ਕੀਤੀ ਹੈ ।ਗੁਗਨੀ ਗਿੱਲ ਇਸ ਫ਼ਿਲਮ ਨਾਲ ਪਾਲੀਵੁੱਡ ਵਿੱਚ ਫ਼ਿਰ ਸ਼ਾਨਦਾਰ ਕੰਮ ਕਰੇਗੀ ਇਹੀ ਉਮੀਦ ਸਾਰਿਆਂ ਨੂੰ ਹੈ।

### ਨਿਰਮਲ ਰਿਸ਼ੀ ਹੁਣ ਪਦਮ ਸ਼੍ਰੀ ਹੋ ਗਈ

ਕਿਸਮਤ ਚਮਕਦੀ ਏ ਤਾਂ ਉਮਰ ਨਹੀਂ ਵਿਹੰਦੀ ਤੇ



ਜਿਸ ਉਮਰ ਵਿੱਚ ਕਹਿੰਦੇ ਨੇ ਸ਼ੁੱਧ ਬੁੱਧ ਨਹੀਂ ਰਹਿੰਦੀ ਓਸ ਉਮਰ ਵਿੱਚ ਨਿਰਮਲ ਰਿਸ਼ੀ ਪੰਜਾਬੀ ਫ਼ਿਲਮਾਂ ਦੀ ਸਟਾਰ ਚਰਿਤ੍ਰ ਕਲਾਕਾਰ ਹੈ। ਅਹਿਮ ਪ੍ਰਾਪਤੀ ਮੈਡਮ ਰਿਸ਼ੀ ਤੇ ਸਾਰੀ ਪਾਲੀਵੁੱਡ ਲਈ ਕਿ ਨਿਰਮਲ ਰਿਸ਼ੀ ਨੂੰ 'ਪਦਮ ਸ਼੍ਰੀ' ਮਿਲਿਆ ਹੈ। ਇਸ ਸਨਮਾਨ ਨੂੰ ਅਜੇ ਤੱਕ ਪੰਜਾਬੀ ਫ਼ਿਲਮ ਨਗਰੀ ਵਿੱਚ ਕਿਸੇ ਨੇ ਘੱਟ ਹੀ ਦੇਖਿਆ ਸੁਣਿਆ ਹੈ। ਨਿਰਮਲ ਰਿਸ਼ੀ ਨੂੰ 'ਪਦਮ ਸ਼੍ਰੀ' ਮਿਲਣ ਤੇ ਦਰਸ਼ਨ ਔਲਖ, ਹੋਬੀ ਧਾਲੀਵਾਲ ਤੇ ਗਿੱਪੀ ਗਰੇਵਾਲ ਨੇ ਮੁਬਾਰਕਾਂ ਦਿੱਤੀਆਂ ਹਨ।

### ਅਮਰੀਕ ਰੰਧਾਵਾ ਨੂੰ ਪਛਤਾਵਾ ਤਾਂ ਹੈ

ਭਈਆ ਬਣ ਦੂਰਦਰਸ਼ਨ ਜਲੰਧਰ ਤੇ ਅਜਿਹਾ ਅਮਰੀਕ ਰੰਧਾਵਾ ਆਇਆ ਕਿ ਓਸ ਦੇ ਚੇਹਰੇ ਦੀ ਪਹਿਚਾਣ ਫ਼ਿਲਮ ਨਗਰੀ ਨੂੰ ਵੀ ਹੋਈ ਤੇ ਓਸ ਨੂੰ ਗੁਰਦੀਪ ਸੰਧੂ ਨੇ 'ਇਸ਼ਕ



ਮੁਹੱਬਤ' ਵਿੱਚ ਲਿਆ। ਇਸ ਤੋਂ ਬਾਅਦ ਨੀਰੂ ਬਾਜਵਾ ਤੋਂ ਯੋਗਰਾਜ ਸਿੰਘ ਤੇ ਰਣਜੀਤ ਬਾਵਾ ਨਾਲ ਵੀ ਓਸ ਨੇ ਫ਼ਿਲਮਾਂ ਕਰ ਕਿ ਆਪਣਾ ਨਾਂ ਚਮਕਾ ਲਿਆ। ਨਾਲ ਹੀ ਮੇਕ ਅੱਪ ਨਿਰਦੇਸ਼ਕ ਬਣ ਵੀ ਕੰਮ ਕੀਤਾ। ਅਮਰੀਕ ਰੰਧਾਵਾ ਨੂੰ ਪਛਤਾਵਾ ਇਸ ਗੱਲ ਦਾ ਹੈ ਕਿ ਓਹ ਜਦ ਸੁਦੇਸ਼ ਲਹਿਰੀ ਤੇ ਕਪਿਲ ਸ਼ਰਮਾ ਮੁੰਬਈ ਗਏ ਸਨ ਤਦ ਪੱਕਾ ਮੁੰਬਈ ਰਹਿੰਦਾ ਤਾਂ ਅੱਜ ਬਾਲੀਵੁੱਡ ਦਾ ਚਰਚਿਤ ਨਿਰਦੇਸ਼ਕ ਹੁੰਦਾ। ਖ਼ੈਰ ਅੱਜ ਓਹ ਲਘੂ ਫਿਲਮਾਂ ਵੀ ਕਰ ਰਿਹਾ ਹੈ ਤੇ ਪੰਜਾਬੀ ਫ਼ਿਲਮਾਂ ਵੀ ਓਸ ਨੂੰ ਮਿਲ ਰਹੀਆਂ ਹਨ। ਫਿਰ ਵੀ ਇਨਸਾਨ ਨੂੰ 'ਪਛਤਾਵਾ' ਰਹਿੰਦਾ ਹੈ ਤੇ ਜੇਕਰ ਘੁੱਗੀ ਤੇ ਬੀਨੂੰ ਢਿੱਲੋਂ ਦੀ ਤਰਾਂ ਅਮਰੀਕ ਰੰਧਾਵਾ ਨੂੰ ਵੱਡੇ ਕਿਰਦਾਰ ਤੇ ਬੈਨਰ ਮਿਲ ਗਏ ਤਾਂ ਇਹ ਪਛਤਾਵਾ ਖ਼ਤਮ ਹੋ ਜਾਏਗਾ।

### 'ਕਿਸ ਮੀ ਕਰਸ' ਪੰਜਾਬੀ ਇੰਦਰ ਦੀ

### ਹਾਲੀਵੁੱਡ ਫ਼ਿਲਮ

ਇੰਦਰ ਕੁਮਾਰ ਇਸ ਵੇਲੇ 160 ਹਾਲੀਵੁੱਡ ਫ਼ਿਲਮਾਂ



ਕਰ ਕਿ ਭਾਰਤੀ ਅਦਾਕਾਰ ਸਭ ਤੋਂ ਜਿਆਦਾ ਹਾਲੀਵੁੱਡ ਫ਼ਿਲਮਾਂ ਕਰਨ ਵਾਲਾ ਬਣ ਗਿਆ ਹੈ। ਇਹ ਵੀ ਮਜ਼ੇਦਾਰ ਗੱਲ ਹੈ ਕਿ ਇੰਦਰ ਨੇ ਕੋਈ ਪੰਜਾਬੀ ਜਾਂ ਹਿੰਦੀ ਫ਼ਿਲਮ ਨਹੀਂ ਕੀਤੀ। ਇੰਦਰ ਕੁਮਾਰ ਨੇ ਹੁਣ ਹਾਲੀਵੁੱਡ ਫਿਲਮ ਨਿਰਮਾਤਾ ਬਣ 2024 ਵਿੱਚ ਆਪਣੀ ਅਮਰੀਕਨ ਫ਼ਿਲਮ 'ਕਿਸ ਮੀ ਕਰਸ' ਸ਼ੁਰੂ ਕੀਤੀ ਹੈ। ਇਸ ਫ਼ਿਲਮ ਲਈ ਇੰਦਰ ਨੂੰ ਹਾਲੀਵੁੱਡ ਹੀਰੋ ਵਿਨ ਮਰਾਲੇਂ, ਵਿਨ ਡੀਜ਼ਲ, ਐਮਾ ਵਾਟਸਨ, ਸਕਾਰਲੇਟ ਸਮੇਤ ਹੋਰ ਸਟਾਰ ਕਲਾਕਾਰਾਂ ਨੇ ਮੁਬਾਰਕ ਦਿੱਤੀ ਹੈ।ਮਜ਼ਾ ਆ ਜਾਏ ਜੇਕਰ ਇਹ ਫ਼ਿਲਮ ਪੰਜਾਬੀ ਵਿੱਚ ਵੀ ਰਿਮੇਕ ਬਣ ਆਏ।

### ਦਲੇਰ ਮਹਿਤਾ ਅਨੁਸਾਰ ਡੇਰਵਾਦ 'ਤਬਾਹੀ' ਹੈ

ਪੰਜਾਬੀ ਫ਼ਿਲਮਾਂ ਦਾ ਸ਼ਾਨਦਾਰ ਸਿਤਾਰਾ ਹੈ ਦਲੇਰ ਮਹਿਤਾ ਜਿਸ ਦਾ ਕੰਮ ਆ ਰਹੀ ਫਿਲਮ 'ਤਬਾਹੀ ਰੀਲੋਡੇਡ' ਵਿੱਚ



ਕਾਫ਼ੀ ਹੈ ਤੇ ਉਸ ਨੇ ਇਸ ਲਈ ਨਾਰਵੇ ਰਹਿੰਦੇ ਫ਼ਿਲਮ ਦੇ ਨਿਰਮਾਤਾ ਬਲਬੀਰ ਟਾਂਡਾ ਤੇ ਇਕਬਾਲ ਢਿੱਲੋਂ ਨੂੰ ਧੰਨਵਾਦ ਦਿੱਤਾ ਹੈ। ਦਲੇਰ ਨੇ ਕਿਹਾ ਕਿ ਪੰਜਾਬ ਵਿੱਚ 'ਡੇਰਾਵਾਦ' ਦੀ ਬਿਮਾਰੀ ਨੇ ਸਾਰੇ ਧਰਮਾਂ ਨੂੰ ਢਾਹ ਲਾਈ ਹੈ ਤੇ ਇਹੀ ਇਸ ਫ਼ਿਲਮ ਵਿੱਚ ਦਿਖਾਇਆ ਗਿਆ ਹੈ। ਡੇਰੇ ਦੇ ਅਸਰਾਂ ਦੇ ਨਾਲ ਪੰਜਾਬ ਵਿੱਚ ਗੈਰ ਮੁਲਕੀ ਔਰਤ ਵੱਲੋਂ ਪ੍ਰਸਾਸ਼ਨ ਚਲਾਉਣ ਦਾ ਸੱਚ ਵੀ 'ਤਬਾਹੀ' ਜਿਹੜੀ ਮਾਰਚ ਮਹੀਨੇ ਆ ਰਹੀ ਹੈ ਵਿੱਚ ਦਿਖਾਇਆ ਗਿਆ ਹੈ। ਪੂਜਾ ਗਾਬਾ ਤੇ ਸਵਰਨ ਸਿੰਘ ਇਸ ਫ਼ਿਲਮ ਵਿੱਚ ਦਲੇਰ ਮਹਿਤਾ ਦੇ ਨਾਲ ਹਨ। ਬਾਕੀ ਦਲੇਰ ਮਹਿਤਾ ਇਸ ਫ਼ਿਲਮ ਨਾਲ ਇੰਡਸਟਰੀ ਦਾ ਨਾਮਵਰ ਕਲਾਕਾਰ ਬਣ ਜਾਏਗਾ।

### ਸ਼ਿਲਪਾ ਸ਼ੈਟੀ ਨੇ ਕਿਹਾ ਸੀ 'ਰਾਮ' ਚਮਕਾਏਗਾ 'ਭੋਗਪੁਰ' ਦਾ ਨਾਮ

ਕਿਸੇ ਵੇਲੇ ਕਹਿ ਦਿੱਤੀ ਤੇ ਸਿਆਣਿਆਂ ਅਨੁਸਾਰ ਕਿਸੇ ਵੇਲੇ ਮੂੰਹੋਂ ਕੱਢ ਦਿੱਤੀ ਗੱਲ ਸਹੀ ਹੋ ਜਾਂਦੀ ਹੈ। ਫ਼ਿਲਮੀ ਸਟਾਰ ਨਾਇਕਾ ਸ਼ਿਲਪਾ ਸ਼ੈਟੀ ਅਮਰੀਕਾ ਵਿਖੇ ਸ਼ੋ ਦੌਰਾਨ ਰਾਮ ਭੋਗ ਪੁਰੀਆ ਨੂੰ ਮਿਲੀ ਸੀ ਤੇ ਤਦ ਰਾਮ ਫ਼ਿਲਮੀ ਸਟਾਰ ਤੇ ਕਲਾਕਾਰਾਂ ਦੇ ਸ਼ੋ ਕਰਵਾਉਂਦੇ ਸਨ ਯੂ ਐਸ ਏ ਵਿੱਚ ਤਾਂ ਕਿਹਾ



ਸੀ ਕਿ ਤੁਸੀਂ ਰਾਮ ਇੱਕ ਦਿਨ ਪੰਜਾਬੀ ਹੀ ਨਹੀਂ ਬਲ ਕਿ ਬਾਲੀਵੁੱਡ ਦੇ ਵੀ ਰਿਸ਼ਮਾਂ ਵਾਂਗ ਚਮਕਦੇ ਸਿਤਾਰੇ ਹੋਵੋਗੇ। ਅੱਜ ਰਾਮ ਭੋਗਪੁਰ ਅਨੁਰਾਧਾ ਪੌਡਵਾਲ ਤੋ ਫਿਰੋਜ਼ ਖਾਨ ਤੇ ਜਸਪਿੰਦਰ ਨਰੂਲਾ ਤੋਂ ਪੰਮਾ ਮੱਲ੍ਹੀ ਤੱਕ ਹਿੰਦੀ ਪੰਜਾਬੀ ਕਲਾਕ-ਾਰਾਂ ਦੇ ਸੰਗੀਤ ਪੇਸ਼ਕਾਰ ਬਣ ਚਰਚਿਤ ਹਨ।ਸ਼ਿਲਪਾ ਦੇ ਕਥਨ ਅਨੁਸਾਰ ਜਲਦੀ ਰਾਮ ਹੁਣ ਫ਼ਿਲਮ ਨਿਰਮਾਣ ਵੱਲ ਹੋਣਗੇ ਤੇ ਸਭ ਤੋਂ ਜਿਆਦਾ ਖੁਸ਼ੀ ਕਸਬਾ ਭੋਗਪੁਰ ਨੂੰ ਹੋਏਗੀ।

## ਧੀਆਂ ਪੁੱਤਰ ਇੱਕ ਸਮਾਨ

ਧੀਆਂ ਪੁੱਤਰ ਇੱਕ ਸਮਾਨ
ਕੁੜੀਆਂ ਦੀ ਮਾਪਿਆਂ ਵਿੱਚ ਜਾਨ।

ਵੀਰਾਂ ਦੀ ਇਹ ਖੈਰ ਮੰਗਦੀਆਂ
ਸੁਖੀ ਰਹੇ ਇਹ ਕਹਿਣ ਜਹਾਨ।

ਪੁੱਤ ਅੱਡ ਹੋ ਜਾਇਦਾਦ ਮੰਗਣ
ਦੁੱਖ ਵੰਡਣ ਕੁੜੀਆਂ ਇਹ ਮਹਾਨ।

ਇਹਨਾਂ ਨੂੰ ਵੀ ਜੀਣ ਦਾ ਹੱਕ
ਦੇ ਦਿਓ ਵਿੱਦਿਆ ਦਾ ਦਾਨ।

ਧੀ ਦੇ ਬਾਪ ਦੀ ਹੁੰਦੀ "ਕੰਮੋ"
ਇਸ ਜੱਗ ਤੇ ਵੱਖਰੀ ਪਹਿਚਾਣ।

**ਕਰਮਜੀਤ ਕੌਰ, ਮਲੋਟ**




## ਨਿੰਦਕ ਹੋਣੇ ਜ਼ਰੂਰੀ ਹਨ, ਯੁਵੀ ਦਾ ਕੈਂਸਰ ਤੋਂ ਠੀਕ ਹੋਣਾ ਚਮਤਕਾਰ ਨਹੀਂ ਤਾਂ ਹੋਰ ਕੀ-ਯੋਗਰਾਜ ਸਿੰਘ

ਅੱਜ ਓਹ ਗੱਲਾਂ ਜਿਹੜੀਆਂ ਕਈਆਂ ਨੂੰ ਬਹੁਤ ਕੌੜੀਆਂ ਲੱਗਣਗੀਆਂ ਤੇ ਬੇਬਾਕ ਗੱਲਾਂ ਯੋਗਰਾਜ ਸਿੰਘ ਨਾਲ ਹੋਈਆਂ ਜਿਹਨਾਂ ਦਾ ਵਰਣਨ ਇਥੇ ਕਰ ਰਹੇ ਹਾਂ ਤੇ ਇਹ ਸਾਰੇ ਜਾਣਦੇ ਨੇ ਕਿ ਫ਼ਿਲਮ ਐਕਟਰ,



ਸਾਬਕਾ ਕ੍ਰਿਕਟਰ ਤੇ ਸਿਕ੍ਸਰ ਕਿੰਗ ਯੁਵਰਾਜ ਸਿੰਘ ਦੇ ਪਿਤਾ ਯੋਗਰਾਜ ਸਿੰਘ ਹਨ ਤੇ ਪਤਨੀ ਨੀਨਾ ਬੁੰਧੇਲ ਤੇ ਬੇਟੇ ਵਿਕਟਰ ਯੋਗਰਾਜ ਸਿੰਘ ਤੇ ਬੇਟੀ ਐਮੀ ਨਾਲ ਚੰਡੀਗੜ੍ਹ ਰਹਿ ਰਹੇ ਹਨ ਪਰ ਰੱਬ ਨਾਲ ਨਾਤਾ, ਪਰਿਵਾਰਕ ਜ਼ਿੰਮੇਵਾਰੀਆਂ ਪੂਰੀਆਂ ਪਰ ਰਹਿਣਾ ਫ਼ਕੀਰਾਂ ਵਾਂਗ ਯੋਗਰਾਜ ਸਿੰਘ ਦੀ ਅੱਜ ਦੀ ਜ਼ਿੰਦਗੀ ਹੈ। ਪਹਿਲੀ ਗੱਲ ਓਹਨਾਂ ਕਹੀ ਕਿ ਮੇਰੇ ਪਿਤਾ ਜੀ ਦੀ ਉਮਰ 60 ਸਾਲ ਤੋਂ ਉੱਪਰ ਸੀ ਮਾਤਾ ਜੀ ਜਵਾਨ ਤੇ ਮਾਤਾ ਜੀ ਦੀ ਨੰਗੇ ਪੈਰੀਂ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਦੇ ਅਸਥਾਨ ਜਾਣਾ ਤੇ ਓਹਨਾਂ ਦੀ ਅਸੀਸ ਨਾਲ ਜਨਮ ਹੋਇਆ ਤੇ ਨਾਂ ਯੋਗਰਾਜ ਸਿੰਘ ਵੀ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦਿੱਤਾ। ਦੂਜੀ ਗੱਲ ਮੈਂ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਸਪੁੱਤਰ ਹਾਂ, ਸੰਤਾਂ ਨੇ ਕਿਹਾ ਸੀ ਕਿ ਬਾਬਾ ਦੀਪ ਸਿੰਘ ਜੀ ਨਾਲ ਰਹਿੰਦੇ ਸ਼ਹੀਦ ਸਿੰਘ ਦਾ ਪੁੱਤਰ ਯੋਗਰਾਜ ਸਿੰਘ ਬਣ ਆਏਗਾ। ਇਹਨਾਂ ਗੱਲਾਂ ਤੇ ਜਿਹੜੇ ਨਿੰਦਾ ਕਰਦੇ ਨੇ ਓਹ ਗੁਰੂ ਨਾਨਕ ਦੇਵ ਜੀ ਦੀ ਗੱਲ ਮੁਤਾਬਿਕ ਵੱਸਦੇ ਰਹਿਣ ਤਾਂ ਕਿ ਇਹ ਪਾਪੀ ਲੋਕ ਹੋਰ ਕਿਤੇ ਨਾ ਜਾਣ ਤੇ ਇਸ ਤਰਾਂ ਉੱਜੜ ਜਾਓ ਦਾ ਵਰ ਲੈਣ ਵਾਲੇ ਅੱਜ ਉੱਜੜ ਕਿ ਵਿਦੇਸ਼ ਜਾ ਵੱਸੇ ਤੇ ਗੁਰੂ ਘਰ ਦੀ ਬਖਸੀਸ ਅੱਗੇ ਤੋਰ ਰਹੇ ਹਨ। ਤੀਜੀ ਗੱਲ



ਓਹਨਾਂ ਕਹਿ ਦਿੱਤੀ ਕਿ ਮੈਨੂੰ ਪਹਿਲੀ ਪਤਨੀ ਯੁਵਰਾਜ ਸਿੰਘ ਜਿਹਾ ਹੀਰਾ ਦੇ ਗਈ ਹੋਰ ਕੀ ਦਿੰਦੀ। ਚੋਥੀ ਗੱਲ ਯੋਗਰਾਜ ਸਿੰਘ ਨੇ ਕਹਿ ਦਿੱਤੀ ਕਿ ਯੁਵਰਾਜ ਸਿੰਘ ਨੂੰ ਕੈਂਸਰ ਹੋ ਗਿਆ, ਬਚਣ ਦੀ ਆਸ ਨਹੀਂ ਤੇ ਓਹ ਠੀਕ ਹੋ ਕ੍ਰਿਕਟ ਖੇਡ ਗਿਆ ਅਜਿਹੀ ਕਿ ਸਿਕਸਰ ਕਿੰਗ ਬਣਿਆ ਇਹ ਚਮਤਕਾਰ ਨਹੀਂ ਗੁਰੂ ਮਹਾਰਾਜ ਦਾ ਤਾਂ ਹੋਰ ਕੀ ਹੈ। ਪੰਜਵੀਂ ਗੱਲ ਕਿ ਕਪਿਲ ਦੇਵ ਹੋਰਾਂ ਬਿਸ਼ਨ ਸਿੰਘ ਬੇਦੀ ਨੇ ਧੋਖਾ ਕੀਤਾ ਤੇ ਅੱਜ ਕਪਿਲ ਦੇਵ ਕੋਲ ਔਲਾਦ ਨਹੀਂ ਹੈ ,ਓਹ ਨਹੀਂ ਸੀ ਮਾੜਾ ਓਸ ਦੇ ਭਰਾ ਤੇ ਦੋਸਤ ਓਸ ਨੂੰ ਮਾੜਾ ਕਰ ਗਏ। ਬਾਕੀ ਗੱਲ ਯੋਗਰਾਜ ਸਿੰਘ ਨੇ ਇਹ ਕਹੀ ਕਿ ਜੇਕਰ ਇਹ ਜਨਮ ਮਿਲਿਆ ਤਾਂ ਪਿਛਲੇ ਜਨਮਾਂ ਦੀ ਤਪੱਸਿਆ ਹੈ ਜਾਂ ਫਿਰ ਰੱਬ ਤਾਂ ਭੇਜਦਾ ਕਿ ਜਾਹ ਕੁੱਝ ਕਰ ਤੇ ਜਾਂ



ਫਿਰ ਕਰਮਾਂ ਦਾ ਲੇਖਾ ਜੋਖਾ।ਇਹ ਵੀ ਓਹਨਾਂ ਕਿਹਾ ਕਿ ਮੇਰੇ ਨਾਲ ਸ਼ਹੀਦ ਸਿੰਘ ਚਲਦੇ ਨੇ ਬਾਬਾ ਦੀਪ ਸਿੰਘ ਜੀ ਦਾ ਪੁੱਤਰ ਹਾਂ ਓਹ ਮੇਰੀ ਰਾਖੀ ਆਪ ਕਰਦੇ ਹਨ। ਸਿਰ ਤੇ ਦਮਾਲਾ ਸਜਾ ਇਥੇ ਭੈੜੇ ਕੰਮ ਕਰਨ ਵਾਲੇ ਬਹੁਤ ਹਨ। ਯੋਗਰਾਜ ਸਿੰਘ ਇਸ ਸਮੇਂ ਫ਼ਿਲਮਾਂ ਵਿੱਚ ਵੀ ਰੁੱਝੇ ਹੋਏ ਨੇ ਤੇ ਗਰਾਊਂਡ ਜਾ ਕਿ ਬੱਚਿਆਂ ਨੂੰ ਕ੍ਰਿਕਟ ਵੀ ਸਿਖਾਉਂਦੇ ਹਨ।ਅਲੱਗ ਥਾਂ ਤੇ ਇੱਕ ਕਮਰਾ ਓਹਨਾਂ ਬਾਬਾ ਦੀਪ ਸਿੰਘ ਜੀ ਦਾ ਬਣਾਇਆ ਹੈ ਤੇ ਦੂਸਰੇ ਵਿੱਚ ਆਪ ਰਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਤੇ ਆਸਥਾ ,ਹਰ ਧਰਮ ਦਾ ਸਤਕਾਰ ਹੈ ਤੇ ਫ਼ਕੀਰਾਂ ਵਾਂਗ ਰਹਿੰਦੇ ਨੇ ਤੇ ਆਖਦੇ ਨੇ ਕਿ ਓਹਨਾਂ ਨਾਲ ਕੋਈ ਠੱਗੀ ਕਰੇ ਆਪ ਹੀ ਪਤਾ ਚਲ ਜਾਏਗਾ ।ਜੇਕਰ ਚੰਗਾ ਕੀਤਾ ਹੈ ਤਾਂ ਓਸ ਦਾ ਵੀ ਪਤਾ ਚਲ ਜਾਏਗਾ। ਬੇਬਾਕ ਤੇ ਮੂੰਹ ਤੇ ਗੱਲ ,ਬੜਕ ਸ਼ੇਰ ਵਾਲੀ ਤੇ ਬੰਦਗੀ ਅਕਾਲ ਪੁਰਖ ਦੀ ਯੋਗਰਾਜ ਸਿੰਘ ਦਾ ਇਹ ਨਿੱਤਨੇਮ ਹੈ।

**-ਅੰਮ੍ਰਿਤ ਪਵਾਰ**

# Raja

## SWEETS & CATERING

AUTHORIZED CATERER FOR MAJOR 5-STAR HOTELS



**ITEMS SERVING**

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**

Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK **(510) 489-9100**
CELL **(510) 715-1619**

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

# Kash FABRICS

**ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ**



## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

## KASH FABRICS

ONE STOP SHOPPING CENTRE
29576 Mission Blvd Hayward. Ca 94544
www.kashfabrics.com
**Tel: 510-538-1138**



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
**831-623-4702**

20% OFF LABOUR
on your next qualifying service

Car Care You Can Trust